ਅੰਗ ੧੩੮੫ = ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
੧ਓ ਤੋਂ ਗੁਰਪ੍ਰਸਾਦਿ ਤਕ ਅਰਥ ਪਿੱਛੇ ਹੋ ਚੁਕੇ ਹਨ

ਸਵਯੇ ਸ੍ਰੀ ਮੁਖ ਬਾਕ੍ ਮਹਲਾ ੫ ॥ ਇਹ ਮੁਖਬਾਕ ਸਵੱਈਏ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਹੋਏ ਹਨ। ਜਿਨ੍ਹਾਂ ਦੀ ਗਿਣਤੀ ੯+੧੧ = ੨੦ ਹੈ। ਅੱਗੇ ੧੩੮੯ ਅੰਗ ਤੋਂ ਭੱਟਾਂ ਦੇ ਉਚਾਰਣ ਕੀਤੇ ਹੋਏ ਸਵੱਈਏ ਸ਼ੁਰੂ ਹੁੰਦੇ ਹਨ। ਭੱਟ ਬੜੇ ਵਿਦਵਾਨ ਵੇਦ ਸ਼ਾਸਤ੍ਰਾਂ ਦੇ ਗਿਆਤਾ ਸਨ। ਪੰਜਾਬ ਦੇ ਭੱਟ ਕੌਸ਼ਿਸ ਗੋਤ ਦੇ ਸਾਰਸੁਤ ਬ੍ਰਹਮਣ ਸਨ। ਇਨ੍ਹਾਂ ਦੇ ਵੱਡੇ ਵਡੇਰੇ ਸਰਸੁਤੀ ਨਦੀ ਦੇ ਕੰਢੇ ਵਸਦੇ ਸਨ। ਹੌਲੀ ਹੌਲੀ ਪ੍ਰਵਾਰ ਵਧਦੇ ਗਏ ਤੇ ਇਧਰ ਉਧਰ ਫੈਲ ਗਏ। ਹੁਣ ਵੀ ਸਰਸੁਤੀ ਦੇ ਕੰਢੇ ਪਿੰਡ ਤਲੌਂਡਾ (ਪਰਗਣਾ ਜੀਂਦ) ਵਿਚ, ਭਾਦਸੋਂ, ਕਰਸਿੰਧੂ ਆਦਿ ਪਿੰਡਾਂ ਵਿਚ ਭੱਟਾਂ ਦੇ ਕਈ ਪ੍ਰਵਾਰ ਵਸਦੇ ਹਨ। ਕੁਛ ਭੱਟਾਂ ਦੇ ਪ੍ਰਵਾਰ ਜਗਾਧਰੀ ਸਹਾਰਨਪੁਰ ਦੇ ਇਲਾਕਿਆਂ ਵਿਚ ਵੀ ਰਹਿੰਦੇ ਹਨ। ਕਰਸਿੰਧੂ ਵਾਲੇ ਭੱਟ ਭਾਈ ਸੰਤ ਸਿੰਘ ਦੀ ਵਹੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਵੱਈਆਂ ਦੇ ਲਿਖਾਰੀ ਭੱਟਾਂ ਦੀਆਂ ਕਈ ਪੀੜ੍ਹੀਆਂ ਦਾ ਵੇਰਵਾ ਗਿ: ਗਰਜਾ ਸਿੰਘ ਨੇ ਖੋਜਿਆ ਹੈ। ਭਾਈ ਸੰਤ ਸਿੰਘ ਦੇ ਵੱਡੇ ਵਡੇਰੇ ਪੰਜਾਬ ਵਿਚ ਸੁਲਤਾਨ ਪੁਰ ਆ ਵਸੇ ਸਨ। ਇਨ੍ਹਾਂ ਵਿਚੋਂ ਭਾਈ ਭਿੱਖਾ ਅਤੇ ਭਾਈ ਟੋਡਾ ਗੁਰੂ ਅਮਰਦਾਸ ਜੀ ਦੇ ਸਿਖ ਬਣੇ। ਭਿਖਾ ਟੋਡਾ ਭਟ ਦੋਇ, ਧਾਰੂ ਸੂਦ ਮਹਲ ਤਿਸ ਭਾਰਾ (ਭਾ: ਗੁ: ਵਾਰ ੧੧)। ਸਿਖ ਇਤਹਾਸ ਵਿਚ ਭਿੱਖੇ ਨੂੰ ਭੱਟਾਂ ਦਾ ਜਥੇਦਾਰ ਲਿਖਿਆ ਹੈ। ਸੰਪ੍ਰਦਾਵਾਂ ਇਨ੍ਹਾਂ ਭੱਟਾਂ ਨੂੰ ਵੇਦਾਂ ਦਾ ਅਵਤਾਰ ਆਖ ਰਹੇ ਹਨ ਤੇ ਭਿਖੇ ਨੂੰ ਬ੍ਰਹਮਾ ਦਾ ਅਵਤਾਰ। ਭਾਈ ਸੰਤ ਸਿੰਘ ਦੀ ਵਹੀ ਅਨੁਸਾਰ ਰਈਏ ਦੇ ਛੇ ਪੁਤ੍ਰ ਸਨ = ਭਿੱਖਾ, ਸੇਖਾ, ਤੋਖਾ, ਗੋਖਾ, ਚੋਖਾ ਤੇ ਟੋਡਾ। ਭਿੱਖੇ ਦੇ ਪੁਤ੍ਰ = ਕੱਲ੍ਹ, ਮਥੁਰਾ, ਜਾਲਪ, ਕੀਰਤ, ਮਲੀਆ ਤੇ ਦਲੀਆ। ਸੇਖੇ ਦੇ ਪੁਤ੍ਰ = ਸੱਲ, ਭੱਲ ਤੇ ਟੱਲ। ਤੋਖੇ ਦੇ ਪੁਤ੍ਰ = ਦਾਸ, ਬਲ ਤੇ ਗੰਗ। ਗੋਖੇ ਦੇ ਪੁਤ੍ਰ = ਹਰਬੰਸ ਤੇ ਸੇਵਕ ਅਤੇ ਸੇਵਕ ਦਾ ਪੁਤ੍ਰ ਜਲ੍ਹ ਸੀ। ਚੋਖੇ ਦੇ ਪੁਤ੍ਰ = ਕਲਸਹਾਰ ਤੇ ਗਯੰਦ। ਭਿੱਖੇ ਦੇ ਪੁਤ੍ਰ ਕੀਰਤ ਦਾ ਪੁਤ੍ਰ ਬੋਹਥ ਸੀ। ਅੱਗੇ ਬੋਹਥ ਦੇ ਪੁਤ੍ਰ ਕੇਸੋ ਸਿੰਘ, ਹਰੀ ਸਿੰਘ ਤੇ ਦੇਸੂ ਸਿੰਘ ਹੋਏ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਹੋਏ ਹਨ। ਕੇਸੋ ਸਿੰਘ ਦੇ ਪੁਤ੍ਰ ਸਿਵਲਾਲ ਸਿੰਘ ਤੇ ਨਰਬਦ ਸਿੰਘ ਹੋਏ ਹਨ। ਇਹ ਸਾਰੇ ਸਿੰਘ ਸਜ ਕੇ ਅੱਗੇ ਜਜਮਾਨਾਂ ਵਿਚ ਵੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਸੋ ਗੁਰੂ ਅਮਰ ਦਾਸ ਜੀ ਤੋਂ ਲੈ ਕੇ ਇਨ੍ਹਾਂ ਭੱਟਾਂ ਦਾ ਸਬੰਧ ਗੁਰੂ ਘਰ ਨਾਲ ਜੁੜਿਆ ਰਿਹਾ। ਮਹਿਮਾਂ ਪ੍ਰਕਾਸ਼ ਦਾ ਕਰਤਾ ਲਿਖਦਾ ਹੈ ਕਿ {ਭੀਖਾ ਭਟ ਸੁਲਤਾਨਪੁਰ ਵਾਸੀ, ਹਰਿ ਕੀ ਭਗਤਿ ਫਿਰੈ ਜਗਿਆਸੀ ।ਜਬ ਭਿਖੇ ਉਸਤਤਿ ਗੁਰ ਕਰੀ, ਸੁਨਿ ਪ੍ਰਸੰਨ ਭਏ ਤਬਿ ਹਰੀ}। ਇਨ੍ਹਾਂ ਵਿਚੋਂ ਕਈ ਜੋਧੇ ਵੀ ਹੋਏ ਹਨ। ਕੀਰਤ ਭੱਟ ਗੁਰੂ ਹਰਿ ਗੋਬਿੰਦ ਜੀ ਦੇ ਸਮੇਂ ਅੰਮ੍ਰਿਤਸਰ ਵਾਲੀ ਜੰਗ ਵਿਚ ਲੜਦਾ ਹੋਇਆ ੧੭ ਵਿਸਾਖ ੧੬੯੧ ਬਿ: ਨੂੰ ਸ਼ਹੀਦ ਹੋ ਗਿਆ ਸੀ। ਭਿੱਖਾ ਭਟ ਆਪ ਵੀ ਗੁਰੂ ਅਮਰਦਾਸ ਜੀ ਦੀ ਸ਼ਰਣ ਵਿਚ ਆਉਣ ਦੀ ਗਵਾਹੀ ਦਿੰਦਾ ਹੈ {ਰਹਿਓ ਸੰਤ ਹਉ ਟੋਲਿ..੧੩੯੫}। ਭੱਟਾਂ ਦੀ ਗਿਣਤੀ ਬਾਰੇ ਮੱਤ ਭੇਦ ਹਨ। ਸੰਪ੍ਰਦਾਈ ਵਿਦਵਾਨ, ਭੱਟਾਂ ਦੀ ਗਿਣਤੀ ੧੭ ਦੱਸਦੇ ਹਨ, ਅਧੁਨਿਕ ਪ੍ਰੋਫੈਸਰ ਤਬਕਾ ੧੧ ਦਸਦਾ ਹੈ। ਇਹ ਸਾਰੇ ਭੱਟ ਇਕੱਠੇ ਨਹੀ ਆਏ, ਕੁਝ ਭੱਟਾਂ ਨੂੰ ਭਿੱਖਾ ਜੀ ਅਪਣੇ ਨਾਲ ਲੈ ਕੇ ਗੁਰੂ ਅਮਰਦਾਸ ਜੀ ਦੀ ਸ਼ਰਣ ਵਿਚ ਆਇਆ। ਕੁਛ ਭੱਟ ਗੁਰੂ ਰਾਮਦਾਸ ਦਾਸ ਜੀ ਦੇ ਵੇਲੇ ਅਤੇ ਕੁਛ ਗੁਰੂ ਅਰਜਨ ਦੇਵ ਜੀ ਦੇ ਵੇਲੇ ਆਏ। ਭਿਖਾ ਭੱਟ ਬਜੁਰਗ ਹੋਣ ਕਰਕੇ ਸਾਰੇ ਅਪਣਾ ਸਰਦਾਰ ਜਰੂਰ ਉਸੇ ਨੂੰ ਮੰਨਦੇ ਹੋਣਗੇ। ਪਰ ਖੋਜੀਆਂ ਅਨੁਸਾਰ ਵਿਦਵਾਨ ਜਿਆਦਾ ਕੱਲ੍ਹ ਭੱਟ ਹੈ। ਇਸ ਦੇ ਰਚੇ ਸਵੱਈਏ ਸਭ ਤੋਂ ਵਧ ਹਨ, ੧੨੩ ਸਵੱਈਆਂ ਵਿਚੋਂ ੫੪ ਸਵੱਈਏ ਕੱਲ੍ਹ ਜੀ ਦੇ ਹੀ ਹਨ, ਇਹ ਅਪਣੇ ਨਾਮ ਦੇ ਨਾਲ ਕਵਿ ਜਾਂ ਕਬਿ ਲਿਖਦਾ ਹੈ। ਇਹ ਮੁਗਲ ਕਾਲ ਦਾ ਅੱਛਾ ਪ੍ਰਸਿਧ ਕਵੀ ਸੀ। ਸਵੱਈਆਂ ਦੀ (ਕਾਵਿ) ਰਚਨਾ ਅਤੇ ਵਿਦਵਤਾ ਦੇ ਲਿਹਾਜ ਨਾਲ ਕਲਯ ਸਭ ਤੋਂ ਮੋਹਰੀ ਸੀ। ਭੱਟਾਂ ਨੇ ਸਵੱਯਾਂ ਵਿਚ ਵਡਿਆਈ ਗੁਰੂ ਜੋਤ ਦੀ ਕੀਤੀ ਹੈ, ਜੋ ਜੁਗਾਂ ਜੁੱਗਾਂ ਤੋਂ ਵਰਤਦੀ ਆ ਰਹੀ ਹੈ। {ਗੁਰੁ ਪਰਮੇਸਰੁ ਏਕੋ ਜਾਣੁ ੮੬੪}, ਗੁਰੂ ਜੀ ਦੇ ਰੂਪ ਵਿਚ ਅਕਾਲ ਪੁਰਖ ਦਾ ਜਸ ਕੀਤਾ ਹੈ। ਭੱਟਾਂ ਨੇ ਗੁਰੂ ਜੀ ਤੋਂ ਪਹਿਲਾਂ ਹੋ ਚੁੱਕੇ ਮਹਾਂ ਪੁਰਖਾਂ ਵਿਚ ਵੀ ਉਸੇ ਪ੍ਰਕਾਸ਼ ਨੂੰ ਦੇਖ ਕੇ ਉਸਦਾ ਜਸ ਗਾਇਆ ਹੈ। {ਸਤਿਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ। (੧੩੯੦)

ਆਦਿ ਪੁਰਖ ਕਰਤਾਰ, ਕਰਣ ਕਾਰਣ ਸਭ ਆਪੇ ॥ ਸਰਬ ਰਹਿਓ ਭਰਪੂਰਿ, ਸਗਲ ਘਟ ਰਹਿਓ ਬਿਆਪੇ ॥ ਹੇ ਕਰਤਾਰ! ਹੇ ਅਕਾਲ ਪੁਰਖ! (ਦਿਸਦੇ ਅਣ ਦਿਸਦੇ ਪਸਾਰੇ ਦਾ) ਤੂੰ ਆਦਿ ਹੈਂ, ਸਾਰੇ ਕਾਰਣਾਂ ਦਾ ਕਰਨ ਵਾਲਾ ਵੀ ਆਪ ਹੀ ਹੈ (ਜਗਤ ਦਾ ਕਾਰਣ ਰੂਪ ਵੀ ਆਪ ਹੀ ਹੈ, ਤੇ ਕਾਰਣ ਦਾ ਕਾਰਜ ਸਭ ਕੁਛ ਆਪ ਹੀ ਹੈ। ਰਚਨਾ ਤੋਂ ਅਲੱਗ ਨਹੀ) ਸਾਰੀ (ਰਚਨਾ ਵਿਚ) ਵਿਆਪਕ ਹੈ, ਸਭ ਜੀਵਾਂ ਵਿਚ ਵੀ ਵਿਆਪਕ ਹੋ ਰਿਹਾ ਹੈ।

ਬ੍ਯਾਪਤੁ ਦੇਖੀਐ ਜਗਤਿ, ਜਾਨੈ ਕਉਨੁ ਤੇਰੀ ਗਤਿ, ਸਰਬ ਕੀ ਰਖ੍ਯਾ ਕਰੈ, ਆਪੇ ਹਰਿ ਪਤਿ ॥ ਅਬਿਨਾਸੀ ਅਬਿਗਤ, ਆਪੇ ਆਪਿ ਉਤਪਤਿ ॥ ਸਾਰੇ ਜਗਤ ਵਿਚ ਵਿਆਪਕ ਦੇਖੀਦਾ ਹੈ (ਤੇਰੀ ਇਸ ਕਰਨ ਕਾਰਣ ਅਤੇ ਵਿਆਪਕਤਾ ਦੀ) ਅਵਸਥਾ ਨੂੰ ਕੌਣ ਜਾਣ ਸਕਦਾ ਹੈ, ਤੂੰ ਆਪ ਹੀ (ਸਭ ਦਾ) ਮਾਲਕ ਹੋ ਕੇ ਸਭ ਜੀਵਾਂ ਦੀ ਰਖਿਆ ਵੀ ਕਰਦਾ ਹੈਂ। ਤੂੰ ਨਾਸ਼ ਤੋਂ ਰਹਿਤ ਹੈਂ, ਅਵਿਅਕਤ

(ਅਕਾਰ ਰਹਿਤ) ਹੈਂ, ਤੇਰੀ ਉਤਪਤੀ ਤੇਰੇ ਅਪਣੇ ਆਪ ਤੋਂ ਹੀ ਹੋਈ ਹੈ।

ਏਕੈ ਤੂਹੀ ਏਕੈ, ਅਨ ਨਾਹੀ ਤੁਮ ਭਤਿ ॥ ਹਰਿ ਅੰਤੁ ਨਾਹੀ ਪਾਰਾਵਾਰੁ ,ਕਉਨੁ ਹੈ ਕਰੈ ਬੀਚਾਰੁ, ਜਗਤ ਪਿਤਾ ਹੈ, ਸ੍ਰਬ ਪ੍ਰਾਨ ਕੋ ਅਧਾਰੁ ॥ ਇਕੋ ਕੇਵਲ ਤੂੰ ਹੀ ਇਕ ਹੈਂ, ਤੇਰੇ ਵਰਗਾ ਹੋਰ ਕੋਈ ਨਹੀਂ।ਹੇ ਹਰੀ! ਤੇਰੇ ਪਾਰ ਤੇ ਉਰਾਰ ਦਾ ਅੰਤ ਨਹੀ, ਕੌਣ (ਮਨੁੱਖ ਹੈ ਜੋ ਅਨੰਤ ਦਾ) ਬਿਚਾਰ ਕਰ ਸਕੇ, ਤੂੰ ਜਗਤ ਦਾ ਪਿਤਾ ਹੈਂ ਅਤੇ ਸਭ ਦੇ ਪ੍ਰਾਣਾਂ ਦਾ ਆਸਰਾ ਹੈਂ (ਸਭ ਜੀਵਾਂ ਦੇ ਪ੍ਰਾਣ ਤੇਰੀ ਸੱਤਾ ਨਾਲ ਚਲਦੇ ਹਨ)।

ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ, ਬਲਿ ਬਲਿ, ਸਦ ਬਲਿਹਾਰਿ ॥੧॥ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ (ਹਰੀ ਦਾ) ਸੇਵਕ ਭਗਤ ਗੁਰੂ ਨਾਨਕ (ਹਰੀ ਦੇ) ਦਰ ਤੇ ਪ੍ਰਵਾਨ ਹੋਇਆ ਹੈ, ਤੇ ਹਰੀ ਵਰਗਾ ਹੈ (ਹਰੀ ਤੇ ਗੁਰੂ ਨਾਨਕ ਵਿਚ ਕੋਈ ਅੰਤਰ ਨਹੀ), ਮੇਰੀ ਇਕ ਜੀਭ (ਤੇਰੀ ਜਾਂ ਗੁਰੂ ਨਾਨਕ ਦੇਵ ਜੀ ਦੀ ਉਪਮਾ) ਕੀ ਬਿਆਨ ਕਰ ਸਕਦੀ ਹੈ? ਹਾਂ (ਇਸ ਭੇਦ ਨੂੰ ਜਾਣ ਕੇ) ਮੈਂ ਤਾਂ ਤਨ ਮਨ ਅਤੇ ਬਾਣੀ ਕਰਕੇ ਸਦਾ ਹੀ ਬਲਹਾਰ ਜਾਂਦਾ ਹਾਂ।੧।

ਪਦਾਰਥ = ਆਦਿ ਪੁਰਖ-ਸਭ ਦਾ ਮੂਲ ਅਕਾਲ ਪੁਰਖ।ਕਰਣ ਕਾਰਣ-ਸਾਰੇ ਕਾਰਣਾਂ ਨੂੰ ਕਰਨ ਵਾਲਾ।ਸਰਬ-ਸਭ ਜਗ੍ਹਾ।ਭਰਪੂਰਿ -ਪਰੀਪੂਰਣ।ਸਗਲ ਘਟ-ਸਾਰੇ ਜੀਵਾਂ ਵਿਚ।ਬਿਆਪੇ-ਵਿਆਪਕ।ਬ੍ਯਾਪਤ-(ਬਿਆਪਤ ਪੜ੍ਹੋ) ਵਿਆਪਕ (ਪਸਰਿਆ ਹੋਇਆ)। ਗਤਿ-ਅਵਸਥਾ।ਪਤਿ-ਪਤੀ (ਹਰੀ); ਮਾਲਕ।ਅਬਿਨਾਸੀ-ਨਾਸ਼ ਰਹਿਤ।ਅਬਿਗਤ-ਸਰੀਰ ਰਹਿਤ (ਅਵਿਅਕਤ)। ਉਤਪਤਿ- ਪੈਦਾਇਸ਼।ਅਨ-ਹੋਰ।ਭਤਿ-ਭਾਂਤ; ਵਰਗਾ।ਪਾਰਾਵਾਰ-ਹਦ ਬੰਨਾ; ਪਾਰ ਤੇ ਉਰਾਰ।ਅਧਾਰੁ-ਆਸਰਾ।ਦਰਿ-ਦਰ ਉਤੇ।ਤੁਲਿ- ਵਿਚਾਰਿਆ; ਪ੍ਰਵਾਣ।ਹਾਂ ਕਿ-ਹਾਂ ਜੀ (ਟੇਕ ਹੈ, ਇੰਨਾ ਕੁ ਕਹਿ ਸਕਦਾ) ਹਾਂ ਕਿ।ਸਦ-ਸਦਾ।੧।

ਅੰਮ੍ਰਿਤ ਪ੍ਰਵਾਹ ਸਰਿ, ਅਤੁਲ ਭੰਡਾਰ ਭਰਿ, ਪਰੈ ਹੀ ਤੇ ਪਰੈ, ਅਪਰ ਅਪਾਰ ਪਰਿ ॥ (ਹੇ ਪ੍ਰਭੂ! ਤੇਰੇ) ਅੰਮ੍ਰਿਤ ਸਰੋਵਰ ਵਿਚੋਂ (ਨਾਮ ਜਲ ਦੇ) ਪ੍ਰਵਾਹ ਚਲ ਰਹੇ ਹਨ (ਜਿਵੇਂ ਵੱਡੇ ਸਰੋਵਰ ਵਿਚੋਂ ਪਾਣੀ ਚਲ ਕੇ ਛੋਟੇ ਤਲਾ ਵਿਚ ਪੈਂਦਾ ਹੈ; ਤੂੰ) ਅੰਮ੍ਰਿਤ ਪ੍ਰਵਾਹ ਦਾ ਸਰੋਵਰ ਹੈਂ, ਤੇਰੇ ਨਾ ਤੋਲੇ ਜਾਣ ਵਾਲੇ ਭੰਡਾਰੇ ਭਰੇ ਪਏ ਹਨ, ਤੂੰ ਪਰੇ ਤੋਂ ਪਰੇ (ਦੇਸ਼ ਕਾਲ ਦੀ ਹੱਦ ਤੋਂ ਪਰੇ) ਹੈਂ, ਬੇਅੰਤ ਹੈਂ (ਉਰਾਰ ਪਾਰ ਤੋਂ ਵੀ ਪਰੇ ਹੈਂ, ਸੰਸਾਰੀ ਸਰੋਵਰ ਦਾ ਤਾਂ ਕੋਈ ਉਰਲਾ ਪਰਲਾ ਕੰਢਾ ਹੁੰਦ ਹੈ, ਪਰ ਹਰੀ ਰੂਪ ਸਰੋਵਰ ਦਾ ਕੋਈ ਹੱਦ ਬੰਨਾ ਨਹੀਂ)।

ਆਪੁਨੋ ਭਾਵਨ ਕਰਿ, ਮੰਤ੍ਰਿ ਨ ਦੂਸਰੋ ਧਰਿ, ਓਪਤਿ ਪਰਲੌ, ਏਕੈ ਨਿਮਖ ਤੁ ਘਰਿ ॥ (ਹੇ ਪ੍ਰਭੂ!) ਜੋ ਤੈਨੂੰ ਚੰਗਾ ਲਗਦਾ ਹੈ ਓਹੀ ਤੂੰ ਕਰਦਾ ਹੈਂ, ਤੂੰ ਦੂਜੇ ਨੂੰ ਸਲਾਹ ਵਿਚ ਨਹੀ ਲਿਆਉਂਦਾ (ਕੋਈ ਵੀ ਕੰਮ ਕਿਸੇ ਦੂਜੇ ਤੋਂ ਪੁੱਛਕੇ ਨਹੀ ਕਰਦਾ), ਤੇਰੇ (ਨਿਜ ਰੂਪ) ਘਰ ਵਿਚ (ਜਗਤ ਦੀ) ਉਤਪਤੀ ਅਤੇ ਪਰਲੋਂ ਅੱਖ ਦੇ ਇਕ ਵਾਰ ਫਰਕਨ ਵਿਚ ਹੋ ਜਾਂਦੀ ਹੈ।

ਆਨ ਨਾਹੀ ਸਮਸਰਿ, ਉਜੀਆਰੋ ਨਿਰਮਰਿ, ਕੋਟਿ ਪਰਾਛਤ ਜਾਹਿ, ਨਾਮ ਲੀਏ ਹਰਿ ਹਰਿ ॥ (ਹੇ ਵਾਹਿਗੁਰੂ!) ਤੇਰੇ ਵਰਗਾ ਹੋਰ ਕੋਈ ਨਹੀ, (ਤੇਰਾ) ਪ੍ਰਕਾਸ਼ ਨਿਰਮਲ ਹੈ (ਅਤੇ ਤੇਰਾ) ਹਰਿ ਹਰਿ ਨਾਮ ਲੈਣ ਨਾਲ ਕ੍ਰੋੜਾਂ ਪਾਪ ਨਾਸ਼ ਹੋ ਜਾਂਦੇ ਹਨ।

ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ, ਬਲਿ ਬਲਿ ਸਦ ਬਲਿਹਾਰਿ ॥੨॥ (ਇਸ ਤੁਕ ਦੇ ਅਰਥ ਉਪਰ ਹੋ ਚੁੱਕੇ ਹਨ)।

ਪਦਾਰਥ = ਅੰਮ੍ਰਿਤ ਪ੍ਰਵਾਹ-ਨਾਮ ਰੂਪ ਅੰਮ੍ਰਿਤ ਜਲ ਦਾ ਪ੍ਰਵਾਹ।ਸਰਿ-ਚਲਦੇ ਹਨ; ਸਰੋਵਰ।ਅਤੁਲ-ਨਾ ਤੋਲਿਆ ਜਾਣ ਵਾਲਾ। ਪਰੈ ਹੀ ਤੇ ਪਰੈ-ਪਰੇ ਤੋਂ ਪਰੇ (ਦੇਸ਼ ਕਾਲ ਦੀ ਹੱਦ ਬੰਦੀ ਤੋਂ ਪਰੇ)।ਅਪਰ ਅਪਾਰ-ਬੇਅੰਤ (ਉਰਾਰ ਪਾਰ ਤੋਂ ਵੀ ਪਰੇ ਹੇ)। ਆਪੁਨੋ-ਅਪਣੀ।ਭਾਵਨੁ ਕਰਿ-ਮਰਜੀ ਕਰਦਾ ਹੈਂ।ਮੰਤ੍ਰਿ-ਸਲਾਹ ਮਸ਼ਵਰਾ।ਨ ਧਰਿ-ਲੈਂਦਾ ਨਹੀਂ।ਓਪਤਿ-ਪੈਦਾਇਸ਼।ਪਰਲੌ- ਜਗਤ ਦਾ ਵਿਨਾਸ਼।ਏਕੈ ਨਿਮਖ-ਅੱਖ ਦੇ ਇਕ ਫੋਰ ਵਿਚ।ਤੁ ਘਰਿ-ਤੇਰੇ ਘਰ (ਹੁਕਮ) ਵਿਚ।ਆਨ-ਹੋਰ।ਸਮਸਰਿ-ਵਰਗਾ। ਉਜੀਆਰੋ-ਚਾਨਣ।ਨਿਰਮਰਿ-ਨਿਰਮਲ; ਪਵਿਤ੍ਰ।ਕੋਟਿ-ਕ੍ਰੋੜਾਂ।ਪਰਾਛਤ-ਪਾਪ।ਲੀਏ-ਲੈਣ ਨਾਲ।੨।

ਵਿਆਖਿਆ = ਹਰੀ ਅੰਮ੍ਰਿਤ ਦਾ ਇਕ ਅਜੇਹਾ ਸਰੋਵਰ ਹੈ, ਜਿਸ ਨੂੰ ਦੂਜੇ ਕਿਸੇ ਹੋਰ ਸਰੋਵਰ ਤੋਂ ਪਾਣੀ ਨਹੀ ਆਉਂਦਾ।ਚਸ਼ਮੇ ਵਾਂਗ ਨਿਰੰਤਰ ਚਲਦਾ ਹੈ।ਹੋਰ ਤਲਾਵਾਂ ਦੇ ਉਰਲੇ ਤੇ ਪਾਰ ਵਾਲੇ ਕੰਢੇ ਹੁੰਦੇ ਹਨ, ਪਰ ਹਰੀ ਸਰੋਵਰ ਪਰੇ ਤੋਂ ਪਰੇ ਹੈ, ਕੋਈ ਹੱਦ ਨਹੀਂ।ਜਿਵੇਂ ਸੰਸਾਰੀ ਰਾਜੇ ਹਰੇਕ ਕੰਮ ਮੰਤ੍ਰੀਆਂ ਦੀ ਸਲਾਹ ਨਾਲ ਕਰਦੇ ਹਨ, ਪਰ ਹਰੀ ਪੂਰਨ ਹੈ, ਉਸ ਨੂੰ ਕਿਸੇ ਦੀ ਸਲਾਹ ਦੀ ਲੋੜ ਨਹੀਂ।ਗੁਰੂ ਨਾਨਕ ਦੇਵ ਜੀ ਨਿਰੰਕਾਰ ਦਾ ਰੂਪ ਹਨ।ਅਖੀਰ ਵਿਚ ਗੁਰੂ ਅਰਜਨ ਦੇਵ ਜੀ, ਹਰੀ ਅਤੇ ਗੁਰੂ ਨਾਨਕ ਦੇਵ ਦੋਹਾਂ ਤੋਂ ਬਲਿਹਾਰ ਜਾਂਦੇ ਹਨ।੨।

ਅੰਗ ੧੩੯੬ = ਸਗਲ ਭਵਨ ਧਾਰੇ, ਏਕ ਥੇਂ ਕੀਏ ਬਿਸਥਾਰੇ, ਪੂਰਿ ਰਹਿਓ ਸ੍ਰਬ ਮਹਿ, ਆਪਿ ਹੈ ਨਿਰਾਰੇ ॥ ਹੇ ਪ੍ਰਭੂ! ਤੈ ਹੀਂ (ਬ੍ਰਹਮੰਡ ਦੇ) ਸਾਰੇ ਭਵਨ ਬਣਾਏ ਹਨ, ਇਕ (ਅਪਣੇ ਆਪ) ਤੋਂ ਹੀ ਸਾਰਾ ਪਸਾਰਾ ਕੀਤਾ ਹੈ, (ਸਾਰਾ ਵਿਸ਼ਵ ਰਚ ਕੇ) ਸਭ ਵਿਚ ਪੂਰਨ ਹੋ ਰਿਹਾ ਹੈਂ, (ਫਿਰ ਵੀ ਤੂੰ) ਆਪ ਨਿਰਲੇਪ ਹੈਂ।

ਹਰਿ ਗੁਨ ਨਾਹੀ ਅੰਤ ਪਾਰੇ, ਜੀਅ ਜੰਤ ਸਭ ਥਾਰੇ, ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥ ਹੇ ਪ੍ਰਭੂ! ਤੇਰੇ ਗੁਣਾਂ ਦਾ ਅੰਤ ਤੇ ਪਾਰ ਨਹੀ (ਪੈ ਸਕਦਾ), ਸਾਰੇ ਜੀਵ ਜੰਤ ਤੇਰੇ ਹਨ, ਹੇ ਨਾ ਜਾਣੇ ਜਾਣ ਵਾਲੇ ਪ੍ਰਭੂ! ਸਾਰਿਆਂ (ਜੀਵਾਂ) ਦਾ ਦਾਤਾ ਇਕ ਤੂੰ ਹੀ ਹੈਂ।

ਆਪ ਹੀ ਧਾਰਨ ਧਾਰੇ, ਕੁਦਰਤਿ ਹੈ ਦੇਖਾਰੇ, ਬਰਨੁ ਚਿਹਨੁ ਨਾਹੀ, ਮੁਖ ਨ ਮਸਾਰੇ ॥ ਆਪ ਹੀ ਸ੍ਰਿਸਟੀ ਦੇ ਧਾਰਨ (ਆਸਰਾ ਦੇਣ) ਵਾਲਾ ਹੈਂ (ਸਭ ਕੁਝ ਆਪਣੀ) ਕੁਦਰਤ ਰਾਹੀਂ ਦਿਖਾਉਣ ਵਾਲਾ ਹੈਂ, ਨਾ ਹੀ (ਤੇਰਾ ਦਾ ਕੋਈ) ਰੰਗ, ਨਾ ਨਿਸ਼ਾਨ, ਨਾ ਹੀ (ਬ੍ਰਹਮਾਂ ਵਾਂਗ ਚਾਰ) ਮੂੰਹ ਅਤੇ ਨਾ ਹੀ ਮਾਸ (ਸਰੀਰ; ਦਾੜ੍ਹਾ) ਹੈ।

ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ ॥ ਹਾਂ ਕਿ ਬਲਿ ਬਲਿ, ਬਲਿ ਬਲਿ, ਸਦ ਬਲਿਹਾਰਿ ॥੩॥ (ਇਸ ਤੁਕ ਦੇ ਉਪਰ ਅਰਥ ਹੋ ਚੁੱਕੇ ਹਨ)।

ਪਦਾਰਥ = ਭਵਨ-ਲੋਕ (ਜਿਵੇਂ ਮਾਤ ਲੋਕ ਆਦਿ)।ਧਾਰੇ-ਬਣਾਏ; ਆਸਰਾ ਦੇਣ ਵਾਲਾ। ।ਥੇਂ-ਤੋਂ।ਬਿਸਥਾਰੇ-ਵਿਸਥਾਰ; ਪਸਾਰਾ ।ਪੂਰਿ ਰਹਿਓ-ਪੂਰਨ ਹੋ ਰਿਹਾ ਹੈਂ।ਸ੍ਰਬ ਮਹਿ-ਸਾਰੇ ਜੀਵਾਂ ਵਿਚ।ਨਿਰਾਰੇ-ਨਿਰਲੇਪ ਪਾਰੇ-ਪਾਰਾ ਵਾਰ ਦਾ।ਥਾਰੇ-ਤੇਰੇ।ਸਗਲ ਕੋ -ਸਾਰੇ ਜੀਵਾਂ ਦਾ।ਅਲਖ-(ਅਲੱਖ ਬੋਲੋ) ਨਾ ਜਾਣੇ ਜਾਣ ਵਾਲਾ।ਮੁਰਾਰੇ-ਪ੍ਰਭੂ।ਧਾਰਨ-ਧਰਤੀ; ਸ੍ਰਿਸਟੀ।ਬਰਨੁ-ਰੰਗ; ਜਾਤਾਂ ਦੀ ਵੰਡ।ਚਿਹਨੁ-ਨਿਸ਼ਾਨ।ਮਸਾਰੇ-ਮਾਸ (ਸਰੀਰ); ਦਾੜ੍ਹਾ।੩।

ਵਿਆਖਿਆ = ਹਰੀ ਨੇ ਇਕ ਅਪਣੇ ਤੋਂ ਸਾਰਾ ਬਿਸਥਾਰ ਕੀਤਾ ਹੈ।ਅਪਣਾ ਆਸਰਾ ਦੇ ਕੇ ਸਾਰੇ ਬ੍ਰਹਮੰਡ ਨੂੰ ਟਿਕਾ ਕੇ ਰਖਿਆ ਹੈ ।ਧੌਲੇ ਬਲਦ ਜਾਂ ਸ਼ੇਸ਼ਨਾਗ ਆਦਿ ਦਾ ਧਰਤੀ ਨੂੰ ਕੋਈ ਆਸਰਾ ਨਹੀਂ।ਕਈਆਂ ਦਾ ਖਿਆਲ ਹੈ ਕਿ ਪ੍ਰਕ੍ਰਿਤੀ ਮਾਇਆ ਜਾਂ ਪ੍ਰਮਾਣੂਆਂ ਦੀ ਮੱਦਦ ਨਾਲ ਹਰੀ ਜਗਤ ਰਚਦਾ ਹੈ।ਗੁਰੂ ਜੀ ਨੇ ਹਰੀ ਨੂੰ ਹੀ ਸੁਤੰਤਰ ਕਰਤਾ ਮੰਨਿਆ ਹੈ, ਕਿਸੇ ਕੰਮ ਵਿਚ ਹਰੀ ਕਿਸੇ ਦੀ ਸਹਾਇਤਾ ਨਹੀਂ ਲੈਂਦਾ।ਇਕ ਹਰੀ ਕਿਵੇਂ ਅਨੰਤ ਪਸਾਰੇ ਦਾ ਆਸਰਾ ਹੋ ਸਕਦਾ, ਇਸ ਦਾ ਉਤਰ ਹੈ ਕਿ ਉਹ ਸਭ ਵਿਚ ਪੂਰਨ ਹੋ ਕੇ ਸਭ ਨੂੰ ਆਸਰਾ ਦੇ ਰਿਹਾ ਹੈ।ਫਿਰ ਆਪ ਨਿਰਲੇਪ ਹੈ, ਇਹ ਬਹੁਤ ਵੱਡਾ ਅਸਚਰਜ ਗੁਣ ਹੈ ਕਿ ਪੂਰਨ ਹੋ ਕੇ, ਆਸਰਾ ਦੇ ਕੇ ਨਿਰਲੇਪ ਰਹਿਣਾ।ਹਰੀ ਵਿਚ ਇਹੋ ਜਿਹੇ ਅਨੰਤ ਗੁਣ ਹਨ।ਸਭ ਨੂੰ ਆਸਰਾ ਦੇ ਕੇ ਅਪਣੀ ਸ਼ਕਤੀ ਦਿਖਾ ਰਿਹਾ ਹੈ। ਪਰ ਦੇਖਣ ਵਾਲੀ ਅੱਖ ਚਾਹੀਏ।੩।

ਸਰਬ ਗੁਣ ਨਿਧਾਨੰ, ਕੀਮਤਿ ਨ ਗ੍ਯਾਨੰ ਧ੍ਯਾਨੰ, ਊਚੇ ਤੇ ਊਚੌ ਜਾਨੀਜੈ, ਪ੍ਰਭ ਤੇਰੋ ਥਾਨੰ ॥ ਹੇ ਪ੍ਰਭੂ! ਤੂੰ ਸਾਰੇ ਗੁਣਾਂ ਦਾ ਖਜਾਨਾ ਹੈਂ, ਤੇਰੇ ਗਿਆਨ ਅਤੇ (ਤੇਰੇ ਵਿਚ) ਧਿਆਨ ਜੋੜਨ ਦੀ ਕੀਮਤ ਨਹੀਂ ਪੈ ਸਕਦੀ (ਜਾਂ ਗਿਆਨ ਧਿਆਨ ਨਾਲ ਤੇਰੀ ਕੀਮਤ ਨਹੀਂ ਪੈ ਸਕਦੀ), ਤੇਰਾ ਟਿਕਾਣਾ ਉਚਿਆਂ ਤੋਂ ਉਚਾ ਜਾਣਿਆ ਜਾਂਦਾ ਹੈ।

ਮਨੁ ਧਨੁ ਤੇਰੋ ਪ੍ਰਾਨੰ, ਏਕੈ ਸੂਤਿ ਹੈ ਜਹਾਨੰ, ਕਵਨ ਉਪਮਾ ਦੇਉ, ਬਡੇ ਤੇ ਬਡਾਨੰ ॥ (ਮੈਨੂੰ) ਮਨ, ਧਨ ਤੇ ਪ੍ਰਾਣ ਤੇਰੇ ਹੀ ਦਿਤੇ ਹੋਏ ਹਨ, ਸਾਰੇ ਜਗਤ ਨੂੰ ਇਕ ਚੇਤਨ ਸੱਤਾ ਰੂਪ ਸੂਤ ਵਿਚ ਪ੍ਰੋਇਆ ਹੋਇਆ ਹੈ, ਹੇ ਵੱਡਿਆਂ ਤੋਂ ਵੱਡੇ ਪ੍ਰਭੂ! ਤੈਨੂੰ ਕਿਸ ਨਾਲ ਉਪਮਾ ਦੇਵਾਂ (ਤੇਰੇ ਵਰਗਾ ਕੋਈ ਹੋਰ ਹੈ ਹੀ ਨਹੀਂ)।

ਜਾਨੈ ਕਉਨੁ ਤੇਰੋ ਭੇਉ, ਅਲਖ ਅਪਾਰ ਦੇਉ ,ਅਕਲ ਕਲਾ ਹੈ, ਪ੍ਰਭ ਸਰਬ ਕੋ ਧਾਨੰ ॥ ਹੇ ਅਲੱਖ ਤੇ ਅਪਾਰ ਜੋਤੀ ਸਰੂਪ ਪ੍ਰਭੂ! ਤੇਰੇ ਭੇਤ ਨੂੰ ਕੌਣ ਜਾਣ ਸਕਦਾ ਹੈ? ਹੇ ਬੇ ਸ਼ੁਮਾਰ ਸ਼ਕਤੀ ਵਾਲੇ ਪ੍ਰਭੂ! ਸਭ ਨੂੰ ਅੰਨ ਆਦਿ ਦੇ ਕੇ ਪਾਲਣਾ ਕਰਦੇ ਹੋ; ਸਭ ਦਾ ਆਸਰਾ ਹੋ।ਜਨੁ ਨਾਨਕੁ ਭਗਤੁ ਦਰਿ, ਤੁਲਿ ਬ੍ਰਹਮ ਸਮਸਰਿ, ਏਕ ਜੀਹ ਕਿਆ ਬਖਾਨੈ।ਹਾਂ ਕਿ ਬਲਿ ਬਲਿ ਬਲਿ ਬਲਿ, ਸਦ ਬਲਿਹਾਰਿ ॥੪॥ (ਅਰਥ ਉਪਰ ਹੋ ਚੁੱਕਾ ਹੈ)।

ਪਦਾਰਥ = ਨਿਧਾਨੰ-ਖਜਾਨਾ।ਗ੍ਯਾਨੰ-(ਗਿਆਨੰ ਉਚਾਰੋ) ਗਿਆਨ ਦਾ।ਧ੍ਯਾਨੰ ਨੂੰ ਧਿਆਨੰ ਉਚਾਰੋ।ਤੇ-ਤੋਂ।ਜਾਨੀਜੈ-ਜਾਣਿਆ ਜਾਂਦਾ ਹੈ।ਪ੍ਰਾਨੰ-ਪ੍ਰਾਣ।ਸੂਤਿ-ਚੇਤਨ ਸੱਤਾ ਰੂਪ ਸੂਤ੍ਰ।ਕਵਨ-ਕਿਸ ਦਾ।ਮੈਂ ਦੇਉ-ਦੇਵਾਂ।ਬਡਾਨੰ-ਵੱਡਾ; ਅਸ਼ਚਰਜ ਰੂਪ।ਭੇਉ-ਭੇਤ ;ਰਾਜ।ਅਲਖ ਅਪਾਰ-ਹੇ ਨਾ ਜਾਣੇ ਜਾਣ ਵਾਲੇ ਬੇਅੰਤ ਪ੍ਰਭੂ!।ਦੇਉ-ਪ੍ਰਕਾਸ਼ (ਜੋਤੀ) ਸਰੂਪ।ਅਕਲ ਕਲਾ-ਬੇ ਸ਼ੁਮਾਰ ਸ਼ਕਤੀ ਵਾਲਾ ;ਅਖੰਡ ਸ਼ਕਤੀ ਵਾਲਾ (ਅਕਲ-ਕਲਾ ਰਹਿਤ {ਜਿਵੇਂ ਚੰਦ ਦੀਆਂ ਕਲਾਂ ਹਨ}; ਨਿਰਗੁਣ ਹਰੀ।ਕਲਾ-ਸ਼ਕਤੀ)।ਸਰਬ ਕੋ ਧਾਨੰ-ਸਭ ਨੂੰ ਅੰਨ (ਜਾਂ ਆਸਾਰਾ) ਦੇਂਦਾ ਹੈ।ਸਾਰ = ਮਨੁੱਖ ਦੇ ਗਿਆਨ ਦੀ ਹੱਦ ਤੋਂ ਪਾਰ, ਸਾਡੇ ਧਿਆਨ ਮੰਡਲ ਤੋਂ ਉਚਾ ਹੈ ਹਰੀ ਦਾ ਟਿਕਾਣਾ।ਇਸ ਲਈ ਸਾਡੇ ਗਿਆਨ ਧਿਆਨ ਨਾਲ ਉਸਦੀ ਕੀਮਤ ਨਹੀਂ ਪੈਂਦੀ।੪।

ਨਿਰੰਕਾਰੁ ਆਕਾਰ, ਅਛਲ ਪੂਰਨ ਅਬਿਨਾਸੀ ॥ ਹਰਖਵੰਤ ਆਨੰਤ ਰੂਪ, ਨਿਰਮਲ ਬਿਗਾਸੀ ॥ ਹੇ ਨਾਸ਼ ਰਹਿਤ, ਛਲਣ ਰਹਿਤ, ਸਾਰਿਆਂ ਵਿਚ ਪੂਰਨ ਨਿਰੰਕਾਰ! ਤੂੰ ਆਕਾਰ ਵਾਲਾ ਰੂਪ ਧਾਰਿਆ ਹੈ (ਨਿਰੰਕਾਰ, ਆਕਾਰ ਵਾਲੇ ਗੁਰੂ ਨਾਨਕ ਦੇਵ ਦੇ ਰੂਪ ਵਿਚ ਪ੍ਰਗਟਿਆ ਹੈ।ਉਹ ਹਰੀ ਸਦਾ) ਖੁਸੀਆਂ ਵਾਲਾ, ਬੇਅੰਤ ਰੂਪਾਂ ਵਾਲਾ ਹੈ, (ਮਾਇਆ ਦੀ ਮੈਲ ਤੋਂ ਬਿਨਾ) ਸ਼ੁੱਧ ਰੂਪ ਤੇ ਖਿੜਿਆ ਰਹਿਣ ਵਾਲਾ ਹੈ।

ਗੁਣ ਗਾਵਹਿ ਬੇਅੰਤ, ਅੰਤੁ ਇਕੁ ਤਿਲੁ ਨਹੀ ਪਾਸੀ ॥ ਜਾਕਉ ਹੋਂਹਿ ਕ੍ਰਿਪਾਲ, ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥ ਬਿਅੰਤ ਮਨੁੱਖ

ਤੇਰੇ ਗੁਣ ਗਾਉਂਦੇ ਹਨ, ਪਰ ਇਕ ਤਿਲ ਮਾਤ੍ਰ ਵੀ ਉਹ ਤੇਰਾ ਅੰਤ ਨਹੀ ਪਾ ਸਕਦੇ। ਹੇ ਪ੍ਰਭੂ! ਜਿਸ ਉਤੇ ਤੂੰ ਕ੍ਰਿਪਾਲੂ ਹੁੰਦਾ ਹੈਂ, ਉਹ ਪੁਰਖ ਤੈਨੂੰ ਮਿਲ ਜਾਂਦਾ ਹੈ।

ਧੰਨਿ ਧੰਨਿ ਤੇ ਧੰਨਿ ਜਨ, ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ ਹਰਿ ਗੁਰੁ ਨਾਨਕੁ ਜਿਨ ਪਰਸਿਅਉ, ਸਿ ਜਨਮ ਮਰਣ ਦੁਹ ਥੇ ਰਹਿਓ ॥੫॥ ਜਿਨ੍ਹਾਂ ਉਤੇ ਹਰਿ ਪ੍ਰਭੂ ਕ੍ਰਿਪਾਲ ਹੋਇਆ ਹੈ, ਉਹ ਪੁਰਖ ਤਿੰਨਾਂ ਕਾਲਾਂ ਵਿਚ (ਪਿਛੇ, ਹੁਣ ਤੇ ਅੱਗੇ ਨੂੰ) ਧੰਨ ਹਨ; ਮਨ ਬਾਣੀ ਅਤੇ ਸਰੀਰ ਕਰਕੇ ਧੰਨ ਹਨ; ਉਹ ਪੁਰਖ ਅਤੇ ਉਸ ਦੇ ਮਾਤਾ ਪਿਤਾ ਧੰਨ ਹਨ। ਜਿਨ੍ਹਾਂ ਪੁਰਖਾਂ ਨੇ ਹਰੀ ਰੂਪ ਗੁਰੂ ਨਾਨਕ ਦੇਵ ਜੀ ਨੂੰ ਪਰਸਿਆ ਹੈ, ਉਹ ਜਨਮ ਮਰਣ ਦੋਹਾਂ ਤੋਂ ਰਹਿਤ ਹੋ ਗਏ ਹਨ।੫।

ਪਦਾਰਥ = ਨਿਰੰਕਾਰ–ਨਿਰਗੁਣ (ਅਕਾਰ ਰਹਿਤ) ਸਰੂਪ। ਆਕਾਰ–ਸਰੀਰ ਧਾਰੀ; ਸਰਗੁਣ ਰੂਪ। ਅਛਲ–ਜੋ ਮਾਯਾ ਕਰਕੇ ਛਲਿਆ ਨਾ ਜਾ ਸਕੇ। ਪੂਰਨ–ਸਰਬ ਵਿਆਪਕ। ਅਬਿਨਾਸੀ–ਨਾਸ਼ ਰਹਿਤ। ਹਰਖਵੰਤ–ਖੁਸ਼ ਰਹਿਣ ਵਾਲਾ। ਆਨੰਤ ਰੂਪ–ਬੇਅੰਤ ਰੂਪਾਂ ਵਾਲਾ। ਨਿਰਮਲ–ਮੈਲ ਰਹਿਤ (ਪਵਿਤ੍ਰ)। ਬਿਗਾਸੀ–ਖਿੜਿਆ ਰਹਿਣ ਵਾਲਾ। ਇਕੁ ਤਿਲੁ–ਇਕ ਤਿਲ ਮਾਤ੍ਰ। ਨਹੀ ਪਾਸੀ–ਨਹੀਂ ਪਾ ਸਕਦੇ। ਜਾ ਕਉ–ਜਿਸ ਉਤੇ। ਸੁ ਜਨੁ–ਉਹ ਪੁਰਖ। ਤੁਮਹਿ–ਤੈਨੂੰ। ਤੇ ਜਨ–ਉਹ ਪੁਰਖ। ਜਿਹ–ਜਿਨ੍ਹਾਂ ਉਤੇ। ਭਯਉ–ਹੋਇਆ ਹੈ। ਪਰਸਿਅਉ–(ਚਰਨ) ਛੋਹੇ ਹਨ; ਮਿਲੇ ਹਨ। ਸਿ–ਉਹ। ਦੁਹ ਥੇ–ਦੋਹਾਂ ਤੋਂ। ਰਹਿਓ–ਰਹਿਤ ਹੋ (ਬਚ) ਗਏ।੫।

ਸਾਰ = ਜਿਸ ਨਿਰੰਕਾਰ ਦੀ ਸਿਫਤ ਕੀਤੀ ਹੈ, ਗੁਰੂ ਨਾਨਕ ਦੇਵ ਜੀ ਉਸੇ ਦਾ ਰੂਪ ਹਨ।੫।

ਸਤਿ ਸਤਿ ਹਰਿ ਸਤਿ ਸਤਿ, ਸਤੇ ਸਤਿ ਭਣੀਐ ॥ ਦੂਸਰ ਆਨ ਨ ਅਵਰੁ, ਪੁਰਖੁ ਪਊਰਾਤਨੁ ਸੁਣੀਐ ॥ ਸੱਤ ਸਰੂਪ ਹਰੀ ਪਿੱਛੇ ਵੀ ਸੱਤ ਸੀ ਹੁਣ ਵੀ ਸੱਤ ਹੀ ਆਖੀਦਾ ਹੈ ਅਤੇ ਭਵਿਖ ਵਿਚ ਵੀ ਸਦਾ ਕਾਇਮ ਰਹਿਣ ਵਾਲਾ ਹੈ (ਚਾਰਾਂ ਜੁਗਾਂ ਅਤੇ ਤਿੰਨਾਂ ਕਾਲਾਂ ਵਿਚ ਸੱਤ ਸਰੂਪ ਹੈ)। ਉਸ ਅਨੰਤ ਅਨਾਦੀ ਪੁਰਖ (ਹਰੀ) ਤੋਂ ਬਿਨਾ ਉਸ ਵਰਗਾ ਹੋਰ ਕੋਈ ਦੂਜਾ ਨਹੀ ਸੁਣੀਦਾ ਹੈ।

ਅੰਮ੍ਰਿਤੁ ਹਰਿ ਕੋ ਨਾਮੁ, ਲੈਤ ਮਨਿ ਸਭ ਸੁਖ ਪਾਏ ॥ ਜੇਹ ਰਸਨ ਚਾਖਿਓ, ਤੇਹ ਜਨ ਤ੍ਰਿਪਤਿ ਅਘਾਏ ॥ (ਲੈਤ ਦੀਪਕ ਦੇਹਲੀ ਹੈ, ਦੋਹਾਂ ਪਾਸੇ ਲਗ ਸਕਦਾ ਹੈ) ਹਰੀ ਦਾ ਅੰਮ੍ਰਿਤ ਮਈ ਨਾਮ ਲੈਣ (ਜਪਣ) ਨਾਲ ਮਨ ਨੇ ਸਾਰੇ ਸੁਖ ਪਾ ਲਏ ਹਨ। ਜਿਨ੍ਹਾਂ ਨੇ ਰਸਨਾ ਨਾਲ (ਅੰਮ੍ਰਿਤ ਨਾਮ ਜਪਿਆ) ਚੱਖਿਆ ਹੈ, ਉਹ ਮਨੁੱਖ ਪੂਰੀ ਤਰ੍ਹਾਂ (ਤਨ ਮਨ ਕਰਕੇ) ਰੱਜ ਗਏ ਹਨ (ਉਨ੍ਹਾਂ ਦੀਆਂ ਭੁੱਖਾਂ ਮਿਟ ਗਈਆਂ ਹਨ)।

ਜਿਹ ਠਾਕੁਰੁ ਸੁਪ੍ਰਸੰਨੁ ਭਯੋ, ਸਤ ਸੰਗਤਿ ਤਿਹ ਪਿਆਰੁ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ, ਤਿਨ੍ ਸਭ ਕੁਲ ਕੀਓ ਉਧਾਰੁ ॥ ਜਿਨ੍ਹਾਂ ਉਤੇ ਹਰੀ ਚੰਗੀ ਤਰ੍ਹਾਂ ਪ੍ਰਸੰਨ ਹੋਇਆ ਹੈ, ਉਨ੍ਹਾਂ ਦਾ (ਗੁਰੂ ਦੀ) ਸੱਤ ਸੰਗਤ ਨਾਲ ਪਿਆਰ ਹੋ ਜਾਂਦਾ ਹੈ। ਹਰੀ ਰੂਪ ਗੁਰੂ ਨਾਨਕ ਦੇਵ ਜੀ ਨੂੰ ਜਿਨ੍ਹਾਂ ਨੇ ਪਰਸਿਆ ਹੈ (ਜੋ ਚਰਨ ਛੋਹ ਪ੍ਰਾਪਤ ਕਰਕੇ ਗੁਰੂ ਦਾ ਸਿਖ ਬਣ ਗਿਆ) ਉਨ੍ਹਾਂ ਨੇ ਸਭ ਕੁੱਲਾਂ ਦਾ ਉਧਾਰ ਕਰ (ਤਾਰ) ਲਿਆ ਹੈ।੬॥

ਪਦਾਰਥ = ਸਤਿ–ਸਦਾ ਕਾਇਮ ਰਹਿਣ ਵਾਲਾ; ਅਟੱਲ। ਭਣੀਐ–ਆਖਿਆ ਜਾਂਦਾ ਹੈ। ਦੂਸਰ ਆਨ ਅਵਰੁ–ਦੂਜਾ ਕੋਈ ਹੋਰ। ਪਊਰਾਤਨੁ–(ਅਨੰਤ) ਅਨਾਦੀ ਪੁਰਖ; ਜਿਸ ਦਾ ਕੋਈ ਆਦਿ ਨਹੀ; ਮੁੱਢ ਕਦੀਮੀ। ਲੈਤ–ਲੈਣ (ਜਪਣ) ਨਾਲ। ਮਨਿ–ਮਨ ਨੇ। ਜੇਹ–ਜਿਨ੍ਹਾਂ ਨੇ। ਰਸਨ–ਜੀਭ ਨਾਲ। ਚਾਖਿਓ–ਖਾਧਾ ਹੈ। ਤੇਹ ਜਨ–ਉਹ ਮਨੁੱਖ। ਚਾਖਿਓ–(ਜਪਿਆ) ਖਾਧਾ ਹੈ। ਤੇਹ ਜਨ–ਉਹ ਮਨੁੱਖ। ਤ੍ਰਿਪਤਿ ਅਘਾਏ–ਪੂਰੀ ਤਰ੍ਹਾਂ (ਮਨ ਤੇ ਤਨ ਕਰਕੇ) ਰੱਜ ਗਏ ਹਨ। ਜਿਹ–ਜਿਸ ਉਤੇ। ਠਾਕੁਰੁ–ਮਾਲਕ (ਹਰੀ)। ਸੁਪ੍ਰਸੰਨੁ ਭਯੋ–ਚੰਗੀ ਤਰ੍ਹਾਂ ਪ੍ਰਸੰਨ ਹੋਇਆ ਹੈ। ਤਿਹ–ਉਨ੍ਹਾਂ ਦਾ। ਤਿਨ੍–ਉਨ੍ਹਾਂ ਨੇ। ਕੁਲ–ਖਾਨਦਾਨ ਦਾ।੬।

ਸਾਰ = ਦੁਨੀਆਂ ਬਦਲਦੀ ਰਹਿੰਦੀ, ਤੇ ਨਾਸ਼ਵੰਤ ਹੈ। ਹਰੀ ਬਦਲਦਾ ਨਹੀ ਸਦਾ ਇਕ ਰਸ ਕਾਇਮ ਰਹਿੰਦਾ ਹੈ ।੬।

ਸਚੁ ਸਭਾ ਦੀਬਾਣੁ ਸਚੁ, ਸਚੇ ਪਹਿ ਧਰਿਓ ॥ ਸਚੈ ਤਖਤਿ ਨਿਵਾਸੁ, ਸਚੁ ਤਪਾਵਸੁ ਕਰਿਓ ॥ ਹਰੀ ਦੀ ਸਭਾ (ਦਰਬਾਰ; ਸੱਤ ਸੰਗਤ) ਸੱਚਾ ਹੈ, ਕਚਹਿਰੀ ਵੀ ਸੱਤ ਸਰੂਪ ਹੈ ਅਤੇ (ਹਰੀ ਨੇ ਅਪਣਾ ਆਪ) ਸੱਚੇ ਗੁਰੂ ਕੋਲ ਰਖਿਆ ਹੋਇਆ (ਗੁਰੂ ਰਾਹੀਂ ਮਿਲਦਾ) ਹੈ। (ਹਰੀ) ਸੱਚੇ ਤਖਤ ਉਤੇ ਨਿਵਾਸ ਕਰਦਾ (ਸਾਰਾ ਬ੍ਰਹਮੰਡ ਹੀ ਉਸਦਾ ਤਖਤ) ਹੈ, ਸੱਚਾ ਹੀ ਨਿਆਂ ਕਰਦਾ ਹੈ।

ਸਚਿ ਸਿਰਜਿਓ ਸੰਸਾਰੁ, ਆਪਿ ਆਭੁਲੁ ਨ ਭੁਲਉ ॥ ਰਤਨ ਨਾਮੁ ਅਪਾਰੁ, ਕੀਮ ਨਹੁ ਲਵੈ ਅਮੁਲਉ ॥ ਸੱਚੇ (ਪ੍ਰਭੂ) ਨੇ ਸੰਸਾਰ ਸਿਰਜਿਆ ਹੈ, ਉਹ ਆਪ ਅਭੁੱਲ ਹੈ, ਕਦੇ ਭੁਲਦਾ ਨਹੀਂ। (ਹਰੀ ਦਾ) ਨਾਮ ਰਤਨ ਵੀ ਬੇਅੰਤ ਅਮੋਲਕ ਹੈ, ਇਸ ਦੀ ਕੋਈ ਕੀਮਤ ਨਹੀਂ ਪੈ ਸਕਦੀ।

ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ, ਸਰਬ ਸੁਖ ਤਿਨਹੂ ਪਾਏ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ, ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥ ਜਿਨ੍ਹਾਂ ਮਨੁੱਖਾਂ ਉਪਰ ਗੋਬਿੰਦ ਕ੍ਰਿਪਾਲ ਹੋਇਆ ਹੈ, ਉਨ੍ਹਾਂ ਨੇ ਸਾਰੇ ਸੁਖ ਪਾ ਲਏ ਹਨ। ਹਰੀ ਰੂਪ ਗੁਰੂ ਨਾਨਕ ਦੇਵ ਜੀ ਨੂੰ ਜਿਨ੍ਹਾਂ ਮਨੁੱਖਾਂ ਨੇ ਪਰਸਿਆ ਹੈ, ਉਹ ਮੁੜ ਕੇ ਫਿਰ ਜੋਨੀਆਂ ਵਿਚ ਨਹੀਂ ਆਉਂਦੇ; ਜੋਨੀਆਂ ਦੇ ਫੇਰਿਆਂ ਵਿਚ ਨਹੀ ਆਏ।੭।

ਪਦਾਰਥ = ਸਭਾ–ਦਰਬਾਰ; ਸੱਤ ਸੰਗਤ। ਦੀਬਾਣੁ–ਕਚਹਿਰੀ; ਆਸਰਾ। ਸਚੇ ਪਹਿ–ਸੱਚੇ ਗੁਰੂ ਪਾਸ। ਧਰਿਓ–ਰੱਖਿਆ ਹੈ। ਸਚੈ

ਤਖਤਿ–ਸੱਚੇ ਤਖਤ (ਗੁਰੂ ਦੀ ਸੰਗਤ ਰੂਪ ਤਖਤ; ਵਿਸ਼ਵ ਤਖਤ) ਉਤੇ।ਤਪਾਵਸੁ–ਨਿਆਂਉਂ।ਸਚਿ–ਸੱਚੇ ਪ੍ਰਭੂ ਨੇ।ਆਭੁਲੁ–ਭੁੱਲਣ ਰਹਿਤ।ਸਿਰਜਿਉ–(ਸਿਰਜਿਅਓ ਪੜ੍ਹੋ) ਰਚਿਆ ਹੈ।ਅਪਾਰੁ–ਬੇਅੰਤ।ਕੀਮ–ਕੀਮਤ।ਨਹੁ ਪਵੈ–ਨਹੀਂ ਪੈਂਦੀ।ਜਿਹ–ਜਿਸ ਉਤੇ। ਸਰਬ–ਸਾਰੇ।ਤਿਨਹੁ–ਉਨ੍ਹਾਂ ਨੇ।ਜਿਨ੍–ਜਿਨ੍ਹਾਂ ਨੇ।ਤੇ–ਉਹ।ਬਹੁੜਿ–ਮੁੜ; ਦੁਬਾਰਾ।ਫਿਰਿ–ਫਿਰ; ਪੁਨਾ; ਫੇਰੇ।੭।

ਵਿਆਖਿਆ = ਸਾਰਾ ਵਿਸ਼ਵ ਉਸ ਦਾ ਤਖਤ ਹੈ, ਜਿਸ ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।ਸੰਸਾਰ ਨੂੰ ਰਚ ਕੇ ਕੋਈ ਭੁੱਲ ਨਹੀਂ ਕੀਤੀ, ਨਾਹੀ ਸੰਸਾਰ ਨੂੰ ਸੰਭਾਲਣ, ਪਾਲਣ ਦੀ ਭੁੱਲ ਕਰਦਾ ਹੈ।ਜੋ ਮਨੁਖ ਗੁਰੂ ਨਾਨਕ ਦੇਵ ਦਾ ਬਣ ਜਾਂਦਾ ਹੈ, ਉਸ ਤੇ ਉਹ ਮੇਹਰਬਾਨ ਹੁੰਦਾ ਹੈ, ਉਹ ਸਾਰੇ ਸੁੱਖ ਅਤੇ ਮੁਕਤੀ ਪਾ ਲੈਂਦਾ ਹੈ।੭।

ਕਵਨੁ ਜੋਗੁ ਕਉਨੁ ਗ੍ਯਾਨ ਧ੍ਯਾਨ, ਕਵਨ ਬਿਧਿ ਉਸ੍ਤਤਿ ਕਰੀਐ ॥ ਸਿਧ ਸਾਧਿਕ ਤੇਤੀਸ ਕੋਰਿ, ਤਿਰੁ ਕੀਮ ਨ ਪਰੀਐ ॥ (ਹੇ ਪ੍ਰਭੂ!) ਕਿਹੜਾ ਜੋਗ ਕਰੀਏ, ਕਿਹੜਾ ਗਿਆਨ (ਵਿਚਾਰੀਏ, ਵੱਖ ਵੱਖ ਗ੍ਰੰਥਾਂ ਨੇ ਕਈ ਕਿਸਮ ਦਾ ਗਿਆਨ ਦਸਿਆ ਹੈ), ਕਿਹੜਾ ਧਿਆਨ ਕਰੀਏ, ਕਿਹੜੇ ਤਰੀਕੇ ਨਾਲ ਤੇਰੀ ਸਿਫਤ ਕੀਤੀ ਜਾਵੇ।(ਚੁਰਾਸੀ) ਸਿਧ, ਸਾਧਨਾ ਕਰਨ ਵਾਲੇ ਸਾਧਕ, ਤੇਤੀ ਕ੍ਰੋੜ ਦੇਵਤਿਆਂ ਤੋਂ ਤਿਲ ਜਿੰਨੀ ਵੀ (ਤੇਰੀ) ਕੀਮਤ ਨਹੀ ਪਾਈ ਗਈ।

ਬ੍ਰਹਮਾਦਿਕ ਸਨਕਾਦਿ, ਸੇਖ ਗੁਣ ਅੰਤ ਨ ਪਾਏ ॥ ਅਗਹੁ ਗਹਿਓ ਨਹੀ ਜਾਇ, ਪੂਰਿ ਸ੍ਰਬ ਰਹਿਓ ਸਮਾਏ ॥ ਬ੍ਰਹਮਾ ਤੋਂ ਆਦਿ (ਵੇਦ ਵੇਤਾ, ਬਿਸ਼ਨੂੰ ਤੇ ਸ਼ਿਵ), ਸਨਕ ਆਦਿਕਾਂ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਤੋਂ ਆਦਿ ਤਪਸੀ ਅਤੇ ਸੇਸ਼ਨਾਗ (ਸਾਰੇ ਹਰੀ ਦੇ) ਗੁਣਾਂ ਦਾ ਅੰਤ ਨਹੀ ਪਾ ਸਕੇ।(ਹਰੀ ਕਿਸੇ ਪਾਸੋਂ) ਫੜਿਆ ਨਹੀ ਜਾ ਸਕਦਾ, ਅਪਕੜ (ਮਨ ਬਾਣੀ ਦੀ ਪਹੁੰਚ ਤੋਂ ਪਰੇ) ਹੈ, (ਪਰ) ਪੂਰਨ ਹੋ ਕੇ ਸਾਰਿਆਂ ਵਿਚ ਸਮਾ ਰਿਹਾ ਹੈ।

ਜਿਹ ਕਾਟੀ ਸਿਲਕ ਦਯਾਲ ਪ੍ਰਭਿ, ਸੇਇ ਜਨ ਲਗੇ ਭਗਤੇ ॥ ਹਰਿ ਗੁਰੁ ਨਾਨਕੁ ਜਿਨ੍ ਪਰਸਿਓ, ਤੇ ਇਤ ਉਤ ਸਦਾ ਮੁਕਤੇ ॥੮॥ ਦਇਆ ਕਰਨ ਵਾਲੇ ਪ੍ਰਭੂ ਨੇ ਜਿਨ੍ਹਾਂ ਦੀ ਮਾਇਆ ਦੇ ਮੋਹ ਦੀ ਫਾਹੀ ਕੱਟ ਦਿਤੀ ਹੈ, ਉਹ ਮਨੁੱਖ ਪ੍ਰਭੂ ਭਗਤੀ ਵਿਚ ਲੱਗੇ ਹਨ।ਹਰੀ ਸਰੂਪ ਗੁਰੂ ਨਾਨਕ ਦੇਵ ਜੀ ਨੂੰ ਜਿਨ੍ਹਾਂ ਨੇ ਪਰਸਿਆ ਹੈ, ਉਹ ਪੁਰਖ ਲੋਕ ਪ੍ਰਲੋਕ ਦੇ (ਬੰਧਨਾਂ ਤੋਂ) ਸਦਾ ਮੁਕਤ ਹੋਏ ਹਨ।੮।

ਪਦਾਰਥ = ਕਵਨੁ–ਕਿਹੜਾ।ਬਿਧਿ–ਤਰੀਕੇ ਨਾਲ।ਕੋਰਿ–ਕ੍ਰੋੜ।ਸਿਧ–ਜੋਗ ਮੱਤ ਦੇ ਚੁਰਾਸੀ ਸਿੱਧ।ਸਾਧਿਕ–ਸਾਧਨਾ ਕਰਨ ਵਾਲੇ। ਤਿਰੁ–ਤਿਲ ਮਾਤ੍ਰ।ਕੀਮ–ਮੁੱਲ।ਨ ਪਰੀਐ–ਨਹੀਂ ਪਾਈ ਗਈ।ਸੇਖ–ਸੇਸ਼ਨਾਗ।ਅਗਹੁ–ਫੜਨ ਤੋਂ ਰਹਿਤ।ਗਹਿਓ ਨਹੀ ਜਾਇ–ਫੜਿਆ ਨਹੀਂ ਜਾਂਦਾ।ਪੂਰਿ–ਵਿਆਪਕ।ਸ੍ਰਬ ਰਹਿਓ ਸਮਾਏ–ਸਾਰਿਆਂ ਵਿਚ ਸਮਾ ਰਿਹਾ ਹੈ।ਸਿਲਕ–ਫਾਹੀ।ਸੇਇ ਜਨ–ਉਹ ਮਨੁੱਖ ।ਭਗਤੇ–ਭਗਤੀ ਵਿਚ।ਇਤ ਉਤ–ਇਥੇ ਉਥੇ (ਲੋਕ ਪ੍ਰਲੋਕ)।(ਗ੍ਯਾਨ ਧ੍ਯਾਨ ਦਾ ਉਚਾਰਣ ਗਿਆਨ ਧਿਆਨ ਕਰੋ)।੮।

ਵਿਆਖਿਆ = ਹਰੀ ਦੀ ਸਿਫਤ (ਹਠ ਜੋਗ, ਰਾਜ ਜੋਗ, ਸਹਿਜ ਜੋਗ, ਮੰਤ੍ਰ ਜੋਗ, ਲਯ ਜੋਗ) ਆਦਿ ਕਿਹੜੇ ਜੋਗ ਰਾਹੀਂ ਕੀਤੀ ਜਾਵੇ। ਚਿਤ ਬ੍ਰਿਤੀ ਦੀ ਇਕਾਗ੍ਰਤਾ ਵਿਚ ਵੀ ਨਹੀਂ ਆਉਂਦਾ, ਜੋਗ ਰਾਹੀ ਸਿੱਧਾਂ ਨੇ ਜਤਨ ਕਰ ਕੇ ਦੇਖ ਲਏ ਹਨ।ਹਰੀ ਦੇ ਗੁਣਾਂ ਦਾ ਅੰਤ ਨਹੀ ਪਾਇਆ ਜਾ ਸਕਦਾ।ਗੁਰੂ ਦੀ ਮੇਹਰ ਰਾਹੀਂ ਮੁਕਤੀ ਮਿਲ ਜਾਂਦੀ ਹੈ।੮।

ਅੰਗ ੧੩੯੭ = ਪ੍ਰਭ ਦਾਤਉ ਦਾਤਾਰ, ਪਰ੍ਹਿਉ ਜਾਚਕੁ ਇਕੁ ਸਰਨਾ ॥ ਮਿਲੈ ਦਾਨੁ ਸੰਤ ਰੇਨ, ਜੇਹ ਲਗਿ ਭਉਜਲੁ ਤਰਨਾ ॥ ਹੇ ਪ੍ਰਭੂ! ਤੂੰ ਸਾਰੀਆਂ ਦਾਤਾਂ ਦੇ ਦੇਣ ਵਾਲੇ ਦਾਤਾ ਹੈਂ, ਮੈਂ ਮੰਗਤਾ ਇਕ ਤੇਰੀ ਜੀ ਦੀ ਸ਼ਰਣ ਵਿਚ ਪਿਆ ਹਾਂ।ਸੰਤਾਂ ਦੇ ਚਰਨਾਂ ਦੀ ਧੂੜੀ ਦਾ ਦਾਨ ਮੈਨੂੰ ਮਿਲ ਜਾਵੇ, ਜਿਸ (ਧੂੜੀ) ਨਾਲ ਲੱਗ ਕੇ ਸੰਸਾਰ ਸਾਗਰ ਤੋਂ ਤਰ ਜਾਵਾਂ।

ਬਿਨਤਿ ਕਰਉ ਅਰਦਾਸਿ, ਸੁਨਹੁ ਜਿ ਠਾਕੁਰ ਭਾਵੈ ॥ ਦੇਹੁ ਦਰਸੁ ਮਨਿ ਚਾਉ, ਭਗਤਿ ਇਹੁ ਮਨੁ ਠਹਰਾਵੈ ॥ ਹੇ ਮਾਲਕ! ਮੈਂ ਬੇਨਤੀ ਕਰਦਾ ਹਾਂ, ਜੇ ਤੈਨੂੰ ਚੰਗਾ ਲੱਗੇ ਤਾਂ ਮੇਰੀ (ਕੀਤੀ ਹੋਈ) ਅਰਦਾਸ ਸੁਣ।ਮੇਰੇ ਮਨ ਵਿਚ ਚਾਉ ਹੈ ਕਿ ਤੂੰ ਮੈਨੂੰ ਅਪਣਾ ਦਰਸ਼ਨ ਬਖਸ਼ ਦੇਹ ਅਤੇ ਇਹ ਮਨ ਤੇਰੀ ਭਗਤੀ ਵਿਚ ਟਿਕ ਜਾਵੇ (ਹੋਰ ਪਾਸੇ ਨਾ ਡੋਲੇ)।

ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ ਇਕ ਨਾਮ ਧਰਮ ॥ ਪ੍ਰਗਟੁ ਸਗਲ ਹਰਿ ਭਵਨ ਮਹਿ, ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥ (ਅਗਿਆਨਤਾ ਦੇ) ਹਨ੍ਹੇਰੇ ਸੰਸਾਰ ਵਿਚ ਗੁਰੂ ਨਾਨਕ ਦੇਵ ਜੀ ਸੂਰਜ ਰੂਪ ਦੀਵਾ ਹੋ ਕੇ ਪ੍ਰਕਾਸ਼ੇ ਹਨ, ਉਨ੍ਹਾਂ ਦੇ ਚਲਾਏ ਨਾਮ ਧਰਮ ਦੇ ਆਸਰੇ ਕਲਜੁਗ (ਅੰਧਕਾਰ ਸੰਸਾਰ) ਦੇ ਸਾਰੇ ਲੋਕ ਤਰ ਰਹੇ ਹਨ {ਕਲਿਜੁਗੁ ਉਧਾਰਿਆ ਗੁਰਦੇਵ।ਮਲ ਮੂਤ ਮੂੜ ਜਿ ਮੁਘਦ ਹੋਤੇ, ਸਭਿ ਲਗੇ ਤੇਰੀ ਸੇਵ ੪੦੬}।ਹੇ ਹਰੀ! ਸਾਰੇ ਭਵਨਾਂ ਵਿਚ ਪ੍ਰਗਟ ਹੋ ਗਿਆ ਹੈ ਕਿ ਤੇਰਾ ਸੇਵਕ ਗੁਰੂ ਨਾਨਕ ਪਾਰਬ੍ਰਹਮ ਸਰੂਪ ਹੈ; ਗੁਰੂ ਅਰਜਨ ਦੇਵ ਜੀ ਆਖਦੇ ਹਨ, ਮੈਂ ਆਪ ਦਾ ਸੇਵਕ ਹਾਂ, ਪ੍ਰਭੂ ਦਾ ਸਰੂਪ ਗੁਰੂ ਨਾਨਕ ਦੇਵ ਜੀ ਸਾਰੇ ਭਵਨਾਂ ਵਿਚ ਪ੍ਰਗਟ ਹਨ; ਹੇ ਹਰੀ ਪ੍ਰਭੂ! ਤੇਰਾ ਸੇਵਕ ਗੁਰੂ ਨਾਨਕ ਦੇਵ ਸਾਰੇ ਬ੍ਰਹਮੰਡ ਵਿਚ ਪ੍ਰਗਟ ਹੋ ਗਿਆ ਹੈ।੯।

ਪਦਾਰਥ = ਪ੍ਰਭ–ਹੇ ਪ੍ਰਭੂ!।ਦਾਤਉ ਦਾਤਾਰ–ਦਾਤਿਆਂ ਦਾ ਦਾਤਾਰ (ਦਾਤਿਆਂ ਨੂੰ ਦਾਤਾਂ ਦੇਣ ਵਾਲਾ)।ਪਰ੍ਹਿਉ–(ਪਰਿਅਉ ਉਚਾਰੋ) ਪਿਆ ਹਾਂ।ਜਾਚਕੁ–ਮੰਗਤਾ।ਰੇਨ–ਧੂੜ (ਚਰਨਾਂ ਦੀ)।ਜੇਹ ਲਗਿ–ਜਿਸ ਨਾਲ ਲਗ ਕੇ।ਭਉਜਲੁ–ਸੰਸਾਰ ਸਾਗਰ।ਭਾਵੈ–ਚੰਗੀ ਲਗੇ ।ਬਿਨਤਿ ਕਰਉ–ਮੈਂ ਬੇਨਤੀ ਕਰਦਾ ਹਾਂ।ਜਿ–ਜੇ।ਠਾਕੁਰ–ਹੇ ਮਾਲਕ ਪ੍ਰਭੂ!।ਮਨਿ ਚਾਉ–ਮਨ ਵਿਚ ਚਾਉ ਹੈ।ਠਹਰਾਵੈ–ਟਿਕ

ਜਾਵੇ।ਚਰਾਗੁ-ਦੀਵਾ।ਅੰਧ੍ਯਾਰ ਮਹਿ-(ਅੰਧਿਆਰ ਬੋਲੋ) ਹਨ੍ਹੇਰੇ ਵਿਚ।ਕਲਿ-ਕਲਜੁਗ ਦੀ ਸ੍ਰਿਸਟੀ।ਉਧਰੀ-ਮੁਕਤ ਹੋ (ਤਰ) ਗਈ। ਨਾਮ ਧਰਮ-ਨਾਮ ਸਿਮਰਨ ਦੇ ਧਰਮ ਦੇ ਆਸਰੇ।ਸਗਲ ਭਵਨ-ਸਾਰੇ ਸੰਸਾਰ।ਜਨੁ ਨਾਨਕੁ-ਸੇਵਕ ਗੁਰੂ ਨਾਨਕ ਦੇਵ ਜੀ।੯।

(ਇਥੇ ਤਕ ਹਰੀ ਅਤੇ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਦੇ ੯ ਸਵਯੇ ਗੁਰੂ ਅਰਜਨ ਦੇਵ ਜੀ ਨੇ ਉਚਾਰੇ ਹਨ)।

ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ = ੧ੴ ਸਤਿਗੁਰ ਪ੍ਰਸਾਦਿ ॥

(ਹੁਣ ਗੁਰੂ ਅਰਜਨ ਦੇਵ ਜੀ ਭੱਟਾਂ ਨੂੰ ਦੇਹ ਅਭਿਮਾਨ ਦੂਰ ਕਰਨ ਦਾ ਉਪਦੇਸ਼ ਦੇਂਦੇ ਹਨ)।

ਕਾਚੀ ਦੇਹ ਮੋਹ ਫੁਨਿ ਬਾਂਧੀ, ਸਠ ਕਠੋਰ ਕੁਚੀਲ ਕੁਗਿਆਨੀ ॥ ਹੇ ਭਾਈ! ਇਹ ਦੇਹ ਕੱਚੀ (ਨਾਸ਼ਵੰਤ) ਹੈ, ਫਿਰ (ਮਨੁੱਖ ਸੱਚੀ ਜਾਣ ਕੇ) ਇਸ ਨੂੰ ਮੋਹ ਨਾਲ ਬੰਨ੍ਹੀ ਬੈਠਾ ਹੈ (ਕਿ ਸਦਾ ਜਿਉਂਦੇ ਰਹਿਣਾ ਹੈ), ਇਸ ਲਈ ਮਨੁੱਖ ਮੂਰਖ, (ਦਇਆ ਹੀਣ) ਕਠੋਰ ਦਿਲ, (ਵਿਸ਼ਿਆਂ ਵਿਚ ਖਚਿਤ ਹੋਣ ਕਰਕੇ ਮੈਲਾ) ਗੰਦਾ ਅਤੇ ਬੇ ਸਮਝ ਵਾਲਾ (ਗਿਆਨ ਹੀਣ) ਹੈ।

ਧਾਵਤ ਭਰਮਤ ਰਹਨੁ ਨਹੀ ਪਾਵਤ, ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥ (ਨਾਸ਼ਵੰਤ ਪਦਾਰਥਾਂ ਲਈ) ਦੌੜਿਆ ਫਿਰਦਾ ਹੈ, (ਇਸ ਕਰਕੇ ਮਨ ਦਾ) ਟਿਕਾਉ ਨਹੀ ਪ੍ਰਾਪਤ ਹੁੰਦਾ, (ਇਸ ਜੀਵ ਨੇ) ਹਰੀ ਦੇ ਗਿਆਨ; (ਪ੍ਰਭੂ) ਪ੍ਰਾਪਤੀ (ਦੇ ਸਾਧਨ) ਨੂੰ ਨਹੀ ਜਾਣਿਆ।

ਜੋਬਨ ਰੂਪ ਮਾਇਆ ਮਦ ਮਾਤਾ, ਬਿਚਰਤ ਬਿਕਲ ਬਡੌ ਅਭਿਮਾਨੀ ॥ ਫਿਰ ਇਹ ਜੀਵ ਜੁਆਨੀ ਦੇ ਸੋਹਣੇ ਰੂਪ ਅਤੇ ਮਾਇਆ ਦੇ ਹੰਕਾਰ ਵਿਚ ਮਸਤ ਹੋਇਆ ਫਿਰਦਾ ਹੈ, ਵੱਡਾ ਹੰਕਾਰੀ ਹੋ ਕੇ ਵਿਆਕਲ ਹੋਇਆ ਫਿਰਦਾ ਹੈ।

ਪਰ ਧਨ ਪਰ ਅਪਵਾਦ ਨਾਰਿ ਨਿੰਦਾ, ਯਹ ਮੀਠੀ ਜੀਅ ਮਾਹਿ ਹਿਤਾਨੀ ॥ ਪਰਾਇਆ ਧਨ ਖਾਣਾ, ਪਰਾਇਆਂ ਨਾਲ ਫਜੂਲ ਝਗੜੇ ਕਰਨੇ, ਪਰਾਈ ਔਰਤ ਨਾਲ ਪ੍ਰੇਮ ਕਰਨਾ, ਪਰਾਈ ਨਿੰਦਾ ਆਦਿ (ਇਹ ਸਭ) ਦਿਲ ਵਿਚ ਮਿੱਠੀਆਂ ਤੇ ਪਿਆਰੀਆਂ ਲਗਦੀਆਂ ਹਨ

ਬਲਬੰਚ ਛਪਿ ਕਰਤ ਉਪਾਵਾ, ਪੇਖਤ ਸੁਨਤ ਪ੍ਰਭ ਅੰਤਰਜਾਮੀ ॥ (ਇਨ੍ਹਾਂ ਦੀ ਪ੍ਰਾਪਤੀ ਲਈ) ਮਨੁੱਖ ਲੁਕ ਕੇ ਠੱਗੀ ਦੇ ਉਪਾਓ ਕਰਦਾ ਹੈ, (ਪਰ) ਅੰਤਰਜਾਮੀ ਇਸ ਦੇ (ਕੁਕਰਮਾਂ ਨੂੰ) ਦੇਖਦਾ ਤੇ ਸੁਣਦਾ ਹੈ (ਹਰੀ ਤੋਂ ਕੁਛ ਵੀ ਲੁਕਾਇਆ ਨਹੀ ਜਾ ਸਕਦਾ)।

ਸੀਲ ਧਰਮ ਦਯਾ ਸੁਚ ਨਾਸ੍ਤਿ ,ਆਇਓ ਸਰਨਿ ਜੀਅ ਕੇ ਦਾਨੀ ॥ (ਵਾਹਿਗੁਰੂ ਅੱਗੇ ਇਸ ਤਰ੍ਹਾਂ ਬੇਨਤੀ ਕਰੋ ਜਿਵੇਂ ਅਸੀਂ ਕਰਦੇ ਹਾਂ) ਹੇ ਪ੍ਰਭੂ! ਮੇਰੇ ਵਿਚ ਨੇਕ ਸੁਭਾਵ, ਧਰਮ, ਦਯਾ, ਪਵਿਤ੍ਰਤਾ ਆਦਿ ਸ਼ੁੱਭ ਗੁਣ ਨਹੀਂ ਹਨ, ਪਰ ਹੇ ਜੀਵਨ ਦਾਨ ਦੇਣ ਵਾਲੇ (ਪਭੂ)! ਮੈਂ ਆਪ ਜੀ ਦੀ ਸ਼ਰਣ ਵਿਚ ਆਇਆ ਹਾਂ।

ਕਾਰਣ ਕਰਣ ਸਮਰਥ ਸਿਰੀਧਰ, ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥ ਹੇ ਸਾਰੇ ਕਾਰਣਾਂ ਦੇ ਕਰਨ ਵਾਲੇ ਸਰਬ ਸ਼ਕਤੀ ਮਾਨ ਮਾਇਆ ਪਤੀ ਵਾਹਿਗੁਰੂ! ਹੇ ਨਾਨਕ ਦੇ ਮਾਲਕ! ਮੈਨੂੰ (ਵਿਕਾਰਾਂ ਤੋਂ) ਬਚਾ ਲਵੋਂ।

ਪਦਾਰਥ = ਸ੍ਰੀ ਮੁਖ ਬਾਕ੍ਯ-ਸੁੰਦਰ ਮੁਖ ਤੋਂ ਉਚਾਰੇ ਬਚਨ।ਕਾਚੀ-ਅਸਥਿਰ; ਨਾਸ਼ਵੰਤ।ਦੇਹ-ਸਰੀਰ।ਫੁਨਿ-ਫਿਰ।ਬਾਂਧੀ-ਬੰਨ੍ਹੀ ਬੈਠਾ ਹੈ।ਸਠ-ਮੂਰਖ (ਸੱਠ ਨਾ ਬੋਲੋ, ਥੋੜਾ ਪੋਲਾ ਜਿਹਾ ਬੋਲੋ)।ਕਠੋਰ-ਕਰੜਾ।ਕੁਚੀਲ-ਗੰਦਾ।ਕੁਗਿਆਨੀ-ਅਗਿਆਨੀ; ਬੇ ਸਮਝ ।ਧਾਵਤ ਭ੍ਰਮਤ-(ਚਲੇ ਜਾਣ ਵਾਲੇ) ਨਾਸ਼ਵੰਤ ਪਦਾਰਥਾਂ ਲਈ ਭਟਕਦਾ ਫਿਰਦਾ ਹੈ।ਰਹਨੁ-ਟਿਕਾਉ।ਗਤਿ-ਗਿਆਨ; ਪ੍ਰਾਪਤੀ; ਉਚੀ ਆਤਮ ਅਵਸਥਾ।ਜੋਬਨ-ਜਵਾਨੀ।ਰੂਪ-ਸੁੰਦ੍ਰਤਾ।ਮਦ ਮਾਤਾ-ਨਸ਼ਾ (ਹੰਕਾਰ) ਵਿਚ ਮਸਤ।ਬਿਚਰਤ-ਬਿਚਰਦਾ ਹੈ।ਬਿਕਲ-ਵਿਆਕਲ ਹੋਇਆ।ਬਡੌ-ਵੱਡਾ।ਪਰ ਅਪਵਾਦ-ਪਰਾਏ ਝਗੜੇ; ਦੂਜਿਆਂ ਨਾਲ ਬਿਅਰਥ ਬਹਿਸਾਂ।ਨਾਰਿ-ਇਸਤ੍ਰੀ।ਜੀਅ ਮਾਹਿ-ਦਿਲ ਵਿਚ।ਹਿਤਾਨੀ-ਪਿਆਰੀਆਂ ਲਗਦੀਆਂ ਹਨ।ਬਲਬੰਚ-ਅਪਣੀ ਤਾਕਤ ਨਾਲ ਖੋਹ ਲੈਂਦਾ ਹੈਂ; ਠੱਗੀ।ਛਪਿ-ਲੁਕ ਕੇ।ਪੇਖਤ-ਦੇਖਦਾ ਹੈ।ਅੰਤਰਜਾਮੀ-ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਸੀਲ-ਨੇਕ ਸੁਭਾਵ।ਨਾਸ੍ਤਿ-ਨਹੀਂ।ਜੀਅ ਕੇ ਦਾਨੀ-ਜੀਵਨ ਦਾਨ ਦੇਣ ਵਾਲਾ।ਕਾਰਣ ਕਰਣ-ਜਗਤ ਦਾ ਮੂਲ; ਰਚਣਹਾਰ; ਕਾਰਣਾਂ ਦੇ ਕਰਨ ਵਾਲਾ।ਸਿਰੀ ਧਰ-ਮਾਇਆ ਪਤੀ ਪ੍ਰਭੂ।੧।

ਕੀਰਤਿ ਕਰਨ ਸਰਨ ਮਨਮੋਹਨ, ਜੋਹਨ ਪਾਪ ਬਿਦਾਰਨ ਕਉ ॥ ਵਾਹਿਗੁਰੂ ਦੀ ਸਿਫਤ ਕਰਨੀ ਅਤੇ ਮਨ ਨੂੰ ਮੋਹ ਲੈਣ ਵਾਲੇ ਹਰੀ ਦੀ ਸ਼ਰਣ ਵਿਚ ਆਉਣਾ (ਇਹ ਦੋ ਕਰਮ) ਜੋ ਹਨ, ਪਾਪਾਂ ਨੂੰ ਨਾਸ਼ ਕਰਨ ਲਈ (ਸਮਰੱਥ) ਹਨ ਜਾਂ ਪਾਪਾਂ ਨੂੰ ਨਾਸ਼ ਕਰਨ ਵਾਸਤੇ ਦੇਖਦੇ ਹਨ ਭਾਵ ਨਸ਼ਟ ਕਰ ਦੇਂਦੇ ਹਨ; ਹਰੀ ਦੀ ਕੀਰਤੀ ਕਰਨੀ ਅਤੇ ਉਸਦੀ ਸ਼ਰਣ ਵਿਚ ਆਉਣਾ (ਇਹ ਦੋਵੇਂ ਕਰਮ) ਪਾਪਾਂ ਨੂੰ ਜੋਹਣ (ਦਬਾਉਣ) ਅਤੇ ਦੂਰ ਕਰਨ ਲਈ ਹਨ (ਸ਼ਬਦਾਰਥ; ਮ.ਕੋ.)।

ਹਰਿ ਤਾਰਨ ਤਰਨ ਸਮਰਥ ਸਭੈ ਬਿਧਿ, ਕੁਲਹ ਸਮੂਹ ਉਧਾਰਨ ਸਉ ॥ ਹਰੀ (ਸੰਸਾਰ ਸਮੁੰਦਰ ਤੋਂ) ਤਾਰਨ ਲਈ ਹਰ ਤਰ੍ਹਾਂ ਨਾਲ ਜਹਾਜ ਵਾਂਙ ਸਮਰੱਥ ਹੈ ਅਤੇ (ਅਪਣੇ ਸੇਵਕਾਂ ਦੀਆਂ) ਸਮੂੰਹ ਕੁੱਲਾਂ ਦਾ ਉਧਾਰ ਕਰਨ ਲਈ (ਵੀ ਸਮਰੱਥ) ਹੈ।

ਚਿਤ ਚੇਤਿ ਅਚੇਤ ਜਾਨਿ ਸਤਸੰਗਤਿ, ਭਰਮ ਅੰਧੇਰ ਮੋਹਿਓ ਕਤ ਧੰਉ ॥ ਹੇ ਅਚੇਤ ਚਿਤ (ਭੁੱਲੇ ਮਨ)! ਸੱਤ ਸੰਗਤ ਵਿਚ ਹਰੀ ਨੂੰ ਵਸਦਾ (ਜਾਂ ਸੱਤ ਸੰਗਤ ਰਾਹੀਂ) ਸਮਝ ਕੇ ਸਿਮਰ, ਭਰਮ ਦੇ ਹਨ੍ਹੇਰੇ ਦਾ ਠੱਗਿਆ ਹੋਇਆ ਕਿਧਰ ਭਟਕਦਾ ਫਿਰਦਾ ਹੈਂ?

ਮੂਰਤ ਘਰੀ ਚਸਾ ਪਲੁ ਸਿਮਰਨ, ਰਾਮ ਨਾਮੁ ਰਸਨਾ ਸੰਗਿ ਲਉ ॥ ਹੋਛਉ ਕਾਜੁ ਅਲਪ ਸੁਖ ਬੰਧਨ, ਕੋਟਿ ਜਨੰਮ ਕਹਾ ਦੁਖ ਭੰਉ

॥ ਦੋ ਘੜੀਆਂ, ਇਕ ਘੜੀ, ਚਸਾ, ਪਲ (ਥੋੜਾ ਸਮਾਂ) ਸਿਮਰਨ ਕਰ, ਰਸਨਾ ਨਾਲ ਵੀ ਰਾਮ ਦੇ ਨਾਮ ਨੂੰ ਜਪ।(ਦੁਨੀਆਂ ਦਾ) ਕੰਮ ਹੋਛਾ ਹੈ, ਇਸ ਦੇ ਸੁਖ ਥੋੜੇ ਅਤੇ ਬੰਧਨ ਰੂਪ ਹਨ (ਇਹ ਸੁੱਖ ਭੋਗ ਕੇ) ਕਿਉਂ ਕ੍ਰੋੜਾਂ ਜਨਮ ਦੁਖਾਂ ਵਿਚ ਭਉਂਦਾ ਫਿਰਦਾ ਹੈਂ?

ਸਿਖ੍ਯਾ ਸੰਤ ਨਾਮੁ ਭਜੁ ਨਾਨਕ, ਰਾਮ ਰੰਗਿ ਆਤਮ ਸਿਉ ਰੰਉ ॥੨॥ ਗੁਰੂ ਜੀ ਆਖਦੇ ਹਨ, ਹੇ ਭਾਈ! (ਇਨ੍ਹਾਂ ਦੁਖਾਂ ਤੋਂ ਬਚਣ ਲਈ) ਸੰਤਾਂ ਦੀ ਸਿਖਿਆ ਲੈ ਕੇ ਹਰੀ ਦਾ ਨਾਮ ਜਪ, ਮਨ ਦੇ ਪ੍ਰੇਮ ਨਾਲ ਹਰੀ ਦਾ ਭਜਨ ਕਰ।੨।

ਪਦਾਰਥ = ਕੀਰਤਿ ਕਰਨ–ਸਿਫਤ ਕਰਨਾ।ਮਨਮੋਹਨ–ਮਨ ਨੂੰ ਮੋਹ ਲੈਣ ਵਾਲਾ ਹਰੀ।ਜੋਹਨ–ਜੋ (ਪਾਪ) ਹਨ; ਦਬਾਉਣਾ। ਬਿਦਾਰਨ ਕਉ–ਦੂਰ ਕਰਨ ਲਈ।ਸਭੈ ਬਿਧਿ–ਹਰ ਤਰ੍ਹਾਂ ਨਾਲ।ਕੁਲਹ ਸਮੂਹ–ਸਾਰੀਆਂ ਕੁਲਾਂ ਦਾ।ਉਧਾਰਨ ਸਉ–ਉਧਾਰ ਕਰਨ ਵਾਸਤੇ।ਚਿਤ ਅਚੇਤ–ਹੇ ਮੂਰਖ ਮਨ!।ਚੇਤਿ–ਸਿਮਰਨ ਕਰ।ਜਾਨਿ–ਜਾਣ ਕੇ।ਮੋਹਿਓ–ਠੱਗਿਆ ਹੋਇਆ।ਕਤ ਧਾਂਉ–ਕਿਧਰ ਭੱਜਾ ਫਿਰਦਾ ਹੈ? ਮੂਰਤ–ਦੋ ਘੜੀਆਂ ਦਾ ਸਮਾਂ।ਘਰੀ–ਘੜੀ (੨੪ ਕੁ ਮਿੰਟਾਂ ਦੀ)।ਚਸਾ–੧੫ ਵਾਰ ਅੱਖਾਂ ਝਮਕਣ ਦਾ ਸਮਾਂ।ਤੀਹ ਚਸਿਆਂ ਦਾ ਇਕ ਪਲ।ਸੱਠਾਂ ਪਲਾਂ ਦੀ ਇਕ ਘੜੀ।ਰਸਨਾ ਸੰਗਿ–ਜੀਭ ਨਾਲ।ਲਉ–ਉਚਾਰਨ ਕਰ; ਲੈਣਾ ਕਰ।ਹੋਛਉ–ਘਟੀਆ; ਤੁੱਛ; ਨਿਕੰਮਾ।ਕਾਜੁ–ਕੰਮ।ਅਲਪ–(ਅਲੱਪ ਨਾ ਬੋਲੋ) ਥੋੜੇ।ਕਹਾ–ਕਿਉਂ।ਭਉ–ਭਟਕਦਾ ਫਿਰਦਾ ਹੈਂ।ਸਿਖ੍ਯਾ ਨੂੰ ਸਿੱਖਿਆ ਪੜ੍ਹੋ। ਰਾਮ ਰੰਗਿ–ਰਾਮ ਦੇ ਪਿਆਰ ਵਿਚ।ਰਉ–ਸਿਮਰੋ।੨।

ਰੰਚਕ ਰੇਤ ਖੇਤ ਤਨਿ ਨਿਰਮਿਤ, ਦੁਰਲਭ ਦੇਹ ਸਵਾਰਿ ਧਰੀ ॥ (ਹੇ ਭਾਈ! ਪ੍ਰਭੂ ਨੇ) ਮਾਤਾ ਦੇ ਸਰੀਰ ਰੂਪ ਖੇਤ ਵਿਚ ਪਿਤਾ ਦੀ ਥੋੜੀ ਜਿਹੀ ਬਿੰਦ ਨਿਰਮਾਣ (ਪ੍ਰਵੇਸ਼) ਕੀਤੀ ਤਾਂ ਦੁਰਲੱਭ ਦੇਹ ਬਣਾ ਕੇ ਰੱਖ ਦਿਤੀ।

ਖਾਨ ਪਾਨ ਸੋਧੇ ਸੁਖ ਭੁੰਚਤ, ਸੰਕਟ ਕਾਟਿ ਬਿਪਤਿ ਹਰੀ ॥ (ਜਿਸ ਹਰੀ ਦੀ ਕ੍ਰਿਪਾ ਨਾਲ ਤੂੰ) ਖਾਣ ਲਈ ਭੋਜਨ, ਪੀਣ ਲਈ ਪਾਣੀ ਤੇ ਦੁੱਧ, ਰਹਿਣ ਲਈ ਘਰ ਦੇ ਸੁਖ ਭੋਗਦਾ ਹੈਂ; (ਮਾਤਾ ਪਿਤਾ ਬੱਚੇ ਨੂੰ ਖਾਣਾ ਪੀਣਾ ਸਭ ਸੋਧ ਕੇ ਦੇਂਦੇ ਹਨ, ਸੋ) ਸੋਧੇ ਹੋਏ ਖਾਨ ਪਾਨ ਦਾ ਸੁੱਖ ਲੈਂਦਾ ਹੈ (ਭਾ. ਵੀਰ ਸਿੰਘ), ਮਾਤਾ ਦੇ ਪੇਟ ਦਾ ਸੰਕਟ ਕੱਟ ਕੇ ਤੇਰੀ ਬਿਪਤਾ ਦੂਰ ਕੀਤੀ ਹੈ।

ਮਾਤ ਪਿਤਾ ਭਾਈ ਅਰੁ ਬੰਧਪ, ਬੂਝਨ ਕੀ ਸਭ ਸੂਝ ਪਰੀ ॥ ਬਰਧਮਾਨ ਹੋਵਤ ਦਿਨ ਪ੍ਰਤਿ ਨਿਤ, ਆਵਤ ਨਿਕਟਿ ਬਿਖੰਮ ਜਰੀ ॥ (ਹਰੀ ਦੀ ਕ੍ਰਿਪਾ ਨਾਲ ਤੈਨੂੰ) ਮਾਤਾ, ਪਿਤਾ, ਭਰਾ ਅਤੇ ਰਿਸ਼ਤੇਦਾਰਾਂ ਨੂੰ ਸਮਝਣ ਦੀ ਸੋਝੀ ਪਈ (ਮਾਤਾ ਪਿਤਾ, ਭੈਣ ਭਰਾ ਸਭ ਨੂੰ ਪਹਿਚਾਨਣ ਦੀ ਸੋਝੀ ਬਖਸੀ ਹੈ)।ਪ੍ਰਤੀ ਦਿਨ ਰੋਜ ਤੇਰਾ ਸਰੀਰ ਵਧਦਾ ਜਾਂਦਾ ਹੈ (ਪਰ ਭਜਨ ਨਹੀ ਕਰਦਾ) ਬੜੀ ਦੁਖਦਾਈ ਬਿਰਧ ਅਵਸਥਾ ਨੇੜੇ ਆ ਰਹੀ ਹੈ।

ਰੇ ਗੁਨ ਹੀਨ ਦੀਨ ਮਾਇਆ ਕ੍ਰਿਮ, ਸਿਮਰਿ ਸੁਆਮੀ ਏਕ ਘਰੀ ॥ ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ, ਨਾਨਕ ਕਾਟਿ ਭਰੰਮ ਭਰੀ ॥੩॥ ਹੇ ਗੁਣਾਂ ਤੋਂ ਖਾਲੀ, (ਨਾਮ ਧਨ ਤੋਂ) ਕੰਗਾਲ ਅਤੇ ਮਾਇਆ ਦੇ ਕੀੜੇ! (ਤੈਨੂੰ ਹਰੀ ਨੇ ਸਭ ਕੁਛ ਦਿਤਾ ਹੈ) ਇਕ ਘੜੀ ਹੀ ਉਸ ਹਰੀ ਨੂੰ ਯਾਦ ਕਰ।ਹੇ ਕ੍ਰਿਪਾਲੂ, ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਮੇਰਾ (ਮਨ ਰੂਪ) ਹੱਥ ਫੜ ਲਵੋਂ ਅਤੇ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਅੱਗੇ ਇਉਂ ਬੇਨਤੀ ਕਰੋ) ਮੇਰੇ ਸਿਰੋਂ ਭਰਮਾਂ ਦੀ ਭਰੀ (ਪੰਡ) ਕੱਟ (ਨਾਸ਼ ਕਰ) ਦੇਵੋਂ; ਭਲੀ ਪ੍ਰਕਾਰ ਕੱਟ ਦਿਓ; ਭਰਮ ਵਿਚ ਬੁੱਧੀ ਭਰੀ ਪਈ ਹੈ, ਇਸ ਨੂੰ ਕੱਟ ਦਿਓ।੩।

ਪਦਾਰਥ = ਰੰਚਕ–ਰੱਤਾ ਭਰ।ਰੇਤ–ਪਿਤਾ ਦੀ ਬਿੰਦ।ਖੇਤ–(ਮਾਂ ਦਾ ਪੇਟ ਰੂਪ) ਖੇਤ।ਨਿਰਮਿਤ–ਨਿਰਮਾਣ ਕੀਤਾ; ਰੱਖਿਆ; ਪ੍ਰਵੇਸ਼ ਹੋਇਆ; ਨਿੰਮਿਆ।ਸਵਾਰਿ ਧਰੀ–ਬਣਾ ਰੱਖੀ।ਸੋਧੇ–ਮਕਾਨ; ਰਾਜ ਮਹਿਲ; ਸੋਧ ਕੇ।ਭੁੰਚਤ–ਭੋਗਦਾ ਹੈ।ਸੰਕਟ–ਦੁਖ; ਕਸ਼ਟ। ਬਿਪਤਿ–ਦੁਖ; ਮੁਸੀਬਤ।ਹਰੀ–ਦੂਰ ਕੀਤੀ।ਅਰੁ–ਅਤੇ।ਬੰਧਪ–ਰਿਸ਼ਤੇਦਾਰ।ਸੂਝ ਪਰੀ–ਸਮਝ ਪਈ।ਬਰਧਮਾਨ–ਵਧਦਾ ਜਾਂਦਾ (ਉਮਰ ਵਧਦੀ) ਹੈ।ਬਿਖੰਮ–ਦੁਖ ਦਾਈ।ਨਿਕਟਿ–ਨੇੜੇ।ਜਰੀ–ਬੁਢੇਪਾ।ਦੀਨ–ਕੰਗਾਲ।ਕ੍ਰਿਮ–ਕੀੜਾ।ਕਰੁ–ਹੱਥ।ਗਹਿ ਲੇਹੁ–ਫੜ ਲਓ।ਕ੍ਰਿਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!।ਭਰੰਮ ਭਰੀ–ਭਰਮਾਂ ਦੀ ਪੰਡ; ਬੋਝ।੩।

ਸਾਰ = ਹਰੀ ਦੇ ਉਪਕਾਰ ਚੇਤੇ ਕਰਾ ਕੇ ਗੁਰੂ ਜੀ ਸਾਨੂੰ ਭਜਨ ਲਈ ਪ੍ਰੇਰਦੇ ਹਨ।

ਰਕਤੁ ਬਿੰਦੁ ਕਰਿ ਨਿੰਮਿਆ, ਅਗਨਿ ਉਦਰ ਮਝਾਰਿ।ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ। (੭੦੬)

ਰੇ ਮਨ ਮੂਸ ਬਿਲਾ ਮਹਿ ਗਰਬਤ, ਕਰਤਬ ਕਰਤ ਮਹਾਂ ਮੁਘਨਾ ॥ ਸੰਪਤ ਦੋਲ ਝੋਲ ਸੰਗਿ ਝੂਲਤ, ਮਾਇਆ ਮਗਨ ਭ੍ਰਮਤ ਘੁਘਨਾ ॥ ਹੇ ਮਨ ਰੂਪ ਚੂਹੇ! ਦੇਹ ਰੂਪ ਖੁੱਡ ਚ ਬੈਠਾ ਹੰਕਾਰ ਕਰਦਾ ਹੈਂ, ਮਹਾਂ ਮੂਰਖਾਂ ਵਾਲੇ ਕੰਮ ਕਰਦਾ ਹੈਂ।ਤੂੰ ਧਨ ਪਦਾਰਥ ਰੂਪ ਪੰਘੂੜੇ ਵਿਚ ਹੁਲਾਰੇ ਲੈ ਕੇ ਝੂਲ ਰਿਹਾ ਹੈਂ, ਮਾਇਆ ਦੀ ਮਸਤੀ ਵਿਚ ਉਲੂ ਵਾਂਗ (ਸੰਸਾਰ ਵਿਚ) ਭਟਕ ਰਿਹਾ ਹੈ।

ਸੁਤ ਬਨਿਤਾ ਸਾਜਨ ਸੁਖ ਬੰਧਪ, ਤਾਸਿਉ ਮੋਹੁ ਬਢਿਓ ਸੁ ਘਨਾ ॥ ਬੋਇਓ ਬੀਜੁ ਅਹੰ ਮਮ ਅੰਕੁਰੁ, ਬੀਤਤ ਅਉਧ ਕਰਤ ਅਘਨਾ ॥ ਪੁਤ੍ਰ, ਇਸਤ੍ਰੀ, ਮਿਤ੍ਰ ਅਤੇ ਸਾਕ,(ਇਨ੍ਹਾਂ ਸਭ ਨੂੰ) ਸੁੱਖ ਦੇਣ ਵਾਲੇ ਜਾਣ ਕੇ, ਇਨ੍ਹਾਂ ਨਾਲ ਤੇਰਾ ਬਹੁਤ ਮੋਹ ਵਧਿਆ ਹੋਇਆ ਹੈ ।(ਅਪਣੇ ਦਿਲ ਵਿਚ ਤੈਂ) ਹੰਕਾਰ ਦਾ ਬੀਜ ਬੀਜਿਆ ਹੈ (ਜਿਸ ਤੋਂ) ਮਮਤਾ ਦਾ ਅੰਗੂਰ ਫੁੱਟਿਆ ਹੈ ਅਤੇ ਪਾਪ ਕਰਮ ਕਰਦਿਆਂ ਤੇਰੀ ਸਾਰੀ ਉਮਰੀ (ਵਿਅਰਥ) ਬੀਤਦੀ ਜਾਂਦੀ ਹੈ।

ਅੰਗ ੧੩੮੮ = ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ, ਭੁੰਚਤ ਭੁਗਤਿ ਭੂਖ ਭੁਖਨਾ ॥ ਮੌਤ ਰੂਪ ਬਿੱਲਾ ਮੂੰਹ ਖੋਲ੍ਹ ਕੇ ਤੈਨੂੰ ਦੇਖ ਰਿਹਾ ਹੈ, (ਜਿਵੇਂ ਬਿੱਲੀ ਸ਼ਹਿ ਲਾ ਕੇ ਚੂਹੇ ਨੂੰ ਦੇਖਦੀ ਹੈ) ਪਰ ਤੂੰ ਭੋਗਾਂ ਨੂੰ ਭੋਗਦਾ ਹੋਇਆ (ਤ੍ਰਿਸ਼ਨਾ ਕਰਕੇ) ਭੁੱਖੇ ਦਾ ਭੁੱਖਾ ਹੀ ਹੈਂ; (ਮੌਤ ਰੂਪ ਬਿੱਲਾ ਜੀਵ ਰੂਪ) ਭੋਜਨ ਖਾਂਦਾ ਹੋਇਆ ਭੁੱਖੇ ਦਾ ਭੁੱਖਾ ਹੀ ਹੈ (ਜੀਵਾਂ ਨੂੰ ਮਾਰਦਾ ਰੱਜਦਾ ਨਹੀਂ); ਤੂੰ ਤਾਂ ਚੰਗੇ ਚੰਗੇ ਭੋਜਨ ਖਾਂਦਾ ਹੈਂ, ਪਰ ਮੌਤ ਰੂਪ ਬਿੱਲਾ ਤੇਰੀ ਭੁੱਖ ਦਾ ਭੁੱਖਾ ਹੈ।

ਸਿਮਰਿ ਗੁਪਾਲ ਦਇਆਲ ਸਤਸੰਗਤਿ, ਨਾਨਕ ਜਗੁ ਜਾਨਤ ਸੁਪਨਾ ॥੪॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! (ਜੇ ਤੂੰ ਮੌਤ ਤੋਂ ਬਚਣਾ ਚਾਹੁੰਦਾ ਹੈਂ, ਤਾਂ) ਜਗਤ ਨੂੰ ਸੁਫਨਾ ਜਾਣਦਿਆਂ ਹੋਇਆਂ (ਗੁਰੂ ਦੀ) ਸੱਤ ਸੰਗਤ ਵਿਚ ਜਾ ਕੇ ਦਿਆਲੂ ਵਾਹਿਗੁਰੂ ਨੂੰ ਯਾਦ ਕਰ; (ਉਨ੍ਹਾਂ ਸੰਤਾਂ ਦੀ) ਸੱਤ ਸੰਗਤ ਵਿਚ ਦਿਆਲ ਗੁਪਾਲ ਦਾ ਸਿਮਰਨ ਕਰ (ਜਿਹੜੇ) ਜਗਤ ਨੂੰ ਸੁਪਨੇ ਵਾਂਗ ਝੂਠਾ ਜਾਣਦੇ ਹਨ (ਸੰ. ਸ.; ਫ. ਸ.; ਟਕਸਾਲ)।੪।

ਪਦਾਰਥ = ਮੂਸ–ਚੂਹਾ।ਬਿਲਾ ਮਹਿ–ਖੁੱਡ ਵਿਚ।ਗਰਬਤ–ਹੰਕਾਰ ਕਰਦਾ ਹੈ।ਕਰਤਬ–ਕੰਮ।ਮਹਾਂ ਮੁਘਨਾ–ਮਹਾਂ ਮੂਰਖ।ਸੰਪਤ–ਸੰਪਤੀ (ਧਨ ਪਦਾਰਥ ਹਾਥੀ ਘੋੜੇ ਆਦਿ)। ਦੋਲ–ਪੰਘੂੜਾ; ਚੰਡੋਲ।ਝੋਲ ਸੰਗਿ ਝੂਲਤ–ਹੁਲਾਰੇ ਨਾਲ ਤੂੰ ਝੂਲਦਾ ਹੈਂ।ਮਗਨ–ਮਸਤੀ ਵਿਚ।ਘੁਘਨਾ–ਉਲੂ ਵਾਂਗ।ਸੁਤ–ਪੁਤ੍ਰ।ਬਨਿਤਾ–ਇਸਤ੍ਰੀ।ਬੰਧਪ–ਰਿਸ਼ਤੇਦਾਰ।ਤਾ ਸਿਉ–ਉਨ੍ਹਾਂ ਨਾਲ।ਬਢਿਓ–ਵਧਿਆ ਹੋਇਆ ਹੈ।ਸੁ ਘਨਾ–ਬਹੁਤ।ਬੋਇਓ–ਬੀਜਿਆ।ਅਹੰ–ਹੰਕਾਰ।ਮਮ–ਮਮਤਾ।ਅੰਕੁਰੁ–ਅੰਗੂਰ।ਬੀਤਤ–ਬੀਤਦੀ ਹੈ।ਬੀਤਤ–ਬੀਤਦੀ ਜਾਂਦੀ ਹੈ।ਅਉਧ–ਉਮਰ।ਅਘਨਾ–ਪਾਪ।ਮਿਰਤੁ–ਮੌਤ।ਮੰਜਾਰ–ਬਿੱਲਾ।ਪਸਾਰਿ–ਖੋਲ੍ਹ ਕੇ।ਨਿਰਖਤ–ਦੇਖ ਰਿਹਾ ਹੈ।ਭੁੰਚਤ–ਭੋਗਦਾ (ਖਾਂਦਾ) ਹੈ।ਭੁਗਤਿ–(ਜੀਵ ਰੂਪ) ਭੋਜਨ ਨੂੰ।ਭੂਖ ਭੁਖਨਾ–ਭੁੱਖੇ ਦਾ ਭੁੱਖਾ ਹੈ।੪।

ਦੇਹਨ ਗੇਹਨ ਨੇਹ ਨ ਨੀਤਾ, ਮਾਇਆ ਮਤ ਕਹਾ ਲਉ ਗਾਰਹੁ ॥ ਹੇ ਮਾਇਆ ਵਿਚ ਮਸਤ ਹੋਏ (ਮਨੁੱਖ! ਇਹ) ਦੇਹਾਂ, ਘਰਾਂ (ਜਾਂ ਇਸਤ੍ਰੀਆਂ) ਦਾ ਮੋਹ ਸਦਾ ਰਹਿਣ ਵਾਲੇ ਨਹੀਂ ਹਨ, ਕਦ ਤਕ ਇਨ੍ਹਾਂ ਦਾ ਹੰਕਾਰ ਕਰਦਾ ਰਹੇਂਗਾ; ਕਦੋਂ ਤਕ (ਇਨ੍ਹਾਂ ਵਿਚ ਅਪਣੇ ਆਪ ਨੂੰ) ਗਾਲਦਾ ਰਹੇਂਗਾ; ਗਰਕਦਾ ਰਹੇਂਗਾ?

ਛਤ੍ਰਨ ਪਤ੍ਰਨ ਚਉਰ ਨ ਚਾਵਰ, ਬਹਤੀ ਜਾਤ ਰਿਦੈ ਨ ਬਿਚਾਰਹੁ ॥ (ਰਾਜਿਆਂ ਦੇ ਸਿਰਾਂ ਤੇ ਝੁੱਲਣ ਵਾਲੇ) ਛਤ੍ਰ, (ਜਾਰੀ ਕੀਤੇ ਹੋਏ) ਹੁਕਮ ਨਾਮੇ, ਚੌਰ ਅਤੇ ਚੌਰ ਕਰਨ ਵਾਲੇ (ਇਹ ਸ਼ਾਹੀ ਠਾਠ ਬਾਠ ਸਦਾ) ਨਹੀ ਰਹਿਣੇ (ਇਨ੍ਹਾਂ ਚੀਜਾਂ ਵਿਚ ਲੱਗ ਕੇ ਤੇਰੀ) ਉਮਰ ਨਿਸਫਲ ਬੀਤਦੀ ਜਾ ਰਹੀ ਹੈ (ਪਰ ਮਾਇਆ ਵਿਚ ਮਸਤ ਹੋਏ ਕਰਕੇ ਤੂੰ) ਦਿਲ ਵਿਚ ਬਿਚਾਰਦਾ ਹੀ ਨਹੀਂ।

ਰਥਨ ਅਸ੍ਵਨ ਗਜ ਸਿੰਘਾਸਨ, ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥ ਰਥਾਂ, ਘੋੜਿਆਂ, ਹਾਥੀਆਂ (ਦੀਆਂ ਸਵਾਰੀਆਂ) ਸਿੰਘਾਸਨ (ਸ਼ੇਰ ਦੇ ਮੂੰਹ ਵਰਗੀਆਂ ਰਾਜ ਗੱਦੀਆਂ, ਇਹ ਸਾਰੇ ਅੰਤ ਸਮੇਂ ਨਾਲ ਨਹੀਂ ਜਾਂਦੇ), ਛਿਨ ਵਿਚ ਛੱਡ ਕੇ ਨੰਗੇ ਹੀ ਚਲੇ ਜਾਵੇਂਗਾ।

ਸੂਰਨ ਬੀਰਨ ਮੀਰ ਨ ਖਾਨਮ, ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥ (ਰਥੀ) ਸੂਰਮੇ ਬਹਾਦਰ (ਮਹਾਂ ਰਥੀ), ਪਾਤਸ਼ਾਹ ਤੇ ਸਰਦਾਰ ਆਦਿ ਜੋ ਨਿਗ੍ਹਾ ਨਾਲ ਦੇਖਦਾ ਹੈਂ, (ਇਨ੍ਹਾਂ ਵਿਚੋਂ) ਕਿਸੇ ਨੇ ਵੀ ਨਾਲ ਨਹੀ ਜਾਣਾ; (ਵਿਚਾਰ ਵਾਲੀ) ਨਿਗਾਹ ਨਾਲ ਦੇਖ ਲੈ।

ਕੋਟਨ ਓਟਨ ਕੋਸ ਨ ਛੋਟਾ, ਕਰਤ ਬਿਕਾਰ ਦੋਊ ਕਰ ਝਾਰਹੁ ॥ ਇਨ੍ਹਾਂ ਕਿਲਿਆਂ ਅਤੇ ਖਜਾਨਿਆਂ ਦੇ ਆਸਰਿਆਂ ਨਾਲ (ਤੇਰਾ ਮੌਤ ਤੋਂ) ਛੁਟਕਾਰਾ ਨਹੀ ਹੋਣਾ, ਦੋਵੇਂ ਹੱਥ ਝਾੜ ਕੇ (ਬੇ ਪ੍ਰਵਾਹ ਹੋ ਕੇ) ਵਿਕਾਰ ਕਰਦਾ ਹੈਂ; ਦੋਵੇਂ ਹੱਥ ਝਾੜ ਕੇ (ਖਾਲੀ ਹੱਥ) ਜਾਵੇਂਗਾ।

ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ, ਉਲਟਤ ਜਾਤ ਬਿਰਖ ਕੀ ਛਾਂਰਹੁ ॥ ਮਿਤ੍ਰ, ਪੁਤ੍ਰ, ਇਸਤ੍ਰੀ, ਪਿਆਰੇ ਸਜਨ ਅਤੇ ਸਾਥੀ ਆਦਿ (ਅੰਤ ਸਮੇਂ) ਬ੍ਰਿਛ ਦੀ ਛਾਂ ਵਾਂਗ ਉਲਟ (ਬਦਲ) ਜਾਂਦੇ ਹਨ (ਕਿਸੇ ਨੇ ਵੀ ਸਹਾਇਤਾ ਨਹੀਂ ਕਰਨੀ, ਕਿਉਂਕਿ ਇਕ ਰਸ ਨਹੀਂ ਰਹਿੰਦੇ।ਦੀਨ ਦਯਾਲ ਪੁਰਖ ਪ੍ਰਭ ਪੂਰਨ, ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥(ਇਸ ਲਈ) ਹੇ ਭਾਈ! ਗਰੀਬਾਂ ਉਪਰ ਦਇਆ ਕਰਨ ਵਾਲੇ, ਮਨ ਬਾਣੀ ਦੀ ਪਹੁੰਚ ਤੋਂ ਪਰੇ ਵਿਆਪਕ ਪ੍ਰਭੂ ਪੁਰਖ ਦਾ ਹਰ ਖਿਨ ਸਿਮਰਨ ਕਰੋ (ਜੋ ਅੰਤ ਸਮੇਂ ਸਹਾਈ ਹੁੰਦਾ ਹੈ)।

ਸ੍ਰੀਪਤਿ ਨਾਥ ਸਰਣਿ ਨਾਨਕ ਜਨ, ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥੫॥ ਹੇ ਮਾਇਆ ਪਤੀ! ਹੇ ਮਾਲਕ! ਦਾਸ ਨਾਨਕ ਤੇਰੀ ਸ਼ਰਣ ਵਿਚ ਆਇਆ ਹੈ, ਹੇ ਭਗਵੰਤ! ਮੈਨੂੰ ਕ੍ਰਿਪਾ ਕਰ ਕੇ (ਸੰਸਾਰ ਸਮੁੰਦਰ ਤੋਂ) ਤਾਰ ਲੈ।੫।

ਪਦਾਰਥ = ਦੇਹਨ–ਦੇਹਾਂ।ਗੇਹਨ–ਘਰ।ਨੇਹ–ਮੋਹ।ਨ ਨੀਤਾ–ਨਿੱਤ (ਸਦਾ) ਨਹੀਂ।ਮਤ–ਮਸਤ ਹੋਇਆ।ਕਹਾ ਲਉ–ਕਦ ਤਕ। ਗਾਰਹੁ–ਗਰਬ ਕਰਦਾ ਰਹੇਂਗਾ।ਛਤ੍ਰਨ–(ਸ਼ਾਹੀ) ਛਤ੍ਰ।ਪਤ੍ਰਨ–ਹੁਕਮਨਾਮੇ; ਪਤ੍ਰਕਾ।ਚਾਵਰ–ਚੌਰ ਬਰਦਾਰ।ਬਹਤੀ ਜਾਤ–ਉਮਰ ਬੀਤਦੀ ਜਾਂਦੀ ਹੈ।ਰਿਦੈ–ਹਿਰਦੇ ਵਿਚ।ਰਥਨ–ਰਥ।ਅਸ੍ਵਨ–(ਅਸੁਅਨ ਉਚਾਰੋ) ਘੋੜੇ।ਗਜ–ਹਾਥੀ।ਸਿੰਘਸਨ–(ਰਾਜ ਗੱਦੀਆਂ) ਤਖਤ।ਛਿਨ ਮਹਿ–ਇਕ ਖਿਨ ਵਿਚ (ਬਹੁਤ ਛੇਤੀ)।ਨਾਂਗ ਸਿਧਾਰਹੁ–ਨੰਗਾ ਚਲੇ ਜਾਵੇਂਗਾ।ਸੂਰਨ–ਸੂਰਮੇ।ਬੀਰਨ–ਬਹਾਦਰ।ਮੀਰਨ–ਪਾਤਸ਼ਾਹ।ਖਾਨਮ–ਸਰਦਾਰ।ਦ੍ਰਿਸਟਿ ਨਿਹਾਰਹੁ–ਨਿਗਾਹ ਨਾਲ ਦੇਖੋ।ਕੋਟਨ–ਕਿਲ੍ਹੇ।ਓਟਨ–ਆਸਰਾ।ਕੋਸ–ਖਜਾਨੇ।ਨ ਛੋਟਾ–ਛੁਟਕਾਰਾ ਨਹੀ।ਦੋਊ ਕਰ ਝਾਰਹੁ–ਦੋਵੇਂ ਹੱਥ ਝਾੜ ਕੇ (ਨਿਸ਼ੰਕ ਹੋ ਕੇ)।ਕਲਤ੍ਰ–ਇਸਤ੍ਰੀ।ਸਖ–ਪਿਆਰੇ; ਸਾਥੀ।ਉਲਟਤ ਜਾਤ–ਬਦਲ ਜਾਂਦੇ ਹਨ।ਬਿਰਖ ਕੀ ਛਾਂਰਹੁ–ਦਰੱਖਤ ਦੀ ਛਾਂ ਵਾਂਗ।ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ।ਪੁਰਖ ਪੂਰਨ–

ਸਭ ਜਗ੍ਹਾ ਵਿਆਪਕ ਪ੍ਰਭੂ।ਅਗਮ-ਅਪਹੁੰਚ।ਅਪਾਰਹੁ-ਬੇਅੰਤ।ਸ੍ਰੀ ਪਤਿ-ਮਾਇਆ ਦਾ ਪਤੀ।ਨਾਥ-ਮਾਲਕ।ਨੋਟ ਃ- ਸੰ. ਸ., ਫ .ਸ., ਦਰਪਣ ਅਤੇ ਨਿਰਣੈ ਨੇ ਸਾਰੇ ਨੰਨੇ ਵਖਰੇ ਵਖਰੇ ਲਿਖੇ ਹਨ ਜਿਵੇਂ 'ਦੇਹ ਨ ਗੇਹ ਨ ਨੇਹ ਨ'।੫।

ਸਾਰ = ਮਨੁੱਖ ਸਰੀਰ, ਘਰ, ਰਾਜ (ਸ਼ਾਹੀ ਠਾਠ ਬਾਠ) ਅਪਣੀ ਸੰਪਤੀ ਦਾ ਮਾਣ ਕਰਦਾ ਹੈ, ਇਹ ਸਭ ਸਦਾ ਰਹਿਣ ਵਾਲੇ ਨਹੀਂ ਹਨ।ਬੰਦਾ ਨਾ ਕੋਈ ਚੀਜ ਲੈ ਕੇ ਆਇਆ ਹੈ, ਨਾ ਕੋਈ ਚੀਜ ਲੈ ਕੇ ਜਾਂਦਾ ਹੈ।੫।

ਪ੍ਰਾਨ ਮਾਨ ਦਾਨ ਮਗ ਜੋਹਨ, ਹੀਤੁ ਚੀਤੁ ਦੇ ਲੇ ਲੇ ਪਾਰੀ ॥ ਪ੍ਰਾਣਾਂ ਦੀ (ਰੱਖਿਆ ਲਈ ਮਾਯਾ ਖਰਚ ਕੇ ਕੋਈ ਦੁਆਈ ਬੂਟੀ ਨਾ ਕਰਨੀ ਪੈ ਜਾਵੇ), ਕਿਸੇ ਦਾ ਆਦਰ (ਸਨਮਾਨ) ਕਰਨ ਲਈ ਮਾਯਾ ਨਾ ਖਰਚ ਕਰਨੀ ਪਵੇ, ਕਿਸੇ ਨੂੰ ਦਾਨ ਨਾ ਦੇਣਾ ਪੈ ਜਾਵੇ, (ਮਾਯਾ ਕੱਠੀ ਕਰਨ ਲਈ ਇਸ ਤਰ੍ਹਾਂ ਦਾ) ਰਾਹ ਤੱਕਦਾ ਰਹਿੰਦਾ ਹੈ। ਦੂਜਾ ਅਰਥ = ਮਾਇਆ ਪ੍ਰਾਣਾਂ, ਆਦਰ, ਦਾਨ ਦੇ ਰਸਤੇ ਨੂੰ ਨਾਸ਼ ਕਰਨ ਵਾਲੀ ਹੈ (ਜਦ ਕੋਲੋਂ ਮਾਯਾ ਚਲੀ ਜਾਵੇ ਜਾਂ ਵਪਾਰ ਵਿਚ ਘਾਟਾ ਪੈ ਜਾਵੇ ਤਾਂ ਪ੍ਰਾਣ ਨਿਕਲ ਜਾਂਦੇ ਹਨ, ਮਾਯਾ ਨਾਸ਼ ਹੋਣ ਤੇ ਮਾਨੀ ਦਾ ਮਾਣ ਭੰਗ ਹੋ ਜਾਂਦਾ ਹੈ, ਦਾਨ ਦੇਣ ਤੋਂ ਰੋਕਦੀ ਹੈ ਕਿ ਪੈਸੇ ਮੁੱਕ ਨਾ ਜਾਣ, ਇਸ ਤਰ੍ਹਾਂ ਮਾਯਾ ਮਾਰਦੀ ਹੈ), ਮਨੁੱਖ ਹਰ ਵੇਲੇ ਮਾਯਾ ਦਾ ਰਾਹ ਤੱਕਦਾ ਹੈ ਕਿ ਕੋਈ ਦੇ ਜਾਵੇ, (ਮਾਯਾ ਵਿਚ ਪੂਰਾ) ਹਿਤ ਅਤੇ ਚਿਤ ਦੇ ਕੇ ਅਤੇ (ਲੋਕਾਂ ਤੋਂ) ਲੈ ਲੈ (ਕੱਠੀ ਕਰ) ਕੇ ਪਾਲਦਾ (ਸਾਂਭਦਾ) ਹੈ।ਲੋਕ ਜਾਨ ਲਾ ਕੇ ਇੱਜਤ ਵੀ ਦੇ ਕੇ, ਦਾਨ ਲੈ ਲੈ ਕੇ, ਡਾਕੇ ਮਾਰ ਕੇ, (ਮਾਇਆ ਵਿਚ) ਪ੍ਰੇਮ ਲਾ ਕੇ ਅਤੇ ਪੂਰਾ ਧਿਆਨ ਦੇ ਕੇ (ਮਾਇਆ) ਇਕੱਠੀ ਕਰਦੇ ਹਨ। (ਦਰਪਣ; ਸ਼ਬਦਾਰ ਦਾ ਅਰਥ ਵੀ ਮਿਲਦਾ ਜੁਲਦਾ ਹੈ)।

ਸਾਜਨ ਸੈਨ ਮੀਤ ਸੁਤ ਭਾਈ, ਤਾਹੂ ਤੇ ਲੇ ਰਖੀ ਨਿਰਾਰੀ ॥ ਧਾਵਨ ਪਾਵਨ ਕੂਰ ਕਮਾਵਨ, ਇਹ ਬਿਧਿ ਕਰਤ ਅਉਧ ਤਨ ਜਾਰੀ ॥ ਸਜਣ ਸਬੰਧੀਆਂ ਮਿਤ੍ਰਾਂ ਪੁੱਤ੍ਰਾਂ ਭਰਾਵਾਂ, ਤਿਨ੍ਹਾਂ ਸਾਰਿਆਂ ਤੋਂ ਵੱਖ ਕਰਕੇ (ਮਾਇਆ ਲੁਕਾ ਕੇ) ਰੱਖੀ ਹੈ (ਮਾਯਾ ਦਾ ਭੇਤ ਕਿਸੇ ਨੂੰ ਨਹੀਂ ਦਿੰਦਾ।ਮਾਇਆ ਦੀ) ਪ੍ਰਾਪਤੀ ਲਈ ਦੌੜਿਆ ਫਿਰਦਾ ਹੈ, ਝੂਠ ਦੀ ਕਮਾਈ ਕਰਦਿਆਂ, ਇਸ ਤਰ੍ਹਾਂ ਕਰਦੇ ਨੇ ਸਰੀਰ ਦੀ ਸਾਰੀ ਉਮਰ ਸਾੜ (ਨਿਸਫਲ ਗਵਾ; ਲੰਘਾ) ਲਈ।

ਕਰਮ ਧਰਮ ਸੰਜਮ ਸੁਚ ਨੇਮਾ, ਚੰਚਲ ਸੰਗਿ ਸਗਲ ਬਿਧਿ ਹਾਰੀ ॥ ਪਸੁ ਪੰਖੀ ਬਿਰਖ ਅਸਥਾਵਰ, ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ ਧਾਰਮਕ ਕਰਮ, ਇੰਦ੍ਰੀਆਂ ਤੇ ਕਾਬੂ ਪਾਉਣਾ, ਮਨ ਦੀ ਪਵਿਤ੍ਰਤਾ ਤੇ ਪਾਠ ਪੂਜਾ ਦਾ ਨੇਮ ਆਦਿ ਸਭ ਵਿਧੀਆਂ ਚੰਚਲ ਮਾਇਆ ਨਾਲ ਲੱਗ ਕੇ ਮਨੁੱਖ ਨੇ ਹਾਰ (ਛੱਡ) ਦਿਤੀਆਂ।(ਮਾਇਆ ਕਰਕੇ) ਪਸ਼ੂ, ਪੰਛੀ, ਬ੍ਰਿਛ, ਪਹਾੜ ਆਦਿ ਬਹੁਤ ਤਰ੍ਹਾਂ ਦੀਆਂ ਜੋਨੀਆਂ ਵਿਚ ਫਿਰਦਾ ਹੋਇਆ ਬੜੇ ਦੁਖ ਭੋਗਦਾ ਹੈ।

ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ, ਦੀਨਾ ਨਾਥ ਪ੍ਰਾਨਪਤਿ ਸਾਰੀ ॥ (ਮਨੁੱਖ ਨੇ) ਗ੍ਰੀਬਾਂ ਦੇ ਮਾਲਕ, ਸਾਰੀ ਸ੍ਰਿਸਟੀ ਦੇ ਪ੍ਰਾਣਾਂ ਦੇ ਮਾਲਕ ਪ੍ਰਮਾਤਮਾ ਦਾ ਖਿਨ ਪਲ ਵੀ ਨਾਮ ਨਹੀ ਸਿਮਰਿਆ।

ਖਾਨ ਪਾਨ ਮੀਠ ਰਸ ਭੋਜਨ, ਅੰਤ ਕੀ ਬਾਰ ਹੋਤ ਕਤ ਖਾਰੀ ॥ ਖਾਣ ਪੀਣ ਵਾਲੇ ਭੋਜਨਾਂ ਮਿੱਠੇ ਰਸ ਅੰਤ ਦੀ ਬਾਰੀ ਖਾਰੇ (ਦੁੱਖਦਾਈ) ਹੋ ਜਾਂਦੇ ਹਨ; ਅੰਤ ਸਮੇਂ (ਮੱਦਤ ਲਈ) ਕਿਤੇ ਖੜ੍ਹੇ ਹੁੰਦੇ ਹਨ? (ਨਹੀਂ ਖੜ੍ਹੇ ਹੁੰਦੇ)।

ਨਾਨਕ ਸੰਤ ਚਰਨ ਸੰਗਿ ਉਧਰੇ, ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੬॥ ਗੁਰੂ ਜੀ ਆਖਦੇ ਹਨ, ਜੋ ਮਨੁੱਖ ਸੰਤਾਂ ਦੇ ਚਰਨਾਂ ਨਾਲ ਜੁੜੇ ਹਨ, ਉਹ ਤਾਂ (ਭਵਜਲ ਤੋਂ) ਤਰ ਗਏ ਹਨ, ਹੋਰ ਜਿਹੜੇ ਮਾਇਆ ਵਿਚ ਮਗਨ ਹਨ, ਉਹ ਅਪਣਾ ਸਭ ਕੁਛ (ਇਥੇ ਹੀ) ਸਿੱਟ ਕੇ (ਸੰਸਾਰ ਤੋਂ ਖਾਲੀ ਹੱਥ) ਚਲੇ ਜਾਂਦੇ ਹਨ।੬।

ਪਦਾਰਥ = ਮਾਨ-ਇੱਜਤ (ਸਨਮਾਨ)।ਮਗ ਜੋਹਨ-ਰਾਹ ਦੇਖਦਾ ਹੈ; ਰਸਤੇ ਨੂੰ ਨਾਸ਼ ਕਰਨ ਵਾਲੀ ਹੈ।ਹੀਤੁ ਚੀਤੁ-(ਮਨ ਦਾ) ਪਿਆਰ ਤੇ ਚਿਤ ਦੇ ਕੇ।ਲੇ ਲੇ-ਕੱਠੀ ਕਰ ਕੇ।ਪਾਰੀ-ਪਾਲਦਾ (ਸਾਂਭਦਾ) ਹੈ।ਸੈਨ-ਸਾਥੀ।ਮੀਤ-ਮਿਤ੍ਰ।ਸੁਤ-ਪੁਤ੍ਰ।ਤਾਹੂ ਤੇ-ਉਨ੍ਹਾਂ ਤੋਂ।ਨਿਰਾਰੀ-ਵੱਖ ਕਰ (ਲੁਕਾ) ਕੇ।ਧਾਵਨ ਪਾਵਨ-ਪਾਉਣ ਲਈ ਦੌੜਦਾ ਹੈ।ਕੂਰ ਕਮਾਵਨ-ਝੂਠ ਦੀ ਕਮਾਈ ਕਰਦਿਆਂ।ਇਹ ਬਿਧਿ-ਇਸ ਤਰ੍ਹਾਂ ਨਾਲ।ਅਉਧ-ਉਮਰ।ਜਾਰੀ-ਸਾੜ ਦਿਤੀ; ਗਵਾ (ਲੰਘਾ) ਲਈ।ਸੁਚ-ਪਵਿਤ੍ਰਤਾ।ਚੰਚਲ-ਚੰਚਲ ਮਾਇਆ। ਹਾਰੀ-ਹਾਰ (ਛਡ) ਦਿਤੀ।ਬਿਰਖ-ਬ੍ਰਿਛ।ਅਸਥਾਵਰ-(ਨਾ ਹਿਲਣ ਵਾਲੇ) ਪਰਬਤ।ਬਹੁ ਬਿਧਿ-ਬਹੁਤ ਤਰ੍ਹਾਂ ਦੀ।ਅਤਿ ਭਾਰੀ-ਬਹੁਤ ਜਿਆਦਾ।ਦੀਨਾ ਨਾਥ-ਗਰੀਬਾਂ ਦਾ ਮਾਲਕ।ਪ੍ਰਾਨ ਪਤਿ-ਪ੍ਰਾਣਾਂ ਦਾ ਮਾਲਕ।ਸਾਰੀ-ਸਾਰੀ (ਸ੍ਰਿਸਟੀ); ਸਿਰਜਨਹਾਰ।ਅੰਤ ਕੀ ਬਾਰ-ਅੰਤ ਸਮੇਂ।ਕਤ ਖਾਰੀ-ਕਦ ਚੰਗੇ ਹਨ? ਬਹੁਤ ਖਾਰੇ (ਦੁਖ ਦਾਈ); ਕਦ ਖੜ੍ਹਦੇ ਹਨ।ਉਧਰੇ-ਤਰ (ਮੁਕਤ ਹੋ) ਗਏ। ਮਗਨ-ਮਸਤ।ਡਾਰੀ-ਸੁੱਟ (ਗਵਾ) ਕੇ।੬।

ਵਿਆਖਿਆ = ਮਨੁੱਖ ਮਾਇਆ ਨੂੰ ਅਪਣੇ ਪ੍ਰਾਣਾਂ ਅਤੇ ਸਨਮਾਨ ਨਾਲੋਂ ਵੀ ਜਿਆਦਾ ਪ੍ਰੇਮ ਕਰਦਾ ਹੈ ਭਾਵ ਮਾਇਆ ਵਾਸਤੇ ਚਾਹੇ ਪ੍ਰਾਣਾਂ ਅਤੇ ਸਨਮਾਨ ਜਾਂਦਾ ਰਹੇ, ਫਿਰ ਰਾਹ ਦੇਖਦਾ ਰਹਿੰਦਾ ਹੈ ਕਿ ਕਿਧਰੋਂ ਆ ਕੇ ਮੈਨੂੰ ਮਾਯਾ ਦੇ ਜਾਵੇ।ਇਸ ਸਵੱਯੇ ਵਿਚ ਮਾਇਆ ਦੇ ਪ੍ਰੇਮੀਆਂ ਦੀ ਹਾਲਤ ਬਿਆਨ ਕੀਤੀ ਹੈ।ਮਾਇਆ ਕੱਠੀ ਕਰਨ ਵਾਸਤੇ ਪਾਠ ਪੂਜਾ ਵੀ ਛੱਡ ਦਿੰਦਾ ਹੈ, ਇਉਂ ਸਾਰੀ ਉਮਰ ਨਿਸਫਲ ਗਵਾ ਦੇਂਦਾ ਹੈ।ਫਿਰ ਜੂਨਾਂ ਵਿਚ ਭਟਕਦਾ ਹੈ।ਸੰਗਤ ਕਰਨ ਵਾਲੇ ਤਰ ਜਾਂਦੇ ਹਨ।੬।

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ, ਰਸਿਕ ਰਸਿਕ ਠਾਕੁਰ ਗੁਨ ਗਾਵਤ ॥ ਬ੍ਰਹਮਾ ਆਦਿ ਤੋਂ ਲੈ ਕੇ ਸ਼ਿਵ ਜੀ, ਵੱਡੇ ਵੱਡੇ ਮਹਾਤਮਾਂ ਵੇਦਾਂ ਰਾਹੀਂ ਅਨੰਦ ਨਾਲ ਰਸ ਲੈ ਲੈ ਕੇ ਹਰੀ ਦੇ ਗੁਣ ਗਾਉਂਦੇ ਹਨ।

ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ, ਧਰਣਿ ਗਗਨ ਆਵਤ ਫੁਨਿ ਧਾਵਤ ॥ (ਦੇਵਤਿਆਂ ਦਾ ਰਾਜਾ) ਇੰਦ੍ਰ, ਵਿਸ਼ਨੂੰ ਅਤੇ ਗੋਰਖ ਨਾਥ, (ਕਦੇ ਹਰੀ ਨੂੰ) ਖੋਜਦੇ ਹੋਏ ਧਰਤੀ ਤੇ ਆਉਂਦੇ ਹਨ ਅਤੇ ਫਿਰ (ਕਦੇ) ਆਕਾਸ਼ ਵਿਖੇ (ਢੂੰਢਣ) ਦੌੜਦੇ ਹਨ (ਧਰਤੀ ਤੇ ਨਾ ਮਿਲਣ ਤੇ ਪ੍ਰਮਾਤਮਾ ਨੂੰ ਅਕਾਸ਼ ਵਿਖੇ ਵਸਦਾ ਜਾਣ ਕੇ ਅਪਣੇ ਆਤਮਕ ਬਲ ਨਾਲ ਅਕਾਸ਼ ਵਲ ਭਜਦੇ ਹਨ)।

ਸਿਧ ਮਨੁਖ੍ ਦੇਵ ਅਰੁ ਦਾਨਵ, ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥ (ਚੁਰਾਸੀ) ਸਿੱਧ, ਮਨੁੱਖ ਤੇ ਦੇਵਤੇ, ਦੈਂਤ (ਇਹ ਸਾਰੇ) ਇਕ ਤਿਲ ਮਾਤ੍ਰ ਵੀ ਉਸ (ਹਰੀ) ਦਾ ਭੇਤ ਨਹੀ ਪਾ ਸਕਦੇ।

ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ, ਹਰਿ ਜਨ ਤਾਕੈ ਦਰਸਿ ਸਮਾਵਤ ॥ ਜਿਨ੍ਹਾਂ ਦੀ ਪ੍ਰੀਤੀ ਪਿਆਰੇ ਪ੍ਰਭੂ ਦੀ ਪ੍ਰੇਮਾ ਭਗਤੀ ਦੇ ਰਸ ਵਿਚ ਹੈ, (ਉਹ) ਹਰੀ ਦੇ ਸੇਵਕ ਉਸ ਦੇ ਦਰਸਨਾਂ (ਸਰੂਪ) ਵਿਚ ਲੀਨ ਹੋ ਜਾਂਦੇ ਹਨ।

ਤਿਸਹਿ ਤਿਆਗਿ ਆਨ ਕਉ ਜਾਚਹਿ, ਮੁਖ ਦੰਤ ਰਸਨ ਸਗਲ ਘਸਿ ਜਾਵਤ ॥ (ਜੋ ਮਨੁੱਖ) ਉਸ (ਹਰੀ) ਨੂੰ ਛਡ ਕੇ ਹੋਰ (ਦੇਵੀ ਦੇਵਤਿਆਂ) ਤੋਂ ਮੰਗਦੇ ਹਨ, ਉਨ੍ਹਾਂ ਦੇ ਮੂੰਹ ਦੰਦ ਜੀਭ ਆਦਿ ਸਭ (ਮੰਗਦਿਆਂ ਹੋਇਆਂ) ਘਸ ਜਾਂਦੇ ਹਨ (ਪਰ ਮਿਲਦਾ ਕੁਛ ਨਹੀਂ)
ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ। (੫੨੩)

ਰੇ ਮਨ ਮੂੜ ਸਿਮਰਿ ਸੁਖਦਾਤਾ, ਨਾਨਕ ਦਾਸ ਤੁਝਹਿ ਸਮਝਾਵਤ ॥੭॥ ਹੇ ਮੂਰਖ ਮਨਾਂ! ਨਾਨਕ ਦਾਸ (ਕਰਤਾਰ ਦਾ ਸੇਵਕ) ਤੈਨੂੰ ਸਮਝਾ ਰਿਹਾ ਹੈ ਕਿ ਸੁੱਖਾਂ ਦੇ ਦਾਤੇ ਵਾਹਿਗੁਰੂ ਨੂੰ ਯਾਦ ਕਰ।੭।

ਪਦਾਰਥ = ਛੰਦ-ਬੇਦ।ਮੁਨੀਸੁਰ-ਵੱਡੇ ਮਹਾਤਮਾਂ।ਰਸਕਿ ਰਸਕਿ-ਰਸ ਨਾਲ, ਰਸ ਲੈ ਲੈ ਕੇ (ਖੁਸ਼ ਹੋ ਕੇ)।ਮੁਨਿੰਦ੍ਰ-ਵਿਸ਼ਨੂੰ। ਧਰਣਿ-ਧਰਤੀ।ਧਰਣਿ-ਧਰਤੀ ਉਤੇ।ਗਗਨ-ਅਕਾਸ਼।ਫੁਨਿ-ਫਿਰ; ਪੁਨ੍ਹਾ।ਧਾਵਤ-ਦੌੜਦੇ ਹਨ।ਸਿਧ-ਜੋਗੀਆਂ ਦੇ ਚੁਰਾਸੀ ਸਿੱਧ। ਦੇਵ-ਦੇਵਤੇ।ਅਰੁ-ਅਤੇ।ਦਾਨਵ-ਰਾਖਸ਼।ਤਿਲੁ-ਤਿਲ ਮਾਤ੍ਰ (ਥੋੜਾ ਜਿਹਾ ਵੀ)।ਤਾ ਕੋ-ਉਸ ਦਾ।ਮਰਮੁ-ਭੇਤ।ਪ੍ਰਿਅ-ਪਿਆਰੇ। ਪ੍ਰਿਅ ਪ੍ਰਭ-ਪਿਆਰੇ ਪ੍ਰਭੂ ਦੀ।ਹਰਿ ਜਨ-ਹਰੀ ਦੇ ਸੇਵਕ।ਤਾ ਕੈ-ਉਸ ਦੇ।ਸਮਾਵਤ-ਲੀਨ ਹੋ ਜਾਂਦੇ ਹਨ।ਤਿਸਹਿ-ਉਸ ਨੂੰ। ਤਿਆਗਿ-ਛਡ ਕੇ।ਆਨ ਕਉ-ਹੋਰ ਨੂੰ।ਜਾਚਹਿ-ਮੰਗਦੇ ਹਨ।ਦੰਤ-ਦੰਦ।ਰਸਨ-ਜੀਭ।ਸਗਲ-ਸਭ।ਮਨ ਮੂੜ-ਹੇ ਮੂਰਖ ਮਨ!। ਸੁਖ ਦਾਤਾ-ਸੁਖ ਦੇਣ ਵਾਲਾ ਪ੍ਰਭੂ।ਤੁਝਹਿ-ਤੈਨੂੰ।੭।

ਮਾਇਆ ਰੰਗ ਬਿਰੰਗ ਕਰਤ, ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ ਮਾਇਆ ਦਾ ਪ੍ਰੇਮ (ਜਾਂ ਕੌਤਕ) ਮਨੁੱਖ ਨੂੰ ਹਰੀ ਦੇ ਪ੍ਰੇਮ ਤੋਂ ਰਹਿਤ ਕਰਨ ਵਾਲਾ ਹੈ {ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ੧੦੦੩}, (ਮਾਇਆ ਦੇ ਪ੍ਰੇਮ ਨਾਲ ਮਨੁੱਖ) ਭਰਮ ਕਰਕੇ ਮੋਹ ਦੇ ਹਨ੍ਹੇਰੇ ਖੂਹ ਵਿਚ ਪਿਆ ਹੋਇਆ ਹੈ (ਮਾਯਾ ਦੀਆਂ ਖੁਸ਼ੀਆਂ ਸਦਾ ਨਹੀ ਰਹਿੰਦੀਆਂ, ਜਦ ਚਲੇ ਜਾਂਦੀ ਹੈ, ਬੇ ਰਸੀ ਹੋ ਜਾਂਦੀ ਹੈ)।

ਏਤਾ ਗਬੁ ਅਕਾਸਿ ਨ ਮਾਵਤ, ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ ॥ (ਮਨੁੱਖ) ਇਤਨਾ ਹੰਕਾਰ ਕਰਦਾ ਹੈ ਕਿ ਅਕਾਸ਼ ਵਿਚ ਵੀ ਨਹੀਂ ਸਮਾਉਂਦਾ (ਸਭ ਤੋਂ ਆਪ ਨੂੰ ਵੱਡਾ ਜਾਣਦਾ ਹੈ), ਪਰ (ਅੰਦਰ ਦੇਖ, ਸਰੀਰ ਤਾਂ) ਹੱਡੀਆਂ ਦਾ, ਪੇਟ ਗੰਦ ਤੇ ਕੀੜਿਆਂ ਨਾਲ ਭਰਿਆ ਹੋਇਆ ਹੈ।

ਦਹ ਦਿਸ ਧਾਇ ਮਹਾ ਬਿਖਿਆ ਕਉ, ਪਰਧਨ ਛੀਨਿ ਅਗਿਆਨ ਹਰਿਓ ਹੈ ॥ ਬਹੁਤ (ਦੁੱਖ ਦਾਈ) ਮਾਇਆ ਲਈ ਸਾਰੇ ਪਾਸੇ ਦੌੜਿਆ ਫਿਰਦਾ ਹੈ, ਪਰਾਇਆ ਧਨ ਖੋਂਹਦਾ ਹੈ ਅਤੇ ਅਗਿਆਨ ਦਾ ਠੱਗਿਆ ਹੋਇਆ ਹੈ ਭਾਵ ਸ਼ੁੱਭ ਗੁਣ ਲੁਟਾ ਲਏ।

ਜੋਬਨ ਬੀਤਿ ਜਰਾ ਰੋਗਿ ਗ੍ਰਸਿਓ, ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥ (ਵਿਕਾਰਾਂ ਵਿਚ ਪਏ ਦੀ) ਜੁਆਨੀ ਬੀਤ ਗਈ ਅਤੇ ਬੁਢੇਪੇ ਦੇ ਰੋਗ ਨੇ ਗ੍ਰਸ (ਫੜ) ਲਿਆ, (ਬਾਦ ਵਿਚ) ਮ੍ਰਿਤੂ ਹੋ ਗਿਆ ਤਾਂ ਅਗੋਂ ਜਮਦੂਤਾਂ ਨੇ ਡੰਨ ਦੇਣਾ ਹੈ; ਜਮਦੂਤਾਂ ਨੇ ਡੰਡਾ (ਮਾਰਿਆ) ਤਾਂ (ਬੜੀ ਬੁਰੀ) ਮੌਤ ਮਰਿਆ ਹੈ।

ਅਨਿਕ ਜੋਨਿ ਸੰਕਟ ਨਰਕ ਭੁੰਚਤ, ਸਾਸਨ ਦੂਖ ਗਰਤਿ ਗਰਿਓ ਹੈ ॥ (ਕੀਤੇ ਦਾ ਫਲ ਭੋਗਣ ਲਈ) ਅਨੇਕ ਪ੍ਰਕਾਰ ਦੀਆਂ ਜੂਨਾਂ ਦੇ ਦੁੱਖ ਤੇ ਨਰਕ ਭੋਗਦਾ ਹੈ, (ਜਮਾਂ ਦੀਆਂ) ਸਜਾਵਾਂ ਅਤੇ ਦੁੱਖਾਂ ਦੇ (ਗਰਭ ਰੂਪ) ਟੋਏ ਵਿਚ ਗਲਦਾ ਹੈ।

ਪ੍ਰੇਮ ਭਗਤਿ ਉਧਰਹਿ ਸੇ ਨਾਨਕ, ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਪ੍ਰੇਮਾ ਭਗਤੀ ਕਰਕੇ (ਗਰਭ ਦੇ ਟੋਏ ਵਿਚ ਪੈਣੋਂ) ਬਚ ਜਾਂਦੇ ਹਨ, ਜਿਨਾਂ ਨੂੰ ਪ੍ਰਭੂ ਨੇ ਕ੍ਰਿਪਾ ਕਰਕੇ ਆਪ ਸੰਤ ਬਣਾ ਦਿਤਾ ਹੈ (ਟਕਸਾਲ; ਦਰਪਣ; ਨਿਰਣੈ)।੮।

ਪਦਾਰਥ = ਰੰਗ-ਪ੍ਰੇਮ; ਅਨੰਦ।ਕੌਤਕ; ਤਮਾਸ਼ੇ।ਬਿਰੰਗ-ਬੇ ਰਸੀ; ਪ੍ਰੇਮ ਤੋਂ ਰਹਿਤ।ਭ੍ਰਮ-ਭਰਮ ਦੇ ਕਰਕੇ।ਮੋਹ ਕੈ-ਮੋਹ ਦੇ। ਕੂਪਿ ਗੁਬਾਰਿ-ਹਨ੍ਹੇਰੇ ਖੂਹ ਵਿਚ।ਪਰਿਓ ਹੈ-ਪਿਆ ਹੋਇਆ ਹੈ।ਏਤਾ-ਇਤਨਾ।ਗਬੁ-ਗਰਬ।ਨ ਮਾਵਤ-ਨਹੀ ਸਮਾਉਂਦਾ।ਬਿਸਟਾ

-ਗੰਦਗੀ।ਅਸੁ-ਹੱਡੀਆਂ।ਕ੍ਰਿਮਿ-ਕੀੜਿਆਂ ਨਾਲ।ਉਦਰੁ-ਪੇਟ।ਦਹ ਦਿਸਿ-ਦਸੇ ਦਿਸ਼ਾਵਾਂ ਵਿਚ (ਸਾਰੇ ਪਾਸੇ)।ਧਾਇ-ਦੌੜ ਕੇ। ਮਹਾ ਬਿਖਿਆ ਕਉ-ਬਹੁਤ ਦੁੱਖ ਦਾਈ ਮਾਇਆ ਲਈ।ਪਰ—ਪਰਾਇਆ।ਛੀਨਿ-ਖੋਹ ਕੇ।ਹਰਿਓ-ਠੱਗਿਆ ਹੋਇਆ।ਜੋਬਨ-ਜਵਾਨੀ।ਜਰਾ-ਬੁਢੇਪਾ।ਗ੍ਰਸਿਓ-ਘੇਰ ਲਿਆ।ਡੰਨੁ-ਸਜਾ; ਡੰਡਾ।ਮਿਰਤੁ-ਮੌਤ।ਮਰਿਓ-ਮਾਰਿਆ; ਮਰਿਆ।ਜੋਨਿ-ਜੋਨੀਆਂ ਵਿਚ। ਸੰਕਟ-ਦੁਖ।ਭੁੰਚਤ-ਭੋਗਦਾ ਹੈ।ਸਾਸਨ-ਸਜਾਵਾਂ।ਗਰਤਿ-ਟੋਏ (ਖੱਡ) ਵਿਚ।ਗਰਿਓ ਹੈ-ਗਲਦਾ ਹੈ।ਉਧਰਹਿ-ਬਚ ਜਾਂਦੇ ਹਨ; (ਭਵਜਲ ਤੋਂ) ਤਰ ਜਾਂਦੇ ਹਨ।ਸੇ-ਉਹ (ਮਨੁੱਖ)।ਕਰਿਓ ਹੈ-ਬਣਾ ਦਿਤਾ ਹੈ।੮।

ਵਿਆਖਿਆ = ਮਨੁੱਖ ਮਾਇਆ ਦੀਆਂ ਮੌਜਾਂ ਸਦਾ ਰਹਿਣ ਵਾਲੀਆਂ ਸਮਝਦਾ ਹੈ ਪਰ ਮਾਯਾ ਦੇ ਚਲੇ ਜਾਣ ਤੇ ਸਭ ਖੁਸ਼ੀਆਂ ਵੀ ਨਾਲ ਹੀ ਚਲੇ ਜਾਂਦੀਆਂ ਹਨ।ਖੁਸ਼ੀਆਂ ਦੁਖਾਂ ਵਿਚ ਬਦਲ ਜਾਂਦੀਆਂ ਹਨ।ਮਾਯਾ ਦੇ ਇਸ ਭਰਮ ਵਿਚ ਪੈ ਕੇ ਬੜਾ ਹੰਕਾਰ ਕਰਦਾ ਹੈ।ਹਰੀ ਨੂੰ ਭੁਲਾ ਕੇ ਨਰਕਾਂ ਵਿਚ ਪੈ ਕੇ ਦੁੱਖ ਭੋਗਦਾ ਹੈ।ਬਚਦੇ ਉਹ ਹਨ ਜਿਨ੍ਹਾਂ ਨੂੰ ਹਰੀ ਨੇ ਸੰਤ ਬਣਾ ਦਿਤਾ।੮।

ਅੰਗ ੧੩੮੯ = ਗੁਣ ਸਮੂਹ ਫਲ ਸਗਲ ਮਨੋਰਥ, ਪੂਰਨ ਹੋਈ ਆਸ ਹਮਾਰੀ ॥ ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ, ਸਰਬ ਰੋਗ ਖੰਡਣ ਗੁਣਕਾਰੀ ॥ (ਹੇ ਭਾਈ! ਸਾਨੂੰ) ਸਾਰੇ ਗੁਣ, ਸਾਰੇ (ਧਰਮ ਅਰਥ ਕਾਮ ਮੋਖਸ਼) ਫਲ ਅਤੇ ਮਨ ਦੇ ਸਾਰੇ ਮਨੋਰਥ ਪ੍ਰਾਪਤ ਹੋ ਗਏ ਹਨ, ਸਾਡੀ ਆਸਾ ਪੂਰੀ ਹੋ ਗਈ ਹੈ।(ਹਰੀ ਦਾ ਨਾਮ) ਪਰਾਏ ਦੁੱਖਾਂ ਨੂੰ ਦੂਰ ਕਰਨ ਲਈ ਮੰਤ੍ਰ ਅਤੇ ਤੰਤ੍ਰ ਹੈ ਅਤੇ ਸਾਰੇ (ਆਧਿ ਬਿਆਧਿ ਉਪਾਧਿ) ਰੋਗਾਂ ਨੂੰ ਨਾਸ਼ ਕਰਨ ਲਈ ਲਾਭਦਾਇਕ ਦੁਆਈ ਹੈ।

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ, ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥ ਇਸਨਾਨ ਦਾਨ ਤਾਪਨ ਸੁਚਿ ਕਿਰਿਆ, ਚਰਣ ਕਮਲ ਹਿਰਦੈ ਪ੍ਰਭ ਧਾਰੀ ॥ ਕਾਮ, ਕ੍ਰੋਧ, ਹੰਕਾਰ, ਈਰਖਾ ਅਤੇ ਤ੍ਰਿਸ਼ਨਾ ਆਦਿ (ਸਾਰੇ ਵਿਕਾਰ) ਨਾਮ ਜਪਣ ਕਰਕੇ ਨਾਸ ਹੋ ਜਾਂਦੇ ਹਨ। ਤੀਰਥ ਸ਼ਨਾਨ, ਦਾਨ, ਤਪ ਅਤੇ ਸੁੱਚਮਤਾ ਆਦਿ ਕਰਮ ਇਹੋ ਹੀ ਹਨ, (ਜੋ ਅਸੀਂ) ਵਾਹਿਗੁਰੂ ਦੇ ਚਰਣ ਕਮਲ ਹਿਰਦੇ ਵਿਚ ਟਿਕਾਏ ਹਨ (ਹਰੀ ਦੇ ਚਰਨ ਦਿਲ ਵਿਚ ਟਿਕਾਉਣੇ ਇਨ੍ਹਾਂ ਸਾਧਨਾਂ ਤੋਂ ਉਤਮ ਹਨ)।

ਸਾਜਨ ਮੀਤ ਸਖਾ ਹਰਿ ਬੰਧਪ, ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥ ਓਟ ਗਹੀ ਸੁਆਮੀ ਸਮਰਥਹ, ਨਾਨਕ ਦਾਸ ਸਦਾ ਬਲਿਹਾਰੀ ॥ ੯॥ ਇਕ ਹਰੀ ਹੀ ਮੇਰਾ (ਇਸ ਲੋਕ ਦਾ) ਸੱਜਣ ਪਿਆਰਾ ਮਿਤ੍ਰ (ਅਤੇ ਪ੍ਰਲੋਕ ਦਾ) ਸਬੰਧੀ (ਸਹਾਇਕ) ਹੈ, ਜੀਵਾਂ ਨੂੰ ਅੰਨ ਆਦਿ ਦੇਣ ਵਾਲਾ (ਜੀਵਨ ਦਾ ਆਸਰਾ) ਅਤੇ ਪ੍ਰਾਣਾਂ ਦਾ ਆਸਰਾ ਹੈ।ਮੈਂ ਉਸ ਸਮਰੱਥ ਸੁਆਮੀ ਦੀ ਓਟ ਗ੍ਰਹਿਣ ਕੀਤੀ ਹੈ, ਨਾਨਕ ਦਾਸ (ਵਾਹਿਗੁਰੂ ਤੋਂ) ਸਦਾ ਬਲਹਾਰ ਜਾਂਦਾ ਹੈ।੯।

ਪਦਾਰਥ = ਸਮੂਹ-ਸਾਰੇ।ਸਗਲ-ਸਾਰੇ।ਹਮਾਰੀ-ਸਾਡੀ।ਅਉਖਧ-ਦਵਾਈ।ਮੰਤ੍ਰ-(ਦੁੱਖਾਂ ਨੂੰ ਦੂਰ ਕਰਨ ਲਈ) ਮੰਤ੍ਰਾਂ ਦਾ ਜਾਪ।ਤੰਤ੍ਰ-ਤਵੀਤ; ਟੂਣਾ।ਪਰ ਦੁਖ ਹਰ-ਪਰਾਏ ਦੁੱਖ ਦੂਰ ਕਰਨ ਵਾਲਾ।ਖੰਡਣ-ਨਾਸ਼ ਕਰਨ ਵਾਲਾ।ਗੁਣਕਾਰੀ-ਲਾਭਦਾਇਕ; ਗੁਣਾਂ ਵਾਲਾ।ਮਦ-ਹੰਕਾਰ।ਮਤਸਰ-ਈਰਖਾ।ਬਿਨਸਿ ਜਾਹਿ-ਨਾਸ਼ ਹੋ ਜਾਂਦੇ ਹਨ।ਉਚਾਰੀ-ਜਪਣ ਕਰਕੇ।ਤਾਪਨ-ਤਪ ਕਰਨੇ।ਕਿਰਿਆ-ਕਰਮ।ਸੁਚਿ-ਸੁੱਚਮਤਾ।ਹਿਰਦੈ-ਹਿਰਦੇ ਵਿਚ।ਧਾਰੀ-ਟਿਕਾਏ ਹਨ।ਮੀਤ-ਮਿਤ੍ਰ।ਸਖਾ-ਸਾਥੀ।ਬੰਧਪ-(ਸਹਾਇਤਾ ਕਰਨ ਵਾਲਾ) ਸਬੰਧੀ।ਜੀਅ ਧਾਨ-ਜੀਵਾਂ ਨੂੰ ਅੰਨ ਦੇਣ ਵਾਲਾ; ਜੀਵਨ ਦਾ ਆਸਰਾ।ਪ੍ਰਾਨ ਅਧਾਰੀ-ਪ੍ਰਾਣਾਂ ਦਾ ਆਸਰਾ।ਗਹੀ-ਫੜੀ ਹੈ।੯।

ਆਵਧ ਕਟਿਓ ਨ ਜਾਤ, ਪ੍ਰੇਮ ਰਸ ਚਰਨ ਕਮਲ ਸੰਗਿ ॥ (ਜਿਸ ਮਨੁੱਖ ਨੇ) ਵਾਹਿਗੁਰੂ ਦੇ ਚਰਨਾਂ ਕਮਲਾਂ ਨਾਲ ਜੁੜ ਕੇ ਪ੍ਰੇਮ ਰਸ ਚੱਖਿਆ ਹੈ; ਚਰਨਾਂ ਕਮਲਾਂ ਦੇ ਰਸ ਨਾਲ ਜਿਸ ਦਾ ਪ੍ਰੇਮ ਹੈ, ਉਹ ਸਸ਼ਤ੍ਰਾਂ ਨਾਲ ਕੱਟਿਆ ਨਹੀ ਜਾ ਸਕਦਾ (ਕਾਮਾਦਿਕ ਸ਼ਸਤ੍ਰਾਂ ਨਾਲ ਨਹੀ ਕੱਟਿਆ ਜਾ ਸਕਦਾ)।

ਦਾਵਨਿ ਬੰਧਿਓ ਨ ਜਾਤ, ਬਿਧੇ ਮਨ ਦਰਸ ਮਗਿ ॥ ਜਿਸ (ਮਨੁੱਖ) ਦਾ ਮਨ ਹਰੀ ਦਰਸ਼ਨਾਂ ਲਈ (ਨਾਮ ਸਿਮਰਨ ਦੇ) ਰਾਹ ਵਿਚ (ਜਾਂ ਮਗਨ ਹੋ ਕੇ) ਵਿੰਨ੍ਹਿਆ ਗਿਆ ਹੈ (ਉਸ ਮਨੁੱਖ ਦਾ ਮਨ) ਮੋਹ ਰੂਪ ਰੱਸੀ ਨਾਲ ਨਹੀ ਬੰਨ੍ਹਿਆ ਜਾ ਸਕਦਾ।

ਪਾਵਕ ਜਰਿਓ ਨ ਜਾਤ, ਰਹਿਓ ਜਨ ਧੂਰਿ ਲਗਿ ॥ (ਜੋ ਮਨੁੱਖ ਹਰੀ ਦੇ) ਸੇਵਕਾਂ ਦੀ ਧੂੜੀ ਵਿਚ ਜੁੜੇ ਹਨ, ਉਨ੍ਹਾਂ ਨੂੰ (ਮਾਇਆ; ਤ੍ਰਿਸਨਾ ਦੀ) ਅੱਗ ਵਿਚ ਸਾੜਿਆ ਨਹੀਂ ਜਾ ਸਕਦਾ (ਜਿਵੇਂ ਪ੍ਰਹਲਾਦ, ਕਬੀਰ ਜੀ ਨੂੰ ਅੱਗ ਨਹੀ ਸਾੜ ਸਕੀ)।

ਨੀਰੁ ਨ ਸਾਕਸਿ ਬੋਰਿ, ਚਲਹਿ ਹਰਿ ਪੰਥਿ ਪਗਿ ॥ (ਜਿਸ ਮਨੁੱਖ ਦੇ) ਪੈਰ ਹਰੀ ਦੇ ਰਸਤੇ ਤੁਰਦੇ ਹਨ, ਉਸਨੂੰ ਪਾਣੀ ਨਹੀ ਡੋਬ ਸਕਦਾ (ਜਿਵੇਂ ਸਿਕੰਦਰ ਬਾਦਸ਼ਾਹ ਨੇ ਕਬੀਰ ਜੀ ਨੂੰ ਮਾਰਨ ਵਾਸਤੇ ਜੰਜੀਰਾਂ ਨਾਲ ਨੂੜ ਕੇ ਗੰਗਾ ਵਿਚ ਰੋੜ੍ਹ ਦਿਤਾ ਸੀ।ਪਰ ਵਾਹਿਗੁਰੂ ਨੇ ਡੁੱਬਣ ਨਹੀ ਦਿਤਾ) ਗੰਗ ਗੁਸਾਇਨਿ ਗਹਿਰ ਗੰਭੀਰ।(੧੧੬੨)

ਨਾਨਕ ਰੋਗ ਦੋਖ ਅਘ ਮੋਹ, ਛਿਦੇ ਹਰਿ ਨਾਮ ਖਗਿ ॥੧॥੧੦॥ ਗੁਰੂ ਜੀ ਆਖਦੇ ਹਨ, ਸਾਰੇ ਦੇ ਰੋਗ (ਆਧਿ ਬਿਆਧਿ ਉਪਾਧਿ), ਦੋਸ਼, ਪਾਪ ਅਤੇ ਮੋਹ ਆਦਿ ਹਰੀ ਦਾ ਨਾਮ (ਸਿਮਰਨ) ਰੂਪ ਖੰਡੇ ਨਾਲ ਕੱਟੇ ਜਾਂਦੇ ਹਨ।

ਪਦਾਰਥ = ਆਵਧ-ਸ਼ਸਤ੍ਰ।ਸੰਗਿ-ਨਾਲ।ਦਾਵਨਿ-ਰੱਸੀ।ਬੰਧਿਓ ਨ ਜਾਤ-ਬੰਨ੍ਹਿਆ ਨਹੀਂ ਜਾ ਸਕਦਾ।ਬਿਧੇ-ਵਿੰਨ੍ਹੇ ਗਿਆ।ਮਗਿ-ਰਸਤਾ; ਮਗਨ।ਪਾਵਕ-(ਮਾਯਾ ਜਾਂ ਤ੍ਰਿਸ਼ਨਾ ਦੀ) ਅੱਗ।ਜਰਿਓ ਨ ਜਾਤ-ਸਾੜਿਆ ਨਹੀਂ ਜਾ ਸਕਦਾ।ਜਨ ਧੂਰਿ-ਸੇਵਕਾਂ ਦੀ ਧੂੜ

ਵਿਚ।ਨੀਰੁ-ਪਾਣੀ।ਨ ਸਾਕਸਿ ਬੋਰਿ-ਡੋਬ ਨਹੀਂ ਸਕਦਾ।ਪੰਥਿ-ਰਸਤਾ।ਪਗਿ-ਪੈਰ।ਅਘ-ਪਾਪ।ਛਿਦੇ-ਕੱਟੇ ਜਾਂਦੇ ਹਨ।ਖਗਿ-(ਨਾਮ ਦੇ) ਖੰਡੇ ਨਾਲ।੧।੧੦।

ਇਹ ਅੰਤਲੇ ਦੋ ਸਵਯੇ ਵੀ ਗੁਰੂ ਅਰਜਨ ਦੇਵ ਜੀ ਦੇ ਲਿਖੇ ਹੋਏ ਹਨ, ਪਰ ਇਨ੍ਹਾਂ ਦੀ ਤਰਜ ਬਦਲ ਜਾਣ ਕਰ ਕੇ ਨਾਲ ਛੋਟੇ ੧ ਵ ੨ ਅੰਕ ਵਖਰੇ ਲਿਖੇ ਹੋਏ ਹਨ।ਵੱਡੇ ਅੰਕ ੧੦ ਤੇ ੧੧ ਉਸੇ ਤਰ੍ਹਾ ਜਾਰੀ ਹਨ।ਨਾਮ ਦੀ ਮਹਿਮਾ ਬਿਆਨ ਕੀਤੀ ਹੈ।

ਉਦਮੁ ਕਰਿ ਲਾਗੇ ਬਹੁ ਭਾਤੀ, ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥ ਲੋਕ (ਪ੍ਰਮਾਰਥ ਜਾਂ ਮਾਇਆ ਦੀ ਪ੍ਰਾਪਤੀ ਲਈ) ਕਈ ਪ੍ਰਕਾਰ ਦੇ ਉਦਮ ਕਰਨ ਵਿਚ ਲੱਗੇ ਹੋਏ ਹਨ (ਕੋਈ ਧੂਣੀਆਂ ਤਾਪਦਾ ਹੈ, ਕੋਈ ਜਲ ਧਾਰੇ ਕਰਦਾ ਹੈ, ਕੋਈ ਪ੍ਰਾਣਾਂਯਾਮ ਆਦਿ ਕਰਦਾ ਹੈ), ਕਈ ਅਪਣੀ ਬਹੁਤੀ ਖੱਟੀ ਕਮਾਈ ਲਈ ਸਾਸਤ੍ਰਾਂ ਨੂੰ ਬਹੁਤਾ ਵਿਚਾਰਦੇ ਹਨ; ਖਟ ਸ਼ਾਸਤ੍ਰਾਂ ਨੂੰ ਵਿਚਾਰਦੇ ਹਨ।

ਭਸਮ ਲਗਾਇ ਤੀਰਥ ਬਹੁ ਭ੍ਰਮਤੇ, ਸੂਖਮ ਦੇਹ ਬੰਧਹਿ ਬਹੁ ਜਟੂਆ ॥ ਕਈ ਮਨੁੱਖ ਸਰੀਰ ਤੇ ਸੁਆਹ ਮਲ ਕੇ ਤੀਰਥਾਂ ਤੇ ਬਹੁਤ ਫਿਰਦੇ ਰਹਿੰਦੇ ਹਨ, ਕਈ ਅੰਨ ਛੱਡ ਕੇ ਦੇਹ ਨੂੰ ਹੌਲਾ ਕਰ (ਸੁਕਾ) ਲੈਂਦੇ ਹਨ ਅਤੇ ਬਹੁਤ (ਐਸੇ ਵੀ ਹਨ ਜੋ) ਸਿਰ ਤੇ ਜਟਾਂ ਦਾ ਜੂੜਾ ਬੰਨ੍ਹਦੇ (ਜਾਂ ਬੋਹੜ ਦਾ ਦੁੱਧ ਲਗਾ ਕੇ ਜਟਾਂ ਵਧਾ ਲੈਂਦੇ) ਹਨ।

ਬਿਨੁ ਹਰਿ ਭਜਨ ਸਗਲ ਦੁਖ ਪਾਵਤ, ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥ ਹਰੀ ਦੇ ਭਜਨ ਤੋਂ ਬਿਨਾ ਇਹ ਸਾਰੇ ਲੋਕ ਦੁਖ ਪਾਉਂਦੇ ਹਨ, ਜਿਵੇਂ ਹੱਟੀ ਵਾਲਾ (ਹਲਵਾਈ) ਸੂਤ ਦੇ ਲੱਡੂਆਂ ਨਾਲ ਪ੍ਰੇਮ ਵਧਾ ਲੈਂਦਾ ਹੈ (ਲੱਡੂ ਬਣਾਉਣ ਸਮੇਂ ਅਪਣੇ ਹੱਥ ਸਾੜਦਾ ਹੈ, ਪਰ ਖਾਂਦਾ ਕੋਈ ਹੋਰ ਹੈ ਜਾਂ ਜੋ ਪੈਸੇ ਵੱਟਦਾ ਹੈ ਉਹ ਪ੍ਰਵਾਰ ਦੇ ਕੰਮ ਆਉਂਦੇ ਹਨ); ਜਿਵੇਂ ਰੇਸ਼ਮ ਦਾ ਕੀੜਾ (ਜਾਂ ਮੱਕੜੀ ਅਪਣੇ ਅੰਦਰੋਂ ਤੰਦਾਂ ਕੱਢ ਕੇ) ਸੂਤ ਦੇ ਘਰ ਨਾਲ ਪ੍ਰੇਮ ਵਧਾ ਲੈਂਦਾ ਹੈ (ਉਨ੍ਹਾਂ ਤਾਰਾਂ ਦਾ ਘਰ ਬਣਾ ਕੇ, ਉਸ ਵਿਚ ਹੀ ਫਸ ਕੇ ਮਰ ਜਾਂਦਾ ਹੈ) ਭਾਵ ਮਨੁੱਖ ਵੀ ਕਰਮ ਕਾਂਡ ਦੇ ਜਾਲ ਵਿਚ ਫਸ ਕੇ ਅਨਿਆਈ ਮੌਤ ਮਰਦਾ ਹੈ।

ਪੂਜਾ ਚਕ੍ਰ ਕਰਤ ਸੋਮਪਾਕਾ, ਅਨਿਕ ਭਾਂਤਿ ਥਾਟਹਿ ਬਹੁ ਥਟੂਆ ॥੨॥੧੧॥੨੦॥ ਕਈ ਠਾਕੁਰਾਂ ਦੀ ਪੂਜਾ ਕਰਦੇ ਹਨ, ਕਈ ਸਰੀਰ ਤੇ ਗਣੇਸ਼ ਆਦਿ ਦੇ ਨਿਸ਼ਾਨ ਲਗਾਉਂਦੇ ਹਨ, ਕਈ ਅਪਣੇ ਹੱਥੀਂ ਖਾਣਾ ਪਕਾ ਕੇ ਖਾਂਦੇ ਹਨ (ਜਾਂ ਚੰਦ ਨੂੰ ਦੇਖ ਕੇ ਖਾਣਾ ਖਾਂਦੇ ਹਨ), ਅਨੇਕ ਤਰ੍ਹਾਂ ਦੇ ਠਾਠ ਰਚਦੇ (ਬਹੁਤ ਪ੍ਰਕਾਰ ਦੀਆਂ ਕਰਮ ਕਾਂਡ ਦੀਆਂ ਬਨਾਵਟਾਂ ਬਣਾਉਂਦੇ) ਹਨ (ਪਰ ਨਾਮ ਸਿਮਰਨ ਤੋਂ ਬਿਨਾ ਅਜੇਹੇ ਕਰਮ ਕਿਸੇ ਲੇਖੇ ਨਹੀਂ ਹਨ)।

ਪਦਾਰਥ = ਬਹੁ ਭਾਂਤੀ-ਬਹੁਤ ਤਰ੍ਹਾਂ ਦੇ।ਬਿਚਰਹਿ-ਵਿਚਾਰਦੇ; ਉਚਾਰਦੇ ਹਨ।ਖਟੂਆ-ਖਟ (ਛੇ); ਖੱਟੀ ਕਮਾਈ।ਸੂਖਮ-ਕਮਜੋਰ; ਹੌਲਾ।ਦੇਹ-ਸਰੀਰ।ਬੰਧਹਿ ਬਹੁ-ਬੰਨ੍ਹਦੇ; ਬਹੁਤ ਵਧਾ ਲੈਂਦੇ ਹਨ।ਜਟੂਆ-ਜਟਾਵਾਂ।ਬਢਾਇ-ਵਧਾ ਲੈਂਦਾ ਹੈ।ਸੂਤ ਕੇ ਹਟੂਆ-ਸੂਤ ਦੇ ਲੱਡੂ (ਬਰੀਕ ਸੇਂਵੀਆਂ ਘਿਓ ਵਿਚ ਤਲ ਕੇ ਕੁੱਟ ਕੇ ਮਿੱਠੇ ਵਿਚ ਮਿਲਾ ਲਈਦੀਆਂ ਹਨ, ਫਿਰ ਲੱਡੂ ਵੱਟ ਲਈਦੇ ਹਨ।ਪੁਰਾਣੇ ਜਮਾਨੇ ਵਿਚ ਇਹ ਕੀਮਤੀ ਲੱਡੂ ਖਾਸ ਪ੍ਰਾਹੁਣਚਾਰੀ ਸਮੇਂ ਬਣਾਈਦੇ ਸਨ); ਧਾਗੇ ਦੇ ਨਿੱਕੇ ਘਰ (ਰੇਸ਼ਮ ਦਾ ਕੀੜਾ ਅਪਣੇ ਅੰਦਰੋਂ ਤਾਰਾ ਕੱਢ ਕੇ ਜਾਲ ਬੁਣ ਲੈਂਦਾ ਹੈ)।ਚਕ੍ਰ-ਵਿਸ਼ਨੂੰ ਦੇ ਚੱਕਰ ਦਾ ਨਿਸ਼ਾਨ।ਸੋਮਪਾਕਾ-ਹੱਥੀਂ ਭੋਜਨ ਬਣਾਉਣ ਵਾਲੇ।ਥਾਟਹਿ-ਰਚਦੇ (ਬਣਾਉਂਦੇ) ਹਨ।ਥਟੂਆ-ਥਾਟ-ਬਨਾਵਟ; ਭੇਖ।੨।੧੧।੨੦।

ਵਿਆਖਿਆ = ਪ੍ਰਮਾਰਥ ਦੀ ਖੋਜ ਲਈ ਲੋਕ ਅਨੇਕ ਸਾਧਨ ਕਰਦੇ ਹਨ, ਪਰ ਉਹ ਸਫਲ ਨਹੀਂ ਹੁੰਦੇ।ਜਿਵੇਂ ਰੇਸ਼ਮ ਦਾ ਕੀੜਾ ਜਦ ਪਲ ਜਾਂਦਾ ਹੈ ਤਾਂ ਅਪਣੇ ਅੰਦਰੋਂ ਪ੍ਰੇਮ ਨਾਲ ਸੂਤ ਕਢ ਕੇ ਵਧਾ ਕੇ ਅਪਣੇ ਉਦਾਲੇ ਲਪੇਟੀ ਜਾਂਦਾ ਹੈ ਅਤੇ ਬੜੇ ਸ਼ੌਂਕ ਨਾਲ ਨਿੱਕਾ ਜਿਹਾ ਖੋਲ ਅਪਣੇ ਦੁਆਲੇ ਬਣਾ ਲੈਂਦਾ ਹੈ।ਲੋਕ ਇਸ ਖੋਲ ਨੂੰ ਗਰਮ ਕਰਦੇ ਹਨ, ਕੀੜਾ ਅੰਦਰੇ ਮਰ ਜਾਂਦਾ ਹੈ ਅਤੇ ਲੋਕੀਂ ਖੋਲ ਨੂੰ ਪਾਣੀ ਵਿਚ ਉਬਾਲ ਕੇ ਰੇਸ਼ਮ ਦੀ ਤਾਰ ਉਧੇੜ ਲੈਂਦੇ ਹਨ ਜਿਸ ਤੋਂ ਰੇਸ਼ਮ ਦੇ ਕਪੜੇ ਬਣਦੇ ਹਨ।ਰੇਸ਼ਮ ਦੇ ਕੀੜੇ ਦਾ ਪ੍ਰੇਮ ਨਾਲ ਬਣਾਇਆ ਘਰ ਮੌਤ ਦਾ ਕਾਰਣ ਬਣਦਾ ਹੈ।ਮੱਕੜੀ ਵੀ ਅਪਣੇ ਅੰਦਰੋਂ ਤਾਰਾਂ ਦੀਆਂ ਤੰਦਾਂ ਕਢ ਕੇ ਜਾਲਾ ਬੁਣਦੀ ਹੈ ਉਸੇ ਵਿਚ ਫਸ ਮਰਦੀ ਹੈ।ਇਸੇ ਤਰ੍ਹਾਂ ਮਨੁੱਖ ਅਪਣੇ ਕੀਤੇ ਕਰਮਾਂ ਦੇ ਜਾਲ ਵਿਚ ਫਸ ਕੇ ਮਰਦਾ ਹੈ।ਸੁਖ ਭਜਨ ਕਰਨ ਤੇ ਹੀ ਮਿਲਦਾ ਹੈ।

ਸਵਈਏ ਮਹਲੇ ਪਹਿਲੇ ਕੇ ੧ ੴ ਸਤਿਗੁਰ ਪ੍ਰਸਾਦਿ ॥

ਇਕ ਮਨਿ, ਪੁਰਖੁ ਧਿਆਇ ਬਰਦਾਤਾ ॥ ਸੰਤ ਸਹਾਰੁ ਸਦਾ ਬਿਖਿਆਤਾ ॥ ਮੈਂ ਇਕਾਗਰ ਮਨ ਹੋ ਕੇ (ਮਨ ਬਾਂਛਤ) ਵਰ ਦੇਣ ਵਾਲੇ (ਅਕਾਲ) ਪੁਰਖ ਨੂੰ ਧਿਆਉਂਦਾ ਹਾਂ।ਜੋ ਸੰਤਾਂ ਦਾ ਸਹਾਈ ਅਤੇ ਸਦਾ ਹੀ ਪ੍ਰਗਟ (ਹਾਜਰ ਨਾਜਰ) ਹੈ।

ਤਾਸੁ ਚਰਨ ਲੇ ਰਿਦੈ ਬਸਾਵਉ ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥ ਉਸ (ਹਰੀ) ਦੇ ਚਰਨਾਂ ਨੂੰ ਲੈ ਕੇ ਮੈਂ ਹਿਰਦੇ ਵਿਚ ਵਸਾਉਂਦਾ ਹਾਂ (ਚਰਨਾਂ ਦਾ ਹਿਰਦੇ ਵਿਚ ਧਿਆਨ ਕਰਦਾ ਹਾਂ)।ਤਾਂ (ਫਿਰ ਮੈਂ) ਪਰਮ (ਵੱਡੇ) ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹਾਂ।੧।

ਪਦਾਰਥ = ਸਵਈਏ ਮਹਲੇ ਪਹਿਲੇ ਕੇ ੧ = ਗੁਰੂ ਨਾਨਕ ਦੇਵ ਜੀ ਦੀ ਉਸਤਤੀ ਵਿਚ ਉਚਾਰਣ ਕੀਤੇ ਸਵੱਯੇ (੧ ਦਾ ਉਚਾਰ ਕਰਨ ਦੀ ਲੋੜ ਨਹੀ)।ਇਕ ਮਨਿ-ਇਕਾਗਰਤਾ ਨਾਲ; ਇਕ ਮਨ ਹੋ ਕੇ।ਬਰਦਾਤਾ-ਵਰ ਦੇਣ ਵਾਲਾ।ਸਹਾਰੁ-ਸਹਾਰਾ।

ਬਿਖਿਆਤਾ–ਪ੍ਰਤੱਖ; ਹਾਜਰ ਨਾਜਰ। ਤਾਸੁ–ਉਸ ਦੇ। ਰਿਦੈ–ਹਿਰਦੇ ਵਿਚ। ਤਉ–ਤਾਂ; ਤਦ। ਕਬਿ ਕਲ–ਕਲ ਕਵੀ।੧ ।

ਨੋਟ = ਇਨ੍ਹਾਂ ਦਸਾਂ ਸਵੱਯਾਂ ਵਿਚ ਭੱਟ ਕਲ੍ਹ ਸਹਾਰ ਗੁਰੂ ਨਾਨਕ ਦੇਵ ਜੀ ਨੂੰ ਹਰੀ ਰੂਪ ਜਾਣ ਕੇ ਸਿਫਤ ਕਰਦਾ ਹੈ। ਚੂੰ ਕਿ ਗੁਰੂ ਜੀ ਪਰਮਾਦਿ ਹਰੀ ਦਾ ਰੂਪ ਹਨ, ਇਸ ਲਈ ਜੋ ਭੀ ਗੁਣ ਰਿਸ਼ੀ ਮੁਨੀ ਜਾਂ ਭਗਤ ਗਾਉਂਦੇ ਆਏ ਹਨ, ਓਹ ਗੁਰੂ ਜੀ ਦੇ ਹੀ ਸਨ।

ਗਾਵਉ ਗੁਨ, ਪਰਮ ਗੁਰੂ ਸੁਖ ਸਾਗਰ, ਦੁਰਤ ਨਿਵਾਰਣ ਸਬਦ ਸਰੇ ॥ ਗਾਵਹਿ ਗੰਭੀਰ ਧੀਰ ਮਤਿ ਸਾਗਰ, ਜੋਗੀ ਜੰਗਮ ਧਿਆਨੁ ਧਰੇ ॥ ਮੈਂ ਸੁਖਾਂ ਦੇ ਸਮੁੰਦਰ, ਸਭ ਤੋਂ ਵੱਡੇ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹਾਂ, ਜੋ ਪਾਪਾਂ ਨੂੰ ਦੂਰ ਕਰਨ ਵਾਲੇ ਹਨ, ਸ਼ਬਦ (ਬਾਣੀ) ਦੇ ਸਰੋਵਰ ਹਨ। (ਗੁਰੂ ਜੀ ਦੇ ਗੁਣਾਂ ਨੂੰ ਕੇਵਲ ਮੈਂ ਹੀ ਨਹੀਂ ਗਾਉਂਦਾ) ਗੰਭੀਰਤਾ, ਧੀਰਜ ਵਾਲੇ, ਮੱਤ ਦੇ ਸਾਗਰ (ਵੱਡੀ ਅਕਲਾਂ ਦੇ ਧਨੀ ਵੀ ਗੁਰੂ ਜੀ ਦੇ ਗੁਣ) ਗਾਉਂਦੇ ਹਨ, ਜੋਗੀ ਅਤੇ ਜੰਗਮ (ਵੀ ਗੁਰੂ ਜੀ ਦਾ) ਧਿਆਨ ਧਰਦੇ ਹਨ।

ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ, ਆਤਮ ਰਸੁ ਜਿਨਿ ਜਾਣਿਓ ॥ ਜਿਸ ਗੁਰੂ ਨਾਨਕ ਦੇਵ ਜੀ ਨੇ ਆਤਮ ਅਨੰਦ ਨੂੰ ਜਾਣਿਆ ਹੈ, (ਉਨ੍ਹਾਂ ਦਾ) ਜਸ ਇੰਦ੍ਰ ਆਦਿ ਤੋਂ ਲੈ ਕੇ ਸਾਰੇ ਦੇਵਤੇ, ਪ੍ਰਹਲਾਦ ਆਦਿ (ਵੱਡੇ ਵੱਡੇ) ਭਗਤ ਗਾਉਂਦੇ ਹਨ; ਜਿਨ੍ਹਾਂ (ਗਾਉਣ ਵਾਲਿਆਂ) ਨੇ ਆਤਮ ਅਨੰਦ ਨੂੰ ਜਾਣਿਆ ਹੈ।

ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੨॥ ਕਲ ਭੱਟ ਕਵੀ ਗੁਰੂ ਨਾਨਕ ਦੇਵ ਜੀ ਦਾ ਸੁੰਦਰ ਜਸ ਗਾਉਂਦਾ ਹੈ (ਜਿਸ ਗੁਰੂ ਨਾਨਕ ਦੇਵ ਜੀ ਨੇ) ਰਾਜ ਅਤੇ ਜੋਗ (ਦੋਹਾਂ) ਨੂੰ ਮਾਣਿਆ (ਭੋਗਿਆ) ਹੈ (ਗ੍ਰਿਹਸਥ ਚ ਰਹਿੰਦਿਆਂ ਭਗਤੀ ਕੀਤੀ, ਸਭ ਕੁਛ ਹੁੰਦਿਆਂ ਪਦਾਰਥਾਂ ਤੋਂ ਨਿਰਲੇਪ ਰਹੇ)।੨।

ਪਦਾਰਥ = ਗਾਵਉ–ਮੈਂ ਗਾਉਂਦਾ ਹਾਂ। ਪਰਮ–ਵੱਡੇ; ਮਹਾਨ। ਦੁਰਤ–ਪਾਪ। ਨਿਵਾਰਣ–ਦੂਰ ਕਰਨ ਵਾਲੇ। ਸਬਦ ਸਰੇ–ਨਾਮ ਦੇ ਸਰੋਵਰ; ਸੋਮੇ। ਧੀਰ–ਧੀਰਜ ਵਾਲੇ। ਮਤਿ ਸਾਗਰ–ਬਹੁਤ ਸਿਆਣੇ; ਅਕਲ ਦੇ ਧਨੀ। ਜੰਗਮ–ਸ਼ਿਵ ਤੇ ਪਾਰਬਤੀ ਦੇ ਵਿਆਹ ਦੇ ਗੀਤ ਗਾਉਣ ਵਾਲੇ ਜੋਗੀ (ਇਹ ਜੋਗੀਆਂ ਦਾ ਹੀ ਇਕ ਫਿਰਕਾ ਹੈ)। ਧਰੇ–ਧਰਦੇ ਹਨ। ਕਬਿ–ਕਵੀ। ਕਬਿ ਕਲ–ਭੱਟ ਕਲ ਕਵੀ। ਰਾਜ ਜੋਗ–ਰਾਜ ਤੇ ਜੋਗ ਦੋਵੇਂ (ਸੰਸਾਰ ਦੇ ਕਾਰ ਵਿਹਾਰ ਕਰਦਿਆਂ ਮਨ ਪ੍ਰਭੂ ਨਾਲ ਜੋੜਨਾ)। ਸੁਜਸੁ–ਸੁੰਦਰ ਜਸ।੨।

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ, ਹਰਿ ਰਸ ਪੂਰਨ ਸਰਬ ਕਲਾ ॥ ਜਨਕ ਆਦਿ ਰਾਜ ਰਿਸ਼ੀ, ਵੱਡੇ ਵੱਡੇ ਜੋਗੀਆਂ ਨਾਲ ਮਿਲ ਕੇ ਸਰਬ ਕਲਾ ਸੰਪੂਰਨ ਵਾਹਿਗੁਰੂ ਦਾ ਰਸਦਾਇਕ ਜਸ ਗਾਉਂਦੇ ਹਨ; ਹਰੀ ਰਸ ਅਤੇ ਸਾਰੀਆਂ ਸ਼ਕਤੀਆਂ ਨਾਲ ਭਰਪੂਰ (ਸਤਿਗੁਰੂ ਨਾਨਕ ਦੇਵ ਜੀ ਦਾ ਜਸ) ਗਾਉਂਦੇ ਹਨ।

ਗਾਵਹਿ ਸਨਕਾਦਿ, ਸਾਧ ਸਿਧਾਦਿਕ, ਮੁਨਿ ਜਨ ਗਾਵਹਿ ਅਛਲ ਛਲਾ ॥ ਸਨਕ ਸਨੰਦਨ ਸਨਾਤਨ ਸਨਤ ਕੁਮਾਰ (ਚਾਰੇ ਭਰਾ), ਸਾਧੂ, ਚੁਰਾਸੀ ਸਿਧ ਆਦਿਕ, (ਪ੍ਰਮਾਤਮਾ ਦੇ) ਗੁਣ ਗਾਉਂਦੇ ਹਨ, ਛਲਣ ਵਾਲੀ ਮਾਯਾ ਤੋਂ ਨਾ ਛਲੇ ਜਾਣ ਵਾਲੇ (ਪ੍ਰਮਾਤਮਾ ਦਾ ਜਸ ਨਾਰਦ) ਮੁਨੀ ਅਤੇ (ਹੋਰ) ਸੇਵਕ ਜਨ ਵੀ ਗਾਉਂਦੇ ਹਨ; (ਗੁਰੂ ਨਾਨਕ ਦੇਵ ਦਾ ਜਸ) ਸਨਕ ਆਦਿ (ਚਾਰੇ ਭਰਾ) ਸਾਧੂ ਅਤੇ (ਚੁਰਸੀ) ਸਿੱਧ ਆਦਿਕ ਗਾਉਂਦੇ ਹਨ, ਛਲਣ ਤੋਂ ਅਛੱਲ (ਗੁਰੂ ਜੀ ਦਾ ਜਸ) ਮੁਨੀ ਜਨ ਵੀ ਗਾਉਂਦੇ ਹਨ।

ਗਾਵੈ ਗੁਣ ਧੋਮੁ ਅਟਲ ਮੰਡਲਵੈ, ਭਗਤਿ ਭਾਇ ਰਸੁ ਜਾਣਿਓ ॥ ਕਬਿ ਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੩॥ (ਪਾਂਡਵਾਂ ਦਾ ਪ੍ਰੋਹਤ) ਧੋਮ ਰਿਸ਼ੀ ਅਤੇ ਅਟੱਲ ਅਸਥਾਨ ਤੇ ਰਹਿਣ ਵਾਲਾ ਧਰੂ ਭਗਤ (ਵਾਹਿਗੁਰੂ ਦਾ) ਜਸ ਨੂੰ ਗਾਓਂਦਾ ਹੈ (ਜਿਨ੍ਹਾਂ ਨੇ) ਪ੍ਰੇਮਾ ਭਗਤੀ ਦੇ ਅਨੰਦ ਨੂੰ ਜਾਣਿਆ ਹੈ; ਧੋਮ ਰਿਸ਼ੀ ਤੇ ਅਟੱਲ ਸਥਾਨ ਤੇ ਰਹਿਣ ਵਾਲਾ ਧਰੂ ਭਗਤ (ਗੁਰੂ ਨਾਨਕ ਦੇਵ ਜੀ ਦਾ ਜਸ) ਗਾਉਂਦੇ ਹਨ, ਜਿਸ (ਗੁਰੂ ਜੀ) ਨੇ ਭਗਤੀ ਭਾਵ ਦੇ ਅਨੰਦ ਨੂੰ ਜਾਣਿਆ ਹੈ। ਭੱਟ ਕਲ੍ਹ ਕਵੀ ਵੀ ਨਿਰੰਕਾਰ ਸਰੂਪ ਗੁਰੂ ਨਾਨਕ ਦੇਵ ਦੇ ਸ੍ਰੇਸਟ ਜਸ ਨੂੰ ਗਾਉਂਦਾ ਹੈ, ਜਿਸ (ਗੁਰੂ ਜੀ) ਨੇ ਰਾਜ ਅਤੇ ਜੋਗ (ਦੋਹਾਂ) ਨੂੰ ਮਾਣਿਆ ਹੈ।੩।

ਪਦਾਰਥ = ਜਨਕਾਦਿ–ਜਨਕ ਆਦਿ ਰਾਜ ਰਿਸ਼ੀ। ਜੁਗਤਿ–ਸਮੇਤ; ਨਾਲ ਮਿਲ ਕੇ; ਜੋਗ ਵਿਚ ਜੁੜੇ ਹੋਏ। ਜੋਗੇਸੁਰ–ਜੋਗੀਆਂ ਦੇ ਈਸਰ ਭਾਵ ਜੋਗੀਆਂ ਦੇ ਗੁਰੂ ਗੋਰਖ ਨਾਥ; ਵੱਡੇ ਜੋਗੀ (ਜਨਕ ਰਾਜੇ ਨੂੰ ਉਪਦੇਸ਼ ਦੇਣ ਵਾਲੇ ਨੌਂ ਜੋਗੀਸਰ)। ਸਰਬ ਕਲਾ–ਸਾਰੀ ਸ਼ਕਤੀਆਂ ਵਾਲੇ (ਗੁਰੂ ਦਾ)। ਸਨਕਾਦਿ–ਸਨਕ, ਸਨੰਦਨ, ਸਨਾਤਨ ਅਤੇ ਸਨਤ ਕੁਮਾਰ ਆਦਿਕ। ਸਿਧਾਦਿਕ–ਚੁਰਾਸੀ ਸਿੱਧ ਆਦਿਕ। ਅਛਲ–ਨਾ ਛਲਿਆ ਜਾਣ ਵਾਲਾ। ਛਲਾ–ਛਲਣ ਵਾਲੀ (ਮਾਯਾ); ਅਛਲ ਛਲਾ–ਪਾਰਬ੍ਰਹਮ ਜੋ ਕਪਟਾਂ ਨਾਲ ਠੱਗਿਆ ਨਹੀ ਜਾ ਸਕਦਾ। ਧੋਮੁ–ਪਾਂਡਵਾਂ ਦਾ ਪ੍ਰੋਹਤ ਰਿਸ਼ੀ; ਧਰੂ ਭਗਤ। ਅਟਲ ਮੰਡਲਵੈ–ਅਟੱਲ ਪਦਵੀ ਵਾਲੇ ਅਸਥਾਨ ਤੇ ਰਹਿਣ ਵਾਲਾ ਧਰੂ ਭਗਤ। ਭਗਤਿ ਭਾਇ ਰਸੁ–ਭਗਤੀ ਭਾਵ ਦੇ ਅਨੰਦ ਨੂੰ। ਸੁਜਸੁ–ਸ੍ਰੇਸਟ ਜਸ ਨੂੰ।੩।

ਵਿਆਖਿਆ = ਇਨ੍ਹਾਂ ਸਵੱਈਆਂ ਵਿਚ ਗੁਣ ਗਾਉਣ ਵਾਲੇ ਸਾਰੇ ਭਗਤ ਗੁਰੂ ਨਾਨਕ ਦੇਵ ਜੀ ਤੋਂ ਬਹੁਤ ਪਹਿਲਾਂ ਹੋ ਚੁਕੇ ਹਨ। ਇਹ ਸਾਰੇ ਭਗਤ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਨਿਰੰਕਾਰ ਦੇ ਗੁਣ ਵਿਚ ਗਾ ਰਹੇ ਹਨ। ਗੁਰੂ ਨਾਨਕ ਦੇਵ ਜੀ ਦੀ ਸਿਫਤ ਨਿਰੰਕਾਰ ਦੀ ਸਿਫਤ ਹੈ। ਭੱਟ ਤਾਂ ਗੁਰੂ ਕਾਲ ਵਿਚ ਹੋਏ ਹਨ, ਭੱਟਾਂ ਨੇ ਉਕਤ ਭਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕਰਵਾਈ ਹੈ। ਇਹ ਵੀ ਹੋ ਸਕਦਾ ਹੈ ਉਕਤ ਭਗਤਾਂ ਦੀਆਂ ਗੁਪਤ ਰੂਹਾਂ ਪ੍ਰਗਟ ਹੋ ਕੇ ਗੁਰੂ ਜੀ ਦਾ ਜਸ ਕਰਦੀਆਂ ਭੱਟਾਂ ਨੂੰ ਪ੍ਰਤੀਤ ਹੁੰਦੀਆਂ

ਹੋਣ। ਜਨਮ ਸਾਖੀਆਂ ਵਿਚ ਵੀ ਧਰੂ ਆਦਿਕ ਭਗਤ ਗੁਰੂ ਜੀ ਦਾ ਜਸ ਕਰਦੇ ਦਰਸਾਏ ਹਨ।੩।

ਗਾਵਹਿ ਕਪਿਲਾਦਿ ਆਦਿ ਜੋਗੇਸੁਰ, ਅਪਰੰਪਰ ਅਵਤਾਰ ਵਰੋ ॥ ਕਪਲ ਰਿਸ਼ੀ ਅਤੇ ਆਦਿ (ਪੁਰਾਣੇ) ਵੱਡੇ ਵੱਡੇ ਜੋਗੀ ਪਰੇ ਤੋਂ ਪਰੇ (ਬੇਅੰਤ) ਹਰੀ ਦੇ ਸ੍ਰੇਸ਼ਟ ਅਵਤਾਰ (ਗੁਰੂ ਨਾਨਕ ਦੇਵ ਜੀ ਦੇ) ਜਸ ਨੂੰ ਗਾਉਂਦੇ ਹਨ।

ਗਾਵੈ ਜਮਦਗਨਿ ਪਰਸਰਾਮੇਸੁਰ, ਕਰ ਕੁਠਾਰ ਰਘੁ ਤੇਜ ਹਰਿਓ ॥ (ਗੁਰੂ ਜੀ ਦੇ ਗੁਣ) ਜਮਦਗਨ ਰਿਸ਼ੀ ਅਤੇ ਪਰਸ ਰਾਮ ਜੋ ਈਸਰ (ਦੀ ਅੰਸ਼ ਹੈ) ਗਾਉਂਦੇ ਹਨ, ਜਿਨ੍ਹਾਂ ਦੇ ਹੱਥੋਂ ਰਘੂ ਵੰਸ਼ੀ (ਰਾਮ ਚੰਦ੍ਰ ਜੀ ਨੇ) ਕੁਹਾੜਾ ਅਤੇ ਤੇਜ ਪ੍ਰਤਾਪ ਖੋਹ ਲਿਆ ਸੀ; ਜਮਦਗਨ ਰਿਸ਼ੀ ਦਾ ਪੁਤ੍ਰ ਪਰਸਰਾਮ ਭੀ ਗਾਉਂਦਾ ਹੈ, ਜਿਸ ਦੇ ਹੱਥ ਦਾ ਕੁਹਾੜਾ ਤੇ ਜੋਰ ਰਘੁਬੀਰ (ਰਾਮ ਚੰਦਰ) ਨੇ ਖੋਹ ਲਿਆ ਸੀ (ਸ਼ਬਦਾਰਥ)।

ਉਧੌ ਅਕਰੂਰੁ ਬਿਦਰੁ ਗੁਣ ਗਾਵੈ, ਸਰਬਾਤਮ ਜਿਨਿ ਜਾਣਿਓ ॥ ਭਗਤ ਊਧੋ, ਅਕਰੂਰ ਅਤੇ ਬਿਦਰ ਜੀ (ਗੁਰੂ ਨਾਨਕ ਦੇਵ ਜੀ ਦੇ) ਗੁਣ ਗਾਉਂਦੇ ਹਨ, ਜਿਨ੍ਹਾਂ ਨੇ ਸਰਬ ਦੇ ਆਤਮ (ਸਰਬ ਵਿਆਪਕ) ਵਾਹਿਗੁਰੂ ਨੂੰ ਜਾਣਿਆ ਹੋਇਆ ਸੀ।

ਅੰਗ ੧੩੯੦ = ਕਬਿ ਕਲ ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੪॥ (ਅਰਥ ਉਤੇ ਹੋ ਚੁਕੇ ਹਨ)।੪।

ਪਦਾਰਥ = ਕਪਿਲਾਦਿ–ਕਪਲ ਰਿਸ਼ੀ ਆਦਿ (ਕਪਲ ਮੁਨੀ ਸ਼ਾਂਖ ਸ਼ਾਸਤ੍ਰ ਦਾ ਕਰਤਾ ਬਿਸ਼ਨੂੰ ਦੇ ੨੪ ਅਵਤਾਰਾਂ ਵਿਚੋਂ ਗਿਣਿਆ ਜਾਂਦਾ ਹੈ)। ਆਦਿ ਜੋਗੇਸੁਰ–ਆਦਿ ਕਾਲ ਦੇ ਵੱਡੇ ਵੱਡੇ ਜੋਗੀ ਸ਼ਿਵ ਜੀ ਵਰਗੇ। ਅਪਰੰਪਰ–ਪਰੇ ਤੋਂ ਪਰੇ (ਬੇਅੰਤ)। ਅਵਤਾਰ ਵਰੋ–ਸ੍ਰੇਸ਼ਟ ਅਵਤਾਰ (ਗੁਰੂ ਨਾਨਕ ਦੇਵ ਜੀ ਨੂੰ)। ਜਮਦਗਨਿ–ਭ੍ਰਿਗੂ ਵੰਸ਼ ਵਿਚੋਂ ਇਕ ਬ੍ਰਹਮਣ ਰਿਚੀਕ ਅਤੇ ਸਤਿਆਵਤੀ ਦਾ ਪੁਤ੍ਰ ਹੋਇਆ ਹੈ। ਇਸ ਦੀ ਪਤਨੀ ਰੇਣਕਾ, ਪ੍ਰਸੇਨਚਿਤ ਰਾਜੇ ਦੀ ਲੜਕੀ ਸੀ। ਜਿਸ ਤੋਂ ਪੰਜ ਪੁਤ੍ਰ ਪੈਦਾ ਹੋਏ। ਪਰਸ ਰਾਮ ਸਭ ਤੋਂ ਛੋਟਾ ਸੀ। ਪੁਰਾਣਾਂ ਵਿਚ ਪਰਸਰਾਮ ਨੂੰ ਵੀ ਵਿਸ਼ਨੂੰ ਦਾ ਅਵਤਾਰ ਮੰਨਿਆ ਹੈ। ਤ੍ਰੇਤੇ ਜੁਗ ਦੇ ਸ਼ੁਰੂ ਵਿਚ ਇਸ ਨੇ ਕੁਹਾੜਾ ਚੁੱਕ ਕੇ ਛਤ੍ਰੀਆਂ ਦਾ ਨਾਸ਼ ਕਰਨ ਦੀ ਪ੍ਰਤਿਗਿਆ ਕੀਤੀ ਸੀ। ਰਾਮ ਚੰਦ੍ਰ ਜੀ ਨੇ ਇਸ ਦੀ ਸ਼ਕਤੀ ਖੋਹ ਲਈ ਸੀ। ਕਰ ਕੁਠਾਰੁ–ਹੱਥਾਂ ਦਾ ਕੁਹਾੜਾ। ਰਘੁ–ਸ੍ਰੀ ਰਾਮ ਚੰਦਰ ਜੀ। ਤੇਜ–ਆਤਮ ਬਲ; ਤੇਜ ਪ੍ਰਤਾਪ। ਹਰਿਓ–ਖੋਹ ਲਿਆ। ਉਧਉ–ਦੇਵ ਭਾਗ ਯਾਦਵ ਦਾ ਪੁਤ੍ਰ, ਕ੍ਰਿਸ਼ਨ ਜੀ ਦਾ ਮਤ੍ਰੇਆ ਚਾਚਾ ਤੇ ਮਿਤ੍ਰ ਸੀ। ਇਹ ਦੁਆਰਾਕਾ ਤੋਂ ਕ੍ਰਿਸ਼ਨ ਜੀ ਦੇ ਸੁਨੇਹੇ ਲੈ ਕੇ ਬ੍ਰਿੰਦਾਬਨ ਦੀਆਂ ਗੋਪੀਆਂ ਕੋਲ ਗਿਆ ਸੀ। ਅਕਰੂਰ–ਕ੍ਰਿਸ਼ਨ ਜੀ ਦਾ ਸਕਾ ਚਾਚਾ ਅਤੇ ਕ੍ਰਿਸ਼ਨ ਜੀ ਦਾ ਭਗਤ ਸੀ। ਬਿਦਰ–ਰਾਜਾ ਵਿਚਿਤ੍ਰ ਵੀਰ ਦੀ ਦਾਸੀ ਸੁਦੇਸਨਾ ਦੇ ਉਦਰ ਤੋਂ ਬਿਆਸ ਦਾ ਪੁਤ੍ਰ। ਇਹ ਬੜਾ ਸੱਤਵਾਦੀ, ਨੀਤੀਵੇਤਾ ਅਤੇ ਕ੍ਰਿਸ਼ਨ ਭਗਤ ਸੀ। ਪਾਂਡਵਾਂ ਨੂੰ ਸ਼ੁੱਭ ਸਿਖਿਆ ਦੇਂਦਾ ਸੀ, ਪਰ ਮਹਾਂ ਭਾਰਤ ਦੇ ਜੰਗ ਸਮੇਂ ਇਹ ਕੌਰਵਾਂ ਵਲ ਸੀ। ਕ੍ਰਿਸਨ ਜੀ ਇਸਦੇ ਨੇਕ ਸੁਭਾਵ ਕਰਕੇ ਦੁਰਯੋਧਨ ਹੰਕਾਰੀ ਦੇ ਘਰ ਠਹਿਰਨ ਦੀ ਬਜਾਏ ਇਸ ਦੇ ਘਰ ਠਹਿਰੇ। ਸਰਬਾਤਮ–ਸਰਬ ਵਿਆਪਕ ਹਰੀ। ਕਬਿ ਕਲ–ਭੱਟ ਕਲ ਕਵੀ।੪।

ਗਾਵਹਿ ਗੁਣ ਬਰਨ ਚਾਰਿ ਖਟ ਦਰਸਨ, ਬ੍ਰਹਮਾਦਿਕ ਸਿਮਰੰਥਿ ਗੁਨਾ ॥ ਗਾਵੈ ਗੁਣ ਸੇਸੁ ਸਹਸ ਜਿਹਬਾ ਰਸ, ਆਦਿ ਅੰਤਿ ਲਿਵ ਲਾਗਿ ਧੁਨਾ ॥ ਚਾਰੇ ਵਰਨਾਂ (ਬ੍ਰਹਮਣ ਖਤ੍ਰੀ ਸੂਦ ਤੇ ਵੈਸ਼) ਦੇ ਲੋਕ, ਛੇ ਭੇਖ (ਛੇ ਸ਼ਾਸਤ੍ਰਾਂ ਨੂੰ ਮੰਨਣ ਵਾਲੇ ਲੋਕ) ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦੇ ਹਨ, ਬ੍ਰਹਮਾ ਆਦਿ ਤੋਂ ਲੈ ਕੇ (ਸਾਰੇ ਦੇਵਤੇ ਵੀ ਗੁਰੂ ਜੀ ਦੇ) ਗੁਣ ਸਿਮਰਦੇ ਹਨ। ਸ਼ੇਸ ਨਾਗ ਹਜਾਰਾਂ ਜੀਭਾਂ ਰਾਹੀਂ ਪ੍ਰੇਮ ਨਾਲ ਆਦਿ ਤੋਂ ਅੰਤ ਤਕ (ਲਗਾਤਾਰ) ਲਿਵ ਦੀ ਧੁਨੀ ਲਗਾ ਕੇ (ਗੁਰੂ ਜੀ ਦੇ) ਗੁਣ ਗਾਉਂਦਾ ਹੈ।

ਗਾਵੈ ਗੁਣ ਮਹਾਦੇਉ ਬੈਰਾਗੀ, ਜਿਨਿ ਧਿਆਨ ਨਿਰੰਤਰਿ ਜਾਣਿਓ ॥ ਤਿਆਗੀ ਹੋਇਆ ਸ਼ਿਵ ਜੀ (ਵੀ ਗੁਰੂ ਜੀ ਦੇ) ਗੁਣ ਗਾਉਂਦਾ ਹੈ, ਜਿਸ ਨੇ ਲਗਾਤਾਰ ਧਿਆਨ (ਕਰਨਾ) ਜਾਣਿਆ ਹੈ।

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ ॥੫॥ (ਅਰਥ ਹੋ ਚੁੱਕੇ ਹਨ)।

ਪਦਾਰਥ = ਗਾਵਹਿ–ਗਾਉਂਦੇ ਹਨ। ਬਰਨ ਚਾਰਿ–ਚਾਰ ਬਰਨ (ਖਤ੍ਰੀ, ਬ੍ਰਹਮਣ, ਵੈਸ਼ ਅਤੇ ਸੂਦਰ)। ਖਟ ਦਰਸਨ–ਛੇ ਸ਼ਾਸਤਰ; (ਛੇ ਸ਼ਾਸਤ੍ਰਾਂ ਦੇ ਮੱਤਾਂ ਨੂੰ ਮੰਨਣ ਵਾਲਿਆਂ ਦੇ) ਛੇ ਭੇਖ (ਜੋਗੀ, ਜੰਗਮ, ਸਰੇਵੜੇ, ਬੈਰਾਗੀ, ਸੰਨਿਆਸੀ ਤੇ ਮਦਾਰੀ)। ਸਿਮਰੰਥਿ–ਸਿਮਰਦੇ ਹਨ। ਸੇਸੁ–ਸ਼ੇਸ ਨਾਗ। ਸਹਸ ਜਿਹਬਾ–ਹਜਾਰ ਜੀਭਾਂ ਨਾਲ। ਰਸ–ਪ੍ਰੇਮ ਨਾਲ। ਆਦਿ ਅੰਤ–ਲਗਾਤਾਰ ਇਕ ਰਸ। ਲਿਵ ਲਾਗਿ ਧੁਨਾ –ਲਿਵ ਦੀ ਧੁਨੀ ਲਗਾ ਕੇ। ਮਹਾ ਦੇਉ–ਸਿਵ ਜੀ। ਬੈਰਾਗੀ–ਵੈਰਾਗਵਾਨ। ਨਿਰੰਤਰਿ–ਲਗਾਤਾਰ; ਇਕ ਰਸ।੫।

ਰਾਜੁ ਜੋਗੁ ਮਾਣਿਓ, ਬਸਿਓ ਨਿਰਵੈਰੁ ਰਿਦੰਤਰਿ ॥ ਸ੍ਰਿਸਟਿ ਸਗਲ ਉਧਰੀ, ਨਾਮਿ ਲੇ ਤਰਿਓ ਨਿਰੰਤਰਿ ॥ (ਗੁਰੂ ਨਾਨਕ ਦੇਵ ਜੀ ਨੇ) ਰਾਜ ਜੋਗ (ਗ੍ਰਿਹਸਤ ਵਿਚ ਰਹਿ ਕੇ ਭਗਤੀ) ਦੇ ਅਨੰਦ ਨੂੰ ਮਾਣਿਆ ਹੈ, ਆਪ ਜੀ ਦੇ ਹਿਰਦੇ ਵਿਚ ਨਿਰਵੈਰ ਹਰੀ ਵਸਦਾ ਹੈ; ਵੈਰ ਰਹਿਤ ਭਾਵ ਵਸਦਾ ਹੈ (ਭਾਵ ਸਭ ਨਾਲ ਪਿਆਰ ਕਰਦੇ ਹਨ। ਨਾਮਿ ਦੇਹਲੀ ਦੀਪਕ ਹੈ, ਦੋਹਾਂ ਪਾਸੇ ਲਗ ਸਕਦਾ ਹੈ)। ਪ੍ਰਭੂ ਦੇ ਨਾਮ ਦੀ ਬਰਕਤ ਨਾਲ ਗੁਰੂ ਜੀ ਨੇ ਸਾਰੀ ਸ੍ਰਿਸਟੀ (ਸੰਸਾਰ ਸਮੁੰਦਰ ਤੋਂ) ਤਾਰ ਦਿਤੀ, ਜਿਸ ਨਾਮ ਨੂੰ ਇਕ ਰਸ (ਲਗਾਤਾਰ) ਲੈ ਕੇ (ਜਪ ਕੇ ਗੁਰੂ ਜੀ ਆਪ ਵੀ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।

ਗੁਣ ਗਾਵਹਿ ਸਨਕਾਦਿ, ਆਦਿ ਜਨਕਾਦਿ ਜੁਗਹ ਲਗਿ ॥ ਧੰਨਿ ਧੰਨਿ ਗੁਰੁ ਧੰਨਿ, ਜਨਮੁ ਸਕਯਥੁ ਭਲੌ ਜਗਿ ॥ (ਬ੍ਰਹਮਾ ਦੇ ਪੁਤ੍ਰ,

ਚਾਰੇ ਭਰਾ) ਸਨਕ ਆਦਿ ਸਾਰੇ ਅਤੇ ਰਾਜਾ ਜਨਕ ਆਦਿ ਸਾਰੇ ਭਗਤ ਆਦਿ ਜੁੱਗਾਂ ਤੋਂ ਲਗ ਕੇ (ਸਦਾ ਹੀ ਗੁਰੂ ਨਾਨਕ ਦੇਵ ਜੀ ਦੇ) ਗੁਣ ਗਾਉਂਦੇ ਹਨ। (ਗੁਰੂ ਨਾਨਕ ਦੇਵ ਜੀ) ਸਦਾ ਹੀ ਧੰਨ ਹਨ (ਜਾਂ ਗੁਰੂ ਜੀ, ਉਨ੍ਹਾਂ ਦੇ ਮਾਤਾ ਪਿਤਾ ਧੰਨ ਹਨ), ਜਗਤ ਵਿਚ ਆਪ ਜੀ ਦਾ ਪ੍ਰਕਾਸ਼ ਹੋਣਾ ਸਫਲ ਅਤੇ ਭਲਾ ਹੈ।

ਪਾਤਾਲ ਪੁਰੀ ਜੈਕਾਰ ਧੁਨਿ, ਕਬਿ ਜਨ ਕਲ ਵਖਾਣਿਓ ॥ ਹਰਿ ਨਾਮ ਰਸਿਕ ਨਾਨਕ ਗੁਰ, ਰਾਜੁ ਜੋਗੁ ਤੈ ਮਾਣਿਓ ॥੬॥ ਭੱਟ ਕਲ ਕਵੀ ਜੀ ਬਿਆਨ ਕਰਦੇ ਹਨ (ਹੇ ਗੁਰੂ ਨਾਨਕ ਦੇਵ) ਪਤਾਲ ਪੁਰੀ (ਵਿਚੋਂ ਵੀ) ਤੇਰੀ ਜੈ ਜੈ ਕਾਰ ਦੀ ਧੁਨ (ਪ੍ਰਗਟ) ਹੋ ਰਹੀ ਹੈ। ਹੇ ਹਰੀ ਨਾਮ ਦੇ ਰਸੀਏ ਗੁਰੂ ਨਾਨਕ ਦੇਵ ਜੀ! (ਦੁਨੀਆਂ ਵਿਚ ਕੇਵਲ) ਆਪ ਜੀ ਨੇ ਹੀ ਰਾਜ ਜੋਗ ਦੋਵੇਂ ਹੀ ਮਾਣੇ ਹਨ।੬।

ਪਦਾਰਥ = ਬਸਿਓ–ਵਸਦਾ ਹੈ। ਨਿਰਵੈਰੁ–ਵੈਰ ਰਹਿਤ ਹਰੀ। ਰਿਦੰਤਰਿ–ਹਿਰਦੇ ਵਿਚ। ਸਗਲ–ਸਾਰੀ। ਉਧਰੀ–ਤਾਰ ਦਿਤੀ। ਨਾਮਿ–ਨਾਮ ਰਾਹੀਂ (ਨਾਮ ਦੀ ਬਰਕਤ ਨਾਲ)। ਤਰਿਓ–ਤਰ ਗਿਆ। ਨਿਰੰਤਰਿ–ਇਕ ਰਸ; ਲਗਾਤਾਰ। ਸਨਕਾਦਿ–(ਬ੍ਰਹਮਾ ਦੇ ਚਾਰ ਪੁਤਰ) ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ। ਆਦਿ–ਮੁੱਢ ਤੋਂ। ਜੁਗਹ ਲਗਿ–ਜੁਗਾਂ ਤਕ। ਸਕਯਥੁ–ਸਫਲ। ਭਲੌ–ਉਤਮ; ਚੰਗਾ। ਪਾਤਾਲ ਪੁਰੀ–ਪਤਾਲ ਲੋਕ। ਕਬਿ ਕਲ–ਕਵੀ ਕਲ। ਰਸਿਕ–ਰਸੀਆ। ਤੈ–ਤੂੰ। ਰਾਜ ਜੋਗ–ਰਾਜਾ ਜਨਕ ਵਾਂਗ ਨਾਲੇ ਰਾਜ, ਨਾਲੇ ਜੋਗ ਭਾਵ ਮਾਇਕ ਦੁਨੀਆਂ ਵਿਚ ਰਹਿ ਕੇ ਕੰਮ ਕਾਜ ਕਰਦੇ ਹੋਏ ਹਰੀ ਦਾ ਨਾਮ ਜਪਣਾ, ਪਰ ਮਾਇਆ ਤੋਂ ਨਿਰਲੇਪ ਰਹਿਣਾ (ਰਾਜ ਜੋਗ ਹੈ); ਜੋਗ ਮੱਤ ਅਨੁਸਾਰ ਮਨ ਦੀ ਬ੍ਰਿਤੀ ਦਾ ਨਿਰ ਵਿਕਲਪ ਹੋਣਾ ਰਾਜ ਜੋਗ ਹੈ।੬।

ਸਤਜੁਗਿ ਤੈ ਮਾਣਿਓ, ਛਲਿਓ ਬਲਿ, ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ, ਰਾਮੁ ਰਘੁਵੰਸੁ ਕਹਾਇਓ ॥ (ਹੇ ਗੁਰੂ ਨਾਨਕ ਦੇਵ ਜੀ) ਸਤਜੁਗ ਵਿਚ ਆਪ ਜੀ ਨੇ ਹੀ (ਰਾਜ ਜੋਗ ਦਾ ਅਨੰਦ) ਮਾਣਿਆ ਅਤੇ ਬਾਵਨ ਅਵਤਾਰ ਦੇ ਰੂਪ ਵਿਚ ਬਲ ਰਾਜੇ ਨੂੰ ਛਲਿਆ, ਬਾਵਨ ਅਵਤਾਰ ਬਣਨਾ (ਉਦੋਂ ਆਪ ਜੀ ਨੂੰ) ਚੰਗਾ ਲੱਗਾ ਸੀ {ਬਾਵਨ ਰੂਪੁ ਕੀਆ ਤੁਧੁ ਕਰਤੇ, ਸਭ ਹੀ ਸੇਤੀ ਹੈ ਚੰਗਾ ੧੦੮੨}। (ਹੇ ਗੁਰੂ ਨਾਨਕ ਦੇਵ ਜੀ) ਤ੍ਰੇਤੇ ਵਿਚ ਵੀ ਆਪ ਜੀ ਨੇ ਹੀ (ਰਾਜ ਜੋਗ) ਮਾਣਿਆ ਸੀ, (ਜਦੋਂ ਅਪਣੇ ਆਪ ਨੂੰ) ਰਘੂ ਵੰਸੀ ਰਾਮ ਰੂਪ ਕਹਾਇਆ ਸੀ (ਭੱਟ ਕਹਿੰਦਾ ਹੈ ਕਿ ਹੇ ਗੁਰੂ ਜੀ! ਮੇਰੇ ਲਈ ਤੂੰ ਹੀ ਬਾਵਨ ਅਵਤਾਰ ਹੈਂ ਅਤੇ ਤੂੰ ਹੀ ਰਾਮ ਚੰਦਰ ਹੈਂ)।

ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ, ਅਭੈ ਭਗਤਹ ਜਨ ਦੀਓ ॥ ਦੁਆਪਰ ਜੁਗ ਵਿਚ ਮੁਰਾਰੀ ਕ੍ਰਿਸ਼ਨ ਰੂਪ ਵੀ (ਹੇ ਗੁਰੂ ਜੀ) ਤੁਸੀਂ ਹੀ ਸੀ, ਜਦੋਂ ਕੰਸ ਨੂੰ ਮਾਰ ਕੇ ਮੁਕਤ ਕੀਤਾ ਸੀ। ਉਗ੍ਰ ਸੈਣ ਨੂੰ (ਮਥੁਰਾ ਦਾ) ਰਾਜ ਦਿਤਾ ਅਤੇ ਅਪਣੇ ਭਗਤ ਜਨਾਂ ਨੂੰ ਨਿਰਭੈ ਕਰ ਦਿਤਾ ਸੀ (ਕੰਸ ਤੋਂ ਭੈ ਭੀਤ ਸਨ)।

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ, ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ, ਆਦਿ ਪੁਰਖਿ ਫੁਰਮਾਇਓ ॥੭॥ (ਇਸੇ ਤਰ੍ਹਾਂ ਬਾਕੀ ਜੁਗਾਂ ਵਾਂਗ) ਹੇ ਗੁਰੂ ਨਾਨਕ ਦੇਵ ਜੀ! ਕਲਜੁਗ ਵਿਚ ਵੀ ਆਪ ਹੀ ਪ੍ਰਮਾਣੀਕ ਹੋ, (ਤੁਸੀਂ ਹੀ ਅਪਣੇ ਆਪ ਨੂੰ) ਗੁਰੂ ਅੰਗਦ ਤੇ ਗੁਰੂ ਅਮਰ ਦਾਸ (ਇਕੋ ਜੋਤ ਰੂਪ) ਕਹਾਇਆ ਹੈ। ਅਕਾਲ ਪੁਰਖ ਨੇ ਹੁਕਮ ਕੀਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ ਸਦਾ ਕਾਇਮ ਰਹਿਣ ਵਾਲਾ ਅਤੇ ਅਟੱਲ ਹੈ (ਗੁਰੂ ਨਾਨਕ ਦੇਵ ਜੀ ਦੀ ਗੁਰਿਆਈ ਗੱਦੀ ਜਾਂ ਭਗਤੀ) ਦਾ ਰਾਜ ਸਦਾ ਕਾਇਮ ਰਹਿਣ ਵਾਲਾ ਹੈ)।੭।

ਪਦਾਰਥ = ਮਾਣਿਓ–(ਰਾਜ ਜੋਗ ਦਾ ਅਨੰਦ) ਮਾਣਿਆ; ਮਾਣ ਦਿਤਾ (ਵਡਿਆਇਆ)। ਬਲਿ–ਭਗਤ ਪ੍ਰਹਲਾਦ ਦਾ ਪੋਤਾ ਰਾਜਾ ਬਲ (ਨੇ ਇੰਦ੍ਰ ਦੀ ਪਦਵੀ ਖੋਹਣ ਲਈ ੧੦੧ ਜੱਗ ਕੀਤਾ। ਸੌ ਜਗ ਪੂਰਾ ਹੋਣ ਤੇ ਇੰਦ੍ਰ ਦੀ ਮੱਦਦ ਲਈ ਵਿਸ਼ਨੂੰ ਬੌਣਾ ਬ੍ਰਾਹਮਣ ਦਾ ਰੂਪ ਧਾਰ ਕੇ ਬਲ ਨੂੰ ਛਲਨ ਲਈ ਆਇਆ। ਬਲ ਨੇ ਬ੍ਰਹਮਣ ਜਾਣ ਕੇ ਮਾਣ ਕੀਤਾ ਅਤੇ ਦਾਨ ਮੰਗਣ ਨੂੰ ਕਿਹਾ। ਬਲ ਦੇ ਗੁਰੂ ਸ਼ੁਕ੍ਰ ਨੇ ਬੌਣੇ ਤੇ ਸ਼ੱਕ ਕਰਕੇ ਬਲ ਨੂੰ ਦਾਨ ਦੇਣ ਤੋਂ ਰੋਕਿਆ ਪਰ ਬਲ ਨੂੰ ਅਪਣੇ ਦਾਨੀ ਹੋਣ ਤੇ ਮਾਣ ਸੀ। ਇਸ ਕਰਕੇ ਬਲ ਨੇ ਗੁਰੂ ਦੀ ਇਕ ਨਾ ਮੰਨੀ। ਬੌਣੇ ਨੇ ਢਾਈ ਕਰਮਾਂ ਧਰਤੀ ਮੰਗੀ ਜੋ ਕੇ ਬੌਣੇ ਨੇ ਅਪਣੇ ਕਰਮਾਂ ਨਾਲ ਮਿਣਨੀ ਸੀ। ਬਲ ਦੇ ਹਾਂ ਕਰਨ ਤੇ ਇਸ ਨੇ ਦੋ ਕਰਮਾਂ ਵਿਚ ਮਾਤ ਲੋਕ ਤੇ ਪ੍ਰਲੋਕ ਮਿਣ ਦਿਤੇ ਅਤੇ ਅੱਧੀ ਕਰਮ ਲਈ ਬਲ ਨੇ ਅਪਣਾ ਸਰੀਰ ਪੇਸ਼ ਕੀਤਾ। ਵਿਸ਼ਨੂੰ ਨੇ ਬਲ ਨੂੰ ਪਤਾਲ ਵਿਚ ਧੱਕ ਦਿਤਾ ਪਰ ਬਲ ਨੇ ਵਿਸ਼ਨੂੰ ਨੂੰ ਵਾਅਦੇ ਅਨੁਸਾਰ ਅਪਣੇ ਦਰ ਤੇ ਹੀ ਰੱਖਿਆ। ਬਲਿ–(ਰਾਜੇ) ਬਲ ਨੂੰ। ਭਾਇਓ–ਚੰਗਾ ਲੱਗਾ। ਤ੍ਰੇਤੈ–ਤ੍ਰੇਤੇ ਜੁਗ ਵਿਚ। ਤੈ–ਤੂੰ। ਰਾਮੁ ਰਘੁਵੰਸੁ–ਰਘੁਵੰਸੀ ਰਾਮ ਚੰਦਰ ਜੀ। ਦੁਆਪੁਰਿ–ਦੁਆਪਰ ਜੁਗ ਵਿਚ। ਕ੍ਰਿਸਨ ਮੁਰਾਰਿ–ਮੁਰ ਦੈਂਤ ਦਾ ਵੈਰੀ ਕ੍ਰਿਸ਼ਨ। ਕੰਸੁ–ਕ੍ਰਿਸ਼ਨ ਦਾ ਮਾਮਾ। ਕਿਰਤਾਰਥੁ ਕੀਓ–ਮੁਕਤ ਕੀਤਾ। ਉਗ੍ਰਸੈਣ–ਕੰਸ ਦਾ ਪਿਤਾ (ਕ੍ਰਿਸ਼ਨ ਦਾ ਨਾਨਾ) ਕੰਸ ਨੇ ਅਪਣੇ ਪਿਤਾ ਨੂੰ ਕੈਦ ਕਰ ਰੱਖਿਆ ਸੀ। ਭਗਤਹ ਜਨ–ਭਗਤ ਜਨਾਂ ਨੂੰ। ਅਭੈ–ਨਿਰਭੈ ਪਦਵੀ। ਕਲਿਜੁਗਿ–ਕਲਜੁਗ ਵਿਚ। ਪ੍ਰਮਾਣੁ–(ਹਰੀ ਦੇ ਦਰ ਤੇ) ਪ੍ਰਵਾਣ ਅਵਤਾਰ; ਮੰਨੇ ਪ੍ਰਮੰਨੇ। ਸ੍ਰੀ ਗੁਰੂ ਰਾਜੁ–ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਾਜ। ਅਬਿਚਲੁ–ਸਦਾ ਕਾਇਮ ਰਹਿਣ ਵਾਲਾ। ਅਟਲ (ਅਟੱਲ ਬੋਲੋ)–ਨਾ ਟਲਣ ਵਾਲਾ। ਆਦਿ ਪੁਰਖਿ–ਅਕਾਲ ਪੁਰਖ ਨੇ।੭।

ਵਿਆਖਿਆ = ਕਿਸੇ ਵੀ ਮਹਾਂ ਪੁਰਖ ਸੰਤ ਭਗਤ ਅਵਤਾਰ ਵਿਚ ਸੰਸਾਰ ਤੇ ਆ ਕੇ ਪਰ ਉਪਕਾਰ ਜਾਂ ਜੁਲਮ ਨੂੰ ਨਾਸ਼ ਕਰਨ ਦੀ ਸ਼ਕਤੀ ਪ੍ਰਭੂ ਦੀ ਹੁੰਦੀ ਹੈ। ਕਿਸੇ ਵਿਚ ਹਰੀ ਦੀ ਸ਼ਕਤੀ ਘਟ ਕਿਸੇ ਵਿਚ ਵੱਧ ਹੁੰਦੀ ਹੈ। ਹਰੀ ਹੀ ਅਪਣੀ ਸ਼ਕਤੀ ਦੇ ਕੇ ਸੰਸਾਰ ਦਾ

ਭਲਾ ਕਰਨ ਲਈ ਗੁਰੂਆਂ ਅਵਤਾਰਾਂ ਨੂੰ ਭੇਜਦਾ ਹੈ। ਜਿਵੇਂ ਗੁਰੂ ਦਸਮੇਸ਼ ਜੀ ਦਾ ਵਾਰ ਵਿਚ ਵਾਕ ਹੈ:- ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ (ਚੰਡੀ ਦੀ ਵਾਰ)। ਸੰਸਾਰ ਵਿਚ ਜੁਲਮ ਦਾ ਨਾਸ਼ ਕਰਨ ਲਈ ਹਿੰਦੂ ਧਰਮ ਅਨੁਸਾਰ ਬਿਸ਼ਨੂੰ ਅਵਤਾਰ ਲੈਂਦਾ ਹੈ। ਵਿਸ਼ਨੂੰ ਵਿਚ ਵੀ ਹਰੀ ਦੀ ਹੀ ਸ਼ਕਤੀ ਕੰਮ ਕਰਦੀ ਹੈ। ਪਰ ਲੋਕ ਹਰੀ ਦੀ ਸ਼ਕਤੀ ਭੁੱਲ ਕੇ ਵਿਸ਼ਨੂੰ ਅਤੇ ਵਿਸ਼ਨੂੰ ਦੇ ਅਵਤਾਰਾਂ ਨੂੰ ਹਰੀ ਸਮਝ ਕੇ ਪੂਜਣ ਲੱਗ ਗਏ। ਜਿਸ ਤੋਂ ਦੇਵ ਪੂਜਾ ਅਰੰਭ ਹੋਈ, ਅਤੇ ਲੋਕ ਅਵਤਾਰਾਂ ਦੀਆਂ ਮੂਰਤਾਂ ਅਤੇ ਬੁੱਤ ਬਣਾ ਕੇ ਪੂਜਣ ਲੱਗ ਗਏ। ਕਲਜੁਗ ਵਿਚ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਤੋਂ ਸਨਮਾਨੇ ਅਤੇ ਪ੍ਰਵਾਨਿਤ ਹੋ ਕੇ ਸੰਸਾਰ ਵਿਚ ਅਨੰਤ ਸ਼ਕਤੀਆਂ ਲੈ ਕੇ ਆਏ। ਗੁਰੂ ਨਾਨਕ ਦੇਵ ਜੀ ਦਾ ਇਹ ਰਾਜ ਹਰੀ ਨੇ ਆਪ ਕਾਇਮ ਕੀਤਾ ਹੈ ਜੋ ਅਟੱਲ ਤੇ ਅਬਨਾਸੀ ਹੈ। ਇਸ ਸਵੱਈਏ ਵਿਚ ਭੱਟ ਕਲ ਜੀ ਆਖਦੇ ਹਨ, ਮੇਰੇ ਲਈ ਗੁਰੂ ਨਾਨਕ ਦੇਵ ਜੀ ਹੀ ਬਾਵਨ, ਰਾਮ, ਕ੍ਰਿਸਨ ਰੂਪ ਹਨ। {ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ (ਜਪੁ)}। ਭਾਵ ਮੇਰੇ ਲਈ ਗੁਰੂ ਹੀ ਸਭ ਕੁਛ ਹੈ। {ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ। (੬੦੬)। ਆਪੇ ਗੋਪੀ ਆਪੇ ਕਾਨਾ। ਆਪੇ ਗਊ ਚਰਾਵੈ ਬਾਨਾ ੧੦੮੩}। ਇਕ ਤਾਂ ਗਿਆਨ ਅਵਸਥਾ ਵਿਚ ਹਰੇਕ ਦੇ ਅੰਦਰ ਅਪਣਾ ਪਿਆਰਾ ਹੀ ਦਿਸਦਾ ਹੈ। ਜਿਵੇਂ ਸਾਗਰ ਤੇ ਤਰੰਗ, ਸੋਨੇ ਤੇ ਗਹਿਣੇ ਵਿਚ ਅੰਤਰ ਨਹੀ। ਅੱਗ ਦਾ ਸੋਮਾ ਸੂਰਜ ਹੈ, ਤਿਵੇਂ ਸਰਬ ਸ਼ਕਤੀਆਂ ਮੂਲ ਸੋਮਾ ਅਕਾਲ ਪੁਰਖ ਹੈ। ਕਲ ਭੱਟ ਜੀ ਸਾਰੇ ਅਵਤਾਰਾਂ ਨੂੰ ਗੁਰੂ ਨਾਨਕ ਦੇਵ ਜੀ ਵਿਚ ਦੇਖਦੇ ਹਨ {ਅਪਨੋ ਸੁਅੰਨਿ ਜੈਸੋ ਲਾਗਤ ਪਿਆਰੋ ਜੀਅ, ਜਾਨੀਐ ਵੈਸੋ ਹੀ ਪਿਆਰੋ ਸਕਲ ਸੰਸਾਰ ਕੋ (ਭਾ: ਗੁ: ਕ: ੩੯੮} ਸੁਅਨ-ਪੁਤ੍ਰ)। ਜੋ ਲੋੜਾਂ ਪੂਰਬਲੇ ਅਵਤਾਰਾਂ ਤੋਂ ਪੂਰੀਆਂ ਹੁੰਦੀਆਂ ਸਨ ਉਹ ਲੋੜਾਂ ਹੁਣ ਗੁਰੂ ਜੀ ਤੋਂ ਪੂਰੀਆਂ ਹੋ ਜਾਂਦੀਆਂ ਹਨ।

ਜਿਵੇਂ ਕੋਈ ਬਾਦਸ਼ਾਹ ਅਪਣੀ ਤਾਕਤ ਦੇ ਕੇ ਅਪਣੇ ਵਜੀਰ ਜਾਂ ਜਰਨੈਲ ਨੂੰ ਕਿਤੇ ਭੇਜਦਾ ਹੈ, ਇਵੇਂ ਹਰੀ ਜਗਤ ਤੇ ਅਪਣੀ ਸ਼ਕਤੀ ਦੇ ਕੇ ਕਿਸੇ ਅਵਤਾਰ, ਗੁਰੂ ਪੀਰ ਨੂੰ ਭੇਜਦਾ ਹੈ। ਹੇ ਪ੍ਰਭੂ! ਸਤਯੁਗ ਵਿਚ ਤੈਂ ਅਪਣੀ ਸ਼ਕਤੀ ਦਾ ਕੁਛ ਹਿੱਸਾ ਦੇ ਕੇ ਬਾਵਨ ਅਵਤਾਰ ਨੂੰ ਸਨਮਾਨਿਆ ਸੀ, ਕਿਉਂਕਿ ਬਲ ਰਾਜੇ ਦੇ ਹੰਕਾਰ ਨੂੰ ਛਲਨਾ (ਤੋੜਨਾ ਬਾਵਨ ਰਾਹੀਂ) ਤੈਨੂੰ ਚੰਗਾ ਲੱਗਾ ਸੀ। ਤ੍ਰੇਤੇ ਜੁਗ ਵਿਚ ਤੁਸੀਂ (ਰਾਮ ਚੰਦ੍ਰ ਜੀ ਨੂੰ) ਵਡਿਆਈ ਦਿਤੀ ਸੀ, ਜਿਨ੍ਹਾਂ ਨੇ ਰਘੂ ਕੁਲ ਵਾਲੇ ਰਾਮ ਚੰਦ੍ਰ ਕਹਾਇਆ ਸੀ। ਦੁਆਪਰ ਵਿਚ ਕ੍ਰਿਸ਼ਨ ਮੁਰਾਰੀ ਨੇ ਕੰਸ ਨੂੰ ਮੁਕਤ ਕੀਤਾ ਅਤੇ ਉਗ੍ਰਸੈਣ ਨੂੰ ਰਾਜ ਦੇ ਕੇ (ਕੰਸ ਤੋਂ ਡਰੇ ਹੋਏ) ਭਗਤਾਂ ਨੂੰ ਨਿਰਭੈ ਕਰ ਦਿਤਾ। ਕਲਜੁਗ ਵਿਚ ਗੁਰੂ ਨਾਨਕ ਸਾਹਿਬ ਧੁਰ ਤੇਰੇ ਦਰਬਾਰ ਵਿਚੋਂ ਪ੍ਰਵਾਨ ਹੋ ਕੇ ਜਗਤ ਵਿਚ ਆਏ, ਅਤੇ ਉਨ੍ਹਾਂ ਨੇ ਹੀ ਗੁਰੂ ਅੰਗਦ ਤੇ ਗੁਰੂ ਅਮਰ ਦਾਸ ਕਹਾਇਆ। ਪ੍ਰਭੂ ਨੇ ਫੁਰਮਾਇਆ ਕਿ ਗੁਰੂ ਨਾਨਕ ਦੇਵ ਜੀ ਦਾ ਰਾਜ ਸਦਾ ਕਾਇਮ ਰਹਿਣ ਵਾਲਾ ਹੈ (ਮੇਰਾ ਖਿਆਲ)।

ਪੰਡਤ ਕਰਤਾਰ ਸਿੰਘ ਦਾਖਾ ਦੇ ਅਰਥ ঃ- ਹੇ ਆਦਿ ਪੁਰਖ! ਤੈਂ ਹਰਿ ਨਾਮ ਦੇ ਰਸਿਕ ਗੁਰੂ ਨਾਨਕ ਦੇਵ ਜੀ ਨੂੰ ਰਾਜ ਜੋਗ ਸਹਿਤ ਮਾਣ ਦਿਤਾ। (ਭਾਵ) ਤੈਂ ਸਤਿਜੁਗ ਨੂੰ ਭੀ ਮਾਣ ਦਿਤਾ ਸੀ ਜਿਸ ਵਿਚ (ਲੋਕਾਂ ਨੂੰ) ਬਾਵਨ ਦੁਆਰਾ ਬਲ ਦਾ ਛਲਣਾ ਭਾਇਆ ਸੀ। ਤ੍ਰੇਤੇ ਜੁਗ ਨੂੰ ਭੀ ਮਾਣ ਦਿਤਾ (ਜਿਸ ਵਿਚ ਰਘੂ ਕੁਲ ਵਿਚ ਰਾਮ ਚੰਦ੍ਰ ਹੋਇਆ ਸੀ) ਦੁਆਪੁਰ ਭੀ ਮਾਣਿਓ ਜਿਸ ਵਿਚ ਕੰਸ ਕ੍ਰਿਸ਼ਨ ਮੁਰਾਰ ਹੋਏ, ਕੰਸ ਨੂੰ ਕ੍ਰਿਤਾਰਥ ਕੀਤਾ ਅਤੇ ਉਗ੍ਰਸੈਨ ਨੂੰ ਰਾਜ ਅਰ ਭਗਤਾਂ ਨੂੰ ਅਭੈ ਦਾਨ ਦਿਤਾ। ਮਗਰ ਕਲਜੁਗ (ਸਭ ਜੁਗਾਂ ਨਾਲੋਂ) ਪ੍ਰਮਾਣ ਹੈ, ਜਿਸ ਵਿਚ ਸ੍ਰੀ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਹੋਏ (ਕਿਉਂਕਿ) ਸ੍ਰੀ ਗੁਰੂ ਜੀ ਦੇ ਰਾਜ ਨੂੰ (ਤੈਂ) ਅਚੱਲ ਅਤੇ ਅਟੱਲ ਫੁਰਮਾਇਆ ਹੈ। ਭਾਵ ਇਹঃ- ਯੱਦਪੀ ਤੈਂ ਚੌਹਾਂ ਜੁਗਾਂ ਨੂੰ ਮਾਣ ਦਿਤਾ, ਮਗਰ ਕਲਜੁਗ ਨੂੰ ਸ੍ਰੀ ਗੁਰੂ ਦੀ ਪ੍ਰਗਟਤਾ ਦੇ ਕਾਰਨ ਅਧਿਕ ਮਾਣ ਮਿਲਿਆ।

ਹੇ ਗੁਰੂ ਨਾਨਕ ਦੇਵ ਜੀ! ਆਪ ਜੀ ਨੇ ਸਤਿਜੁਗਿ ਨੂੰ ਭੀ ਮਾਣਿਆ ਹੈ ਜਿਸ ਵਿਚ ਲੋਕਾਂ ਨੂੰ (ਅਧਯਾਹਾਰ ਕਰਕੇ) ਬਾਵਨ ਦੁਆਰਾ ਬਲ ਦਾ ਛਲਿਆ ਜਾਣਾ ਭਾਇਆ ਸੀ। ਤ੍ਰੇਤਾ ਭੀ ਤੈਂ ਮਾਣਿਆ ਜਿਸ ਵਿਖੇ ਰਘੂ ਕੁਲ ਵਿਚ ਰਾਮਚੰਦ੍ਰ ਜੀ ਹੋਏ ਸੀ। ਦੁਆਪਰ ਨੂੰ ਭੀ ਤੈਂ ਮਾਣਿਆ ਜਿਸ ਵਿਚ ਕੰਸ ਤੇ ਕ੍ਰਿਸ਼ਨ ਜੀ ਹੋਏ, ਉਗ੍ਰਸੈਣ ਨੂੰ ਰਾਜ ਦੇ ਕੇ ਕ੍ਰਿਤਾਰਥ ਕੀਤਾ, ਤੇ ਭਗਤਾਂ ਨੂੰ ਨਿਰਭੈਤਾ ਦਾ ਦਾਨ ਦਿਤਾ। ਹੁਣ ਕਲਿਯੁਗ ਵਿਚ ਵੀ ਆਪ ਪ੍ਰਮਾਣ ਹੋ ਜਿਸ ਵਿਚ ਸ੍ਰੀ ਗੁਰੂ ਅੰਗਦ ਅਤੇ ਗੁਰੂ ਅਮਰ ਦਾਸ ਭੀ ਕਹਾਏ ਹੋ। ਤਾਂ ਤੇ ਹੇ ਸ੍ਰੀ ਗੁਰੂ ਜੀ! ਆਪ ਜੀ ਦਾ ਰਾਜ ਵਾਹਿਗੁਰੂ ਜੀ ਦੀ ਆਗਿਆ ਨਾਲ ਅਬਿਚਲ ਤੇ ਅਟੱਲ ਹੈ। 'ਖੜਗ ਖਾਲਸਾ' ਨਵੰਬਰ ੧੯੨੩, ਕ੍ਰਿਤ ਪੰ. ਕਰਤਾਰ ਸਿੰਘ ਦਾਖਾ। ੭।

ਗੁਣ ਗਾਵੈ ਰਵਿਦਾਸੁ, ਭਗਤੁ ਜੈ ਦੇਵ ਤ੍ਰਿਲੋਚਨ ॥ ਨਾਮਾ ਭਗਤੁ ਕਬੀਰੁ, ਸਦਾ ਗਾਵਹਿ ਸਮਲੋਚਨ ॥ ਗੁਰੂ ਨਾਨਕ ਦੇਵ ਜੀ ਦੇ ਗੁਣ ਭਗਤ ਰਵਿਦਾਸ, ਭਗਤ ਜੈ ਦੇਵ ਅਤੇ ਭਗਤ ਤ੍ਰਿਲੋਚਨ ਜੀ ਵੀ ਗਾਉਂਦੇ ਹਨ (ਅਰਥ ਕਰਨ ਵੇਲੇ ਭਗਤ ਤਿੰਨਾਂ ਨਾਲ ਲਾਉਣਾ ਹੈ)। (ਗੁਰੂ ਜੀ ਦੇ) ਗੁਣ ਸਮ ਦ੍ਰਿਸਟੀ ਕਰਕੇ (ਹਰੀ ਨੂੰ ਸਰਬ ਵਿਆਪਕ ਦੇਖਣ ਵਾਲੇ) ਭਗਤ ਨਾਮ ਦੇਵ ਅਤੇ ਭਗਤ ਕਬੀਰ ਸਾਹਿਬ ਗਾਉਂਦੇ ਹਨ (ਫ. ਸ.; ਭਾ: ਵੀਰ ਸਿੰਘ; ਦਰਪਣ); ਤੈਨੂੰ ਸਮਾਨ ਨੇਤ੍ਰਾਂ ਵਾਲਾ ਜਾਣ ਕੇ ਗਾਂਦੇ ਹਨ ਭਾਵ ਇਹ ਜਾਣ ਕੇ ਕਿ ਤੂੰ ਸਭ ਉਚ, ਨੀਚ, ਹਿੰਦੂ, ਮੁਸਲਮਾਨ ਨੂੰ ਇਕੋ ਨਜਰ ਨਾਲ ਦੇਖਣ ਵਾਲਾ ਹੈਂ (ਸ਼ਬਦਾਰਥ)।

ਭਗਤੁ ਬੇਣਿ ਗੁਣ ਰਵੈ, ਸਹਜਿ ਆਤਮ ਰੰਗੁ ਮਾਣੈ ॥ ਜੋਗ ਧਿਆਨਿ ਗੁਰ ਗਿਆਨਿ, ਬਿਨਾ ਪ੍ਰਭ ਅਵਰੁ ਨ ਜਾਣੈ ॥ ਭਗਤ ਬੇਣੀ ਜੀ

ਵੀ (ਗੁਰੂ ਨਾਨਕ ਦੇਵ ਦੇ ਇਹ) ਗੁਣ ਉਚਾਰਦਾ ਹੈ ਕਿ (ਗੁਰੂ ਨਾਨਕ ਦੇਵ ਜੀ) ਸਹਿਜ ਅਵਸਥਾ ਵਿਚ ਆਤਮਕ ਅਨੰਦ ਮਾਣਦੇ ਹਨ (ਗੁਣ ਗਾਂਦੇ ਹੋਏ ਸਹਜੇ ਹੀ ਆਤਮ ਅਨੰਦ ਮਾਣ ਰਹੇ ਹਨ)।ਅਤੇ ਗੁਰੂ ਦੇ ਗਿਆਨ ਰਾਹੀਂ (ਹਰੀ ਦੇ) ਧਿਆਨ ਵਿਚ ਜੁੜੇ ਹੋਏ ਹਨ ਅਤੇ ਪ੍ਰਭੂ ਤੋਂ ਬਿਨਾ ਹੋਰ ਕਿਸੇ ਨੂੰ ਨਹੀ ਜਾਣਦੇ।

ਸੁਖਦੇਉ ਪਰੀਖ੍ਯ੍ਤੁ ਗੁਣ ਰਵੈ, ਗੋਤਮ ਰਿਖਿ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ, ਨਿਤ ਨਵਤਨੁ ਜਗਿ ਛਾਇਓ ॥੮॥ (ਬਿਆਸ ਦਾ ਪੁਤ੍ਰ) ਰਿਖੀ ਸੁਖਦੇਵ, ਪਰੀਛਤ ਰਾਜਾ (ਗੁਰੂ ਨਾਨਕ ਦੇਵ ਜੀ ਦੇ) ਗੁਣ ਉਚਾਰਦੇ ਹਨ, ਗੋਤਮ ਰਿਖੀ ਨੇ ਵੀ (ਗੁਰੂ ਜੀ ਦਾ) ਜਸ ਗਾਇਆ ਹੈ।(ਭੱਟ) ਕਵੀ ਕਲ ਜੀ ਆਖਦੇ ਹਨ, ਗੁਰੂ ਨਾਨਕ ਦੇਵ ਜੀ ਦਾ ਉਤਮ ਜਸ ਨਿਤ ਨਵਾਂ ਹੈ ਅਤੇ ਜਗਤ ਵਿਚ ਪਸਰਿਆ ਹੋਇਆ ਹੈ।੮।

ਪਦਾਰਥ = ਗਾਵਹਿ–ਗਾਉਂਦੇ ਹਨ।ਸਮ ਲੋਚਨ–ਇਕੋ ਜਿਹੀ ਨਜਰ ਨਾਲ ਦੇਖਣ ਵਾਲਾ।ਭਗਤੁ ਬੇਣਿ–ਬੇਣੀ ਭਗਤ।ਰਵੈ–ਉਚਾਰਦਾ ਹੈ।ਸਹਜਿ–ਸਹਿਜ ਅਵਸਥਾ; ਸਹਜੇ ਹੀ।ਆਤਮ ਰੰਗੁ–ਆਤਮਕ ਅਨੰਦ।ਜੋਗ ਧਿਆਨ–(ਹਰੀ ਦੇ) ਧਿਆਨ ਵਿਚ ਜੁੜਨਾ।ਅਵਰੁ –ਹੋਰ ਕਿਸੇ ਨੂੰ।ਸੁਕਦੇਉ–ਬਿਆਸ ਰਿਖੀ ਦਾ ਪੁਤ੍ਰ।ਪਰੀਖ੍ਯ੍ਤ (ਪਰੀਖਅਤ ਪੜ੍ਹੋ)–ਅਰਜਨ ਦਾ ਪੋਤਾ, ਅਭਮੰਨੂੰ ਦਾ ਪੁਤ੍ਰ।ਸੁਜਸੁ–ਸ੍ਰੇਸਟ ਜਸ।ਨਿਤ–ਹਰ ਰੋਜ; ਸਦਾ।ਨਵਤਨੁ–ਨਵਾਂ।ਜਗਿ–ਜਗਤ ਵਿਚ।ਛਾਇਓ–ਪਸਰਿਆ ਹੋਇਆ ਹੈ।੮।

ਵਿਆਖਿਆ = ਹਰੀ ਦੀ ਦਰਗਾਹ ਪੁੱਜੇ ਮਹਾਂ ਪੁਰਖ ਸਦਾ ਜਿਉਂਦੇ ਹਨ।ਸਰੀਰ ਕਰਕੇ ਬੇਸ਼ੱਕ ਉਹ ਧਰਤੀ ਤੇ ਨਹੀ ਹਨ, ਪਰ ਉਨ੍ਹਾਂ ਦੀਆਂ ਆਤਮਾਵਾਂ ਜੋ ਕੁਝ ਗੁਰੂ ਜੀ ਨੂੰ ਦੇਖ ਰਹੀਆਂ ਹਨ, ਉਹ ਗਾ ਰਹੇ ਹਨ।ਇਹ ਭੱਟ ਕਵੀ ਅਨੁਭਵੀ ਮੰਡਲ ਵਿਚ ਜੋ ਕੁਛ ਦੇਖ ਰਹੇ ਹਨ, ਉਹ ਹੀ ਬਿਆਨ ਕਰਦੇ ਹਨ, ਆਮ ਬੰਦੇ ਦੀ ਉਥੇ ਤਕ ਪਹੁੰਚ ਨਹੀ, ਇਸ ਲਈ ਐਸੇ ਲੋਕ ਇਨ੍ਹਾਂ ਬਾਤਾਂ ਤੇ ਵਿਸ਼ਵਾਸ ਨਹੀਂ ਕਰਦੇ।੮।

ਗੁਣ ਗਾਵਹਿ ਪਾਯਾਲਿ, ਭਗਤ ਨਾਗਾਦਿ ਭੁਯੰਗਮ ॥ ਮਹਾਦੇਉ ਗੁਣ ਰਵੈ, ਸਦਾ ਜੋਗੀ ਜਤਿ ਜੰਗਮ ॥ ਪਤਾਲ ਵਿਚ ਸ਼ੇਸਨਾਗ ਆਦਿ ਸੱਪ ਭਗਤ ਰੂਪ ਵਿਚ (ਗੁਰੂ ਨਾਨਕ ਦੇਵ ਜੀ ਦੇ) ਗੁਣ ਗਾਉਂਦੇ ਹਨ।ਸਿਵ ਜੀ ਤੋਂ ਲੈ ਕੇ ਜੋਗੀ, ਜਤੀ ਅਤੇ ਜੰਗਮ ਸਦਾ ਹੀ (ਗੁਰੂ ਜੀ ਦੇ) ਗੁਣ ਉਚਾਰਦੇ ਹਨ।

ਗੁਣ ਗਾਵੈ ਮੁਨਿ ਬ੍ਯਾਸੁ, ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥ ਬ੍ਰਹਮਾ ਗੁਣ ਉਚਰੈ, ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥ ਬਿਆਸ ਮੁਨੀ ਜੀ ਵੀ (ਗੁਰੂ ਜੀ ਦੇ) ਗੁਣ ਗਾਉਂਦੇ ਹਨ, ਜਿਨ੍ਹਾਂ ਨੇ ਚਾਰ ਵੇਦ ਅਤੇ ਨੌਂ ਵਿਆਕਰਣ ਬਿਚਾਰੇ ਹਨ; ਵਿਆਕਰਣਾਂ ਅਨੁਸਾਰ ਬੇਦ ਬਿਚਾਰੇ ਹਨ।ਬ੍ਰਹਮਾ ਵੀ ਗੁਣ ਗਾਉਂਦਾ ਹੈ, ਜਿਸ ਨੇ ਹਰੀ ਦੇ ਹੁਕਮ ਰਾਹੀਂ ਸਾਰੀ ਸ੍ਰਿਸਟੀ ਨੂੰ ਰਚਿਆ ਹੈ।

ਬ੍ਰਹਮੰਡ ਖੰਡ ਪੂਰਨ ਬ੍ਰਹਮੁ, ਗੁਣ ਨਿਰਗੁਣ ਸਮ ਜਾਣਿਓ ॥ ਜਿਸ (ਸਤਿਗੁਰੂ ਨਾਨਕ ਦੇਵ ਜੀ) ਨੇ ਸਾਰੇ ਖੰਡਾਂ ਬ੍ਰਹਮੰਡਾਂ ਵਿਚ ਵਿਆਪਕ ਵਾਹਿਗੁਰੂ ਦੇ ਨਿਰਗੁਣ ਅਤੇ ਸਰਗੁਣ ਸਰੂਪ ਨੂੰ ਇਕ ਸਮਾਨ ਜਾਣਿਆ ਹੈ; (ਕਲ ਭੱਟ ਆਖਦਾ ਹੈ) ਖੰਡਾਂ ਬ੍ਰਹਮੰਡਾਂ ਵਿਚ ਪੂਰਨ ਅਦ੍ਰਿਸਟ ਹਰੀ ਅਤੇ ਜਗਤ ਨੂੰ ਤਾਰਨ ਲਈ ਅਕਾਰ ਧਾਰ ਕੇ ਪ੍ਰਗਟੇ ਹਰੀ ਦੇ ਸਰਗੁਣ ਰੂਪ ਗੁਰੂ ਨਾਨਕ ਦੇਵ ਜੀ ਨੂੰ ਅਸੀਂ (ਦੋਹਾਂ ਨਿਰਗੁਣ ਅਤੇ ਸਰਗੁਣ ਨੂੰ) ਇਕ ਰੂਪ ਜਾਣਿਆ ਹੈ (ਭਾ: ਵੀਰ ਸਿੰਘ)।

ਜਪੁ ਕਲ ਸੁਜਸੁ ਨਾਨਕ ਗੁਰ, ਸਹਜੁ ਜੋਗੁ ਜਿਨਿ ਮਾਣਿਓ ॥੯॥ ਹੇ (ਭੱਟ) ਕਲ! ਗੁਰੂ ਨਾਨਕ ਦੇਵ ਜੀ ਦਾ ਸ੍ਰੇਸਟ ਜਸ ਨੂੰ ਜਪ (ਗਾ), ਜਿਸ (ਗੁਰੂ ਜੀ) ਨੇ ਸਹਿਜ ਜੋਗ (ਦੇ ਅਨੰਦ) ਨੂੰ ਮਾਣਿਆ ਹੈ।੯।

ਪਦਾਰਥ = ਗਾਵਹਿ–ਗਾਉਂਦੇ ਹਨ।ਪਾਯਾਲਿ–(ਪਾਇਆਲ ਬੋਲੋ) ਪਤਾਲ ਵਿਚ।ਨਾਗਾਦਿ–ਸ਼ੇਸਨਾਗ ਆਦਿਕ।ਭੁਯੰਗਮ–ਸੱਪ (ਭੁਇਅੰਗਮ ਉਚਾਰੋ)।ਮਹਾ ਦੇਉ–ਸ਼ਿਵ ਜੀ।ਰਵੈ–ਉਚਾਰਦਾ ਹੈ।ਜਤਿ–ਜਤੀ।ਜੰਗਮ–ਜੋਗ ਦੇ ਛੇ ਭੇਖਾਂ ਵਿਚੋਂ ਟੱਲੀਆਂ ਵਜਾਉਣ ਵਾਲਾ ਇਕ ਭੇਖ।ਮੁਨਿ ਬ੍ਯਾਸੁ–(ਬਿਆਸ ਉਚਾਰੋ) ਬਿਆਸ ਮੁਨੀ।ਜਿਨਿ–ਜਿਸ ਨੇ।ਬ੍ਯਾਕਰਣ–(ਬਿਆਕਰਣ ਪੜ੍ਹੋ) ਵਿਆਕਰਣਾਂ ਦੁਆਰਾ।ਹੁਕਮਿ–(ਹਰੀ ਦੇ) ਹੁਕਮ ਦੁਆਰਾ।ਸਵਾਰੀਅ–ਬਣਾਈ; ਰਚੀ।ਬ੍ਰਹਮੰਡ ਖੰਡ–ਸਾਰੀ ਸ੍ਰਿਸਟੀ ਵਿਚ।ਪੂਰਨ ਬ੍ਰਹਮੁ–ਵਿਆਪਕ ਹਰੀ।ਗੁਣ ਨਿਰਗੁਣ–ਸਰਗੁਣ ਅਤੇ ਨਿਰਗੁਣ।ਸਮ–ਸਮਾਨ (ਇਕੋ ਜਿਹਾ)।ਸਹਜੁ ਜੋਗੁ–ਗਿਆਨ ਜੋਗ; (ਸਹਿਜ ਜੋਗ ਹਠ ਜੋਗ ਅਤੇ ਰਾਜ ਜੋਗ ਤੋਂ ਉਚਾ ਹੈ, ਜਿਸ ਵਿਚ ਆਤਮਾ ਹਰੀ ਦੇ ਸਰੂਪ ਵਿਚ ਟਿਕੀ ਹੁੰਦੀ ਹੈ, ਜਿੱਥੇ ਦੁਈ ਹੈ ਹੀ ਨਹੀ)।੯।

ਗੁਣ ਗਾਵਹਿ ਨਵ ਨਾਥ, ਧੰਨਿ ਗੁਰੁ ਸਾਚਿ ਸਮਾਇਓ ॥ ਮਾਂਧਾਤਾ ਗੁਣ ਰਵੈ, ਜੇਨ ਚਕ੍ਰਵੈ ਕਹਾਇਓ ॥ (ਗੁਰੂ ਨਾਨਕ ਦੇਵ ਜੀ ਦੇ) ਗੁਣ ਨੌਂ ਨਾਥ ਵੀ ਗਾਉਂਦੇ ਹਨ (ਅਤੇ ਆਖਦੇ ਹਨ) ਸਤਿਗੁਰੂ ਜੀ ਧੰਨ ਹਨ ਜੋ ਸੱਚੇ ਹਰੀ ਵਿਚ ਲੀਨ ਹੋ ਗਏ ਹਨ।(ਰਾਜੇ ਦਲੀਪ ਦਾ ਪਿਤਾ) ਮਾਨਧਾਤਾ ਵੀ ਗੁਰੂ ਜੀ ਦੇ ਗੁਣ ਉਚਾਰਦਾ ਹੈ, ਜਿਸ ਨੇ (ਅਪਣੇ ਆਪ ਨੂੰ) ਚਕ੍ਰਵਰਤੀ ਰਾਜਾ ਕਹਾਇਆ ਸੀ।

ਗੁਣ ਗਾਵੈ ਬਲਿ ਰਾਉ, ਸਪਤ ਪਾਤਾਲਿ ਬਸੰਤੌ ॥ ਭਰਥਰਿ ਗੁਣ ਉਚਰੈ ,ਸਦਾ ਗੁਰ ਸੰਗਿ ਰਹੰਤੌ ॥ ਬਲ ਰਾਜਾ ਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹੈ, ਜੋ ਸੱਤਵੇਂ ਪਤਾਲ ਵਿਚ ਵਸਦਾ ਹੈ।ਭਰਥਰੀ ਗੁਰੂ ਨਾਨਕ ਦੇਵ ਜੀ ਦੇ ਗੁਣ ਉਚਾਰਦਾ ਹੈ, ਜੋ ਸਦਾ ਅਪਣੇ ਗੁਰੂ ਗੋਰਖ ਨਾਲ ਰਹਿੰਦਾ ਹੈ; (ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣ ਕੇ) ਸਦਾ ਹੀ ਗੁਰੂ ਜੀ ਨਾਲ ਰਹਿੰਦਾ ਹੈ।

ਦੂਰਬਾ ਪਰੂਰਉ ਅੰਗਰੈ, ਗੁਰ ਨਾਨਕ ਜਸੁ ਗਾਇਓ ॥ ਕਬਿ ਕਲ ਸੁਜਸੁ ਨਾਨਕ ਗੁਰ, ਘਟਿ ਘਟਿ ਸਹਜਿ ਸਮਾਇਓ ॥੧੦॥
(ਕ੍ਰਿਸ਼ਨ ਜੀ ਦੇ ਗੁਰੂ) ਦੁਰਬਾਸਾ ਰਿਸ਼ੀ, ਪੁਰੂ ਰਾਜਾ ਅਤੇ ਅੰਗਰਾ ਰਿਖੀ ਨੇ ਵੀ ਗੁਰੂ ਨਾਨਕ ਦੇਵ ਜੀ ਦਾ ਜਸ ਗਾਇਆ ਹੈ। ਕਲ ਕਵੀ ਜੀ ਆਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਸ੍ਰੇਸਟ ਜਸ ਸੁਤੇ ਹੀ ਘਟ ਘਟ ਵਿਚ ਸਮਾ ਰਿਹਾ ਹੈ।੧੦।

ਪਦਾਰਥ = ਨਵ ਨਾਥ–ਗੋਰਖ ਨਾਥ, ਚਰਪਟ ਨਾਥ ਆਦਿ ਨੌ ਨਾਥ। ਸਾਚਿ–ਸੱਚੇ ਹਰੀ ਵਿਚ। ਸਮਾਇਓ–ਲੀਨ ਹੋਏ ਹਨ। ਮਾਂਧਾਤਾ –ਰਿਸ਼ੀਆਂ ਦੇ ਵਰ ਨਾਲ ਪੈਦਾ ਹੋਇਆ ਬੜਾ ਪ੍ਰਤਾਪੀ ਰਾਜਾ। ਇਸ ਦੇ ਪਿਤਾ ਦਾ ਨਾਮ ਯੁਵਨਾਸ਼੍ਵ ਸੀ। ਮੁਚਕੰਦ, ਜਿਸਦੇ ਹੱਥੋਂ ਕ੍ਰਿਸਨ ਨੇ ਕਾਲ ਯਮਨ ਦਾ ਨਾਸ਼ ਕਰਾਇਆ ਸੀ, ਮਾਂਧਾਤਾ ਦਾ ਹੀ ਪੁਤ੍ਰ ਸੀ। ਮਾਨ ਸਰੋਵਰ ਝੀਲ ਤੇ ਕੈਲਾਸ਼ ਦੇ ਦੂਜੇ ਪਾਸੇ ਜਿਸ ਪਰਬਤ ਤੇ ਮਾਂਧਾਤਾ ਨੇ ਤਪ ਕੀਤਾ ਸੀ, ਉਸ ਦਾ ਨਾਮ ਮਾਂਧਾਤਾ ਪਰਬਤ ਹੈ। ਜੇਨ–ਜਿਸ ਨੇ। ਚਕ੍ਵੈ–ਚਕ੍ਰਚਰਤੀ ਰਾਜਾ। ਬਲਿ ਰਾਉ–ਬਲ ਰਾਜਾ। ਸਪਤ–ਸੱਤਵੇਂ। ਬਸੰਤੌ–ਵਸਦਾ ਹੈ। ਭਰਥਰਿ–ਰਾਜਾ ਭਰਥਰੀ, ਰਾਜ ਤਿਆਗ ਕੇ ਗੋਰਖ ਨਾਥ ਦਾ ਚੇਲਾ ਬਣ ਗਿਆ। ਬਿਕ੍ਰਮਾਦਿਤ ਦਾ ਇਹ ਵੱਡ ਭਰਾ, ਉਜੈਨ ਦੇ ਰਾਜਾ ਗੰਧਰਬ ਸੈਣ ਦੇ ਪੁਤ੍ਰ ਸਨ। ਵੈਰਾਗ ਸ਼ਤਕ ਆਦਿ ਕਈ ਗ੍ਰੰਥ ਰਾਜਾ ਭਰਥਰੀ ਦੇ ਲਿਖੇ ਹਨ। ਰਹੰਤੌ–ਰਹਿੰਦਾ ਹੈ। ਦੂਰਬਾ–ਦੁਰਬਾਸਾ ਰਿਸ਼ੀ। ਪਰੂਰਉ–ਪਰੂਰਵਾ ਰਾਜਾ, ਬੁੱਧ ਦਾ ਪੁਤ੍ਰ ਤੇ ਚੰਦ੍ਰਮਾ ਦਾ ਪੋਤ੍ਰਾ। ਪਰੂਰਵਾ ਨੂੰ ੬੮ ਤੀਰਥਾਂ ਤੇ ਸ਼ਨਾਨ ਕਰਨ ਦੀ ਇੱਛਾ ਹੋਈ। ਅਕਾਸ਼ ਬਾਣੀ ਹੋਈ ਕਿ ਸਿਮਰਨ ਤੀਰਥ ਸ਼ਨਾਨ ਤੋਂ ਵੱਡਾ ਹੈ। ਤੇਰੇ ਅੰਦਰ ਹੀ ਤੀਰਥ ਹੈ। ਪਰ ਜੇ ਇੱਛਾ ਹੈ ਤਾਂ ੬੮ ਤੀਰਥਾਂ ਦਾ ਜਲ ਤੇਰੇ ਕੋਲ ਆਪੇ ਆ ਜਾਵੇਗਾ। ਨਾਮ ਸਿਮਰਦੇ ਨੂੰ ੬੮ ਤੀਰਥਾਂ ਦੇ ਜਲ ਨੇ ਆ ਕੇ ਸ਼ਨਾਨ ਕਰਾਯਾ ਸੀ (ਟਕਸਾਲ ਦੀ ਟੇਪ ਵਿਚੋਂ)। ਰਾਜਾ ਪੋਰਸ ਇਸੇ ਕੁਲ ਵਿਚੋਂ ਸੀ। ਇਨ੍ਹਾਂ ਦੀ ਰਾਜਧਾਨੀ ਤੱਕਸ਼ਿਲਾ ਵੀ ਰਹੀ ਹੈ। ਹੋ ਸਕਦਾ ਹੈ ਰਾਜਾ ਪੋਰਸ ਨਾਲ ਲੜਾਈ ਤਕਸਿਲਾ ਹੀ ਹੋਈ ਹੋਵੇ (ਭਾ: ਵੀਰ ਸਿੰਘ)। ਅੰਗਰੈ–ਸੱਤਾਂ ਰਿਖੀਆਂ ਵਿਚੋਂ ਵੱਡਾ ਰਿਸ਼ੀ ਹੋਇਆ ਹੈ। ਰਿਗ ਵੇਦ ਦੇ ਬਹੁਤੇ ਮੰਤ੍ਰਾਂ ਦਾ ਕਰਤਾ ਹੈ। ਬ੍ਰਹਮਾ ਦਾ ਪੁਤ੍ਰ ਤੇ ਕਈਆਂ ਨੇ ਇਸ ਨੂੰ ਅੱਗ ਦਾ ਪੁਤ੍ਰ ਮੰਨਿਆ ਹੈ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਸਹਜਿ–ਸੁਤੇ ਹੀ। ਸਮਾਇਓ–ਸਮਾ ਰਿਹਾ ਹੈ।੧੦।

(ਸਵਈਏ ਮਹਲੇ ਪਹਿਲੇ ਕੇ ਸਮਾਪਤ)

॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥ (੧੬੯)

===

ਅੰਗ ੧੩੯੧ = ਸਵਈਏ ਮਹਲੇ ਦੂਜੇ ਕੇ ੨ ੴ ਸਤਿਗੁਰ ਪ੍ਰਸਾਦਿ ॥

ਸੋਈ ਪੁਰਖੁ ਧੰਨੁ ਕਰਤਾ, ਕਾਰਣ ਕਰਤਾਰੁ ਕਰਣ ਸਮਰਥੋ ॥ ਸਤਿਗੁਰੂ ਧੰਨੁ ਨਾਨਕੁ, ਮਸਤਕਿ ਤੁਮ ਧਰਿਓ ਜਿਨਿ ਹਥੋ ॥ ਉਹ ਕਰਤਾ ਪੁਰਖ ਕਰਤਾਰ ਧੰਨ ਹੈ, ਜੋ ਸਾਰੇ ਕਾਰਜਾਂ ਦੇ ਕਰਨ ਨੂੰ ਸਮਰੱਥ ਹੈ। (ਕਰਤਾਰ ਦੇ ਸਰੂਪ) ਸਤਿਗੁਰੂ ਨਾਨਕ ਦੇਵ ਜੀ ਧੰਨ ਹਨ, ਜਿਨ੍ਹਾਂ ਨੇ (ਹੇ ਗੁਰੂ ਅੰਗਦ ਦੇਵ ਜੀ!) ਤੁਹਾਡੇ ਮੱਥੇ ਤੇ (ਮੇਹਰ ਦਾ) ਹੱਥ ਰਖਿਆ।

ਤ ਧਰਿਓ ਮਸਤਕਿ ਹਥੁ ਸਹਜਿ, ਅਮਿਉ ਵੁਠਉ ਛਜਿ, ਸੁਰਿ ਨਰ ਗਣ ਮੁਨਿ, ਬੋਹਿਯ ਅਗਾਜਿ ॥ (ਹੇ ਗੁਰੂ ਅੰਗਦ ਦੇਵ ਜੀ! ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪ ਜੀ ਦੇ) ਮੱਥੇ ਤੇ ਹੱਥ ਧਰਿਆ, ਤਾਂ ਸਹਿਜੇ ਹੀ (ਆਪ ਦੇ ਹਿਰਦੇ ਤੋਂ ਨਾਮ ਬਾਣੀ ਰੂਪ) ਅੰਮ੍ਰਿਤ ਛਹਿਬਰ ਲਾ ਕੇ ਬਰਸਿਆ, (ਜਿਸ ਨਾਲ) ਦੇਵਤੇ, ਮਨੁੱਖ, ਗਣ ਅਤੇ ਰਿਖੀ ਮੁਨੀ (ਸਾਰਿਆਂ ਵਿਚ ਨਾਮ ਬਾਣੀ ਦੀ) ਸੁਗੰਧੀ ਪ੍ਰਗਟ ਹੋ ਗਈ (ਟੇਪ ਟਕਸਾਲ); ਪ੍ਰਗਟ ਹੀ ਨਾਮ ਦੀ ਸੁਗੰਧੀ ਵਾਲੇ ਹੋ ਗਏ ਹਨ।

ਮਾਰਿਓ ਕੰਟਕੁ ਕਾਲੁ ਗਰਜਿ, ਧਾਵਤੁ ਲੀਓ ਬਰਜਿ, ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥ (ਹੇ ਗੁਰੂ ਅੰਗਦ ਦੇਵ ਜੀ!) ਆਪ ਜੀ ਨੇ ਗਰਜ ਕੇ (ਆਤਮ ਸ਼ਕਤੀ ਨਾਲ) ਦੁੱਖਦਾਈ ਕਾਲ ਨੂੰ ਮਾਰਿਆ ਹੈ, (ਅਪਣੇ) ਦੌੜਦੇ ਮਨ ਨੂੰ ਰੋਕ ਲਿਆ, ਪੰਜ ਕਾਮਾਦਿਕ ਭੂਤਾਂ ਨੂੰ ਸਰੀਰ ਘਰ ਵਿਚ ਕਾਬੂ ਕਰਕੇ ਰਖਿਆ ਹੈ (ਭੂਤ ਇਸ ਕਰਕੇ ਕਿਹਾ ਹੈ, ਇਹ ਚੈਨ ਨਾਲ ਨਹੀ ਬੈਠਦੇ); ਪੰਜੇ ਭੂਤ ਇਕ ਜਗ੍ਹਾ (ਵਸ ਕਰ ਕੇ) ਰੱਖ ਲਏ ਹਨ ਜਿਵੇਂ (ਜਨੌਰਾਂ ਦਾ) ਝੁੰਡ ਵਸ ਕਰ ਲਈਦਾ ਹੈ (ਮਨੁੱਖ ਅਪਣੀ ਅਕਲ ਨਾਲ ਖੂੰਖਾਰ ਜਾਨਵਰਾਂ ਅਤੇ ਜਨੌਰਾਂ ਨੂੰ ਵਸ ਕਰ ਲੈਂਦਾ ਹੈ, ਇਸੇ ਤਰ੍ਹਾਂ ਬੜੇ ਬਲੀ ਕਾਮਾਦਿਕਾਂ ਨੂੰ ਬਿਬੇਕ ਬੁਧੀ ਨਾਲ ਇਕ ਥਾਂ ਤੇ ਕਾਬੂ ਕਰ ਰਖਦਾ ਹੈ)।

ਜਗੁ ਜੀਤਉ ਗੁਰ ਦੁਆਰਿ, ਖੇਲਹਿ ਸਮਤ ਸਾਰਿ, ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥ ਗੁਰੂ (ਦੇ ਉਪਦੇਸ਼) ਦੁਆਰਾ ਆਪ ਜੀ ਨੇ ਜਗਤ ਨੂੰ ਜਿਤ ਲਿਆ ਹੈ, ਸਭ ਨੂੰ ਇਕੋ ਜਿਹਾ ਦੇਖਣ ਦੀ ਬਾਜੀ ਖੇਡਦੇ ਹੋ, (ਆਪ ਜੀ ਨੇ) ਤੁਰੀਆ ਅਵਸਥਾ ਵਾਲੀ ਬ੍ਰਿਤੀ ਦਾ ਪ੍ਰਵਾਹ ਨਿਰੰਕਾਰ ਵਿਚ ਟਿਕਾ ਕੇ ਰਖਿਆ ਹੈ।

ਕਹੁ ਕੀਰਤਿ ਕਲ ਸਹਾਰ, ਸਪਤ ਦੀਪ ਮਝਾਰ, ਲਹਣਾ ਜਗਤ੍ਰ ਗੁਰੁ, ਪਰਸਿ ਮੁਰਾਰਿ ॥੧॥ ਹੇ ਕਲ ਸਹਾਰ! ਤੂੰ ਵੀ ਲਹਿਣਾ (ਗੁਰੂ ਅੰਗਦ ਦੇਵ) ਜੀ ਦਾ ਜਸ ਉਚਾਰਣ ਕਰ, (ਜੋ ਮੁਰਾਰੀ) ਹਰੀ ਰੂਪ ਗੁਰੂ ਨਾਨਕ ਦੇਵ ਜੀ ਨੂੰ ਪਰਸ (ਮਿਲ) ਕੇ ਸੱਤਾਂ ਦੀਪਾਂ ਵਿਚ ਜਗਤ ਗੁਰੂ ਬਣ ਗਏ; (ਜਿਨ੍ਹਾਂ ਦਾ ਜਸ) ਸੱਤਾਂ ਦੀਪਾਂ ਵਿਚ ਹੋ ਰਿਹਾ ਹੈ (ਕਿਉਂਕਿ ਬਾਬਾ) ਲਹਿਣਾ ਜੀ ਰੱਬ ਰੂਪ ਗੁਰੂ ਨਾਨਕ ਦੇਵ ਨੂੰ ਪਰਸ ਕੇ ਜਗਤ ਗੁਰੂ ਬਣੇ ਹਨ।੧।

ਪਦਾਰਥ = ਸੋਈ–ਉਹ।ਪੁਰਖ–ਵਿਆਪਕ ਪ੍ਰਭੂ।ਕਾਰਣ ਕਰਣ–ਸਾਰੇ ਕਾਰਜਾਂ ਦੇ ਕਰਨ ਵਾਲਾ; ਸ੍ਰਿਸਟੀ ਦਾ ਮੂਲ ਕਾਰਣ।ਸਮਰਥੋ –ਸਰਬ ਸ਼ਕਤੀ ਵਾਨ।ਤੁਮ ਮਸਤਕਿ–ਤੇਰੇ ਮੱਥੇ ਉਤੇ।ਤ–ਤਦ; ਤਾਂ।ਧਰਿਓ–ਧਰਿਆ; ਰੱਖਿਆ।ਸਹਜਿ–ਸੁਤੇ ਹੀ।ਅਮਿਉ–ਅੰਮ੍ਰਿਤ ।ਵੁਠਉ–ਵਰਸਿਆ।ਛਜਿ–ਛਹਿਬਰ (ਝੜੀ) ਲਾ ਕੇ; ਬਹੁਤ ਜਿਆਦਾ।ਸੁਰਿ–ਦੇਵਤੇ।ਨਰ–ਮਨੁੱਖ।ਗਣ–ਸ਼ਿਵ ਜੀ ਦੇ ਗਣ।ਮੁਨਿ–ਮੁਨੀ।ਬੋਹਿਯ–(ਯਯੇ ਦੀ ਆਵਾਜ ਬੋਲੋ) ਸੁਗੰਧਤ; ਸਨਿਗਧ; ਭਿੱਜ (ਤਰੋ ਤਰ ਹੋ) ਗਏ।ਅਗਾਜ–ਪ੍ਰਗਟ ਕੀਤੀ।ਕੰਟਕੁ–ਦੁੱਖ ਦਾਈ ।ਕਾਲੁ–ਮੌਤ।ਗਰਜਿ–(ਸ਼ੇਰ ਵਾਂਗ) ਗੱਜ ਕੇ।ਧਾਵਤ–ਦੌੜਦਾ (ਮਨ)।ਬਰਜਿ–ਰੋਕ ਲਿਆ।ਪੰਚ ਭੂਤ–ਭੂਤਾਂ ਵਾਂਗ ਚਿੰਬੜੇ ਰਹਿਣ ਵਾਲੇ ਪੰਜ ਕਾਮ ਆਦਿਕ।ਏਕ ਘਰਿ–ਇਕ ਹਿਰਦੇ ਰੂਪ ਘਰ ਵਿਚ (ਅਪਣੇ ਵਸ ਵਿਚ); ਇਕ ਜਗ੍ਹਾ।ਸਮਜਿ–(ਸਮੱਜ ਬੋਲੋ) ਕੱਠੇ ਕਰ ਰੱਖੇ ਹਨ; ਨਾ ਜਿਤੇ ਜਾਣ ਵਾਲੇ; ਝੁੰਡ; ਮੰਡਲੀ।ਜਗੁ ਜੀਤਉ–ਜਗਤ ਨੂੰ ਜਿੱਤ ਲਿਆ।ਗੁਰ ਦੁਆਰਿ–ਗੁਰੂ ਦੇ ਦਰ ਤੇ ਪੈ ਕੇ; ਗੁਰੂ ਦੇ (ਉਪਦੇਸ਼) ਦੁਆਰਾ।ਖੇਲਹਿ–ਤੂੰ ਖੇਡਦਾ ਹੈਂ।ਸਮਤ–(ਸਮੱਤ ਨਹੀਂ ਬੋਲਣਾ) ਸਮ ਦ੍ਰਿਸਟੀ।ਸਾਰਿ–(ਨਰਦਾਂ ਦੀ) ਖੇਡ।ਰਥੁ–ਬ੍ਰਿਤੀ ਦਾ ਪ੍ਰਵਾਹ।ਉਨਮਨਿ–ਤੁਰੀਆ ਅਵਸਥਾ; ਵਿਸਮਾਦੀ ਅਵਸਥਾ ਦੇ ਖਿੜਾਉ ਵਿਚ।ਕਹੁ–ਕਹਿ; ਉਚਾਰਨ ਕਰ।ਕੀਰਤਿ–ਜਸ ।ਕਲ ਸਹਾਰ–ਭੱਟ ਦਾ ਨਾਮ।ਸਪਤ ਦੀਪ ਮਝਾਰ–ਸੱਤਾਂ ਦੀਪਾਂ (ਸਾਰੇ ਜਗਤ) ਵਿਚ।ਲਹਣਾ–ਬਾਬਾ ਲਹਿਣਾ (ਗੁਰੂ ਅੰਗਦ ਦੇਵ) ਜੀ।ਜਗਤ੍ਰ–(ਜਗੱਤ੍ਰ ਬੋਲੋ) ਜਗਤ।ਪਰਸਿ–ਪਰਸ (ਮਿਲ) ਕੇ।ਮੁਰਾਰਿ–ਰੱਬ ਰੂਪ ਗੁਰੂ ਨਾਨਕ ਦੇਵ ਜੀ।੧।

ਜਾਕੀ ਦ੍ਰਿਸਟਿ ਅੰਮ੍ਰਿਤ ਧਾਰ, ਕਾਲੁਖ ਖਨਿ ਉਤਾਰ, ਤਿਮਰ ਅਗ੍ਯਾਨ ਜਾਹਿ, ਦਰਸ ਦੁਆਰ ॥ ਜਿਸ (ਗੁਰੂ ਅੰਗਦ ਦੇਵ ਜੀ ਦੀ ਮੇਹਰ ਭਰੀ) ਨਜਰ ਵਿਚ ਅੰਮ੍ਰਿਤ ਦੀ ਧਾਰਾ ਹੈ, ਜੋ (ਦਰਸ਼ਨ ਕਰਨ ਵਾਲਿਆਂ ਦੇ) ਪਾਪਾਂ ਨੂੰ ਪੁੱਟ ਕੇ ਉਤਾਰ ਦੇਂਦੀ ਹੈ ਅਤੇ ਜਿਨ੍ਹਾਂ ਦੇ ਦਰ ਦੇ ਦਰਸਨਾਂ ਨਾਲ ਅਗਿਆਨ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।

ਓਇ ਜੁ ਸੇਵਹਿ ਸਬਦੁ ਸਾਰੁ, ਗਾਖੜੀ ਬਿਖਮ ਕਾਰ, ਤੇ ਨਰ ਭਵ ਉਤਾਰਿ, ਕੀਏ ਨਿਰਭਾਰ ॥ ਉਹ ਜਿਹੜੇ (ਸਿੱਖ) ਆਪ ਜੀ ਦੇ ਸ੍ਰੇਸਟ ਸ਼ਬਦ ਨੂੰ ਸਿਮਰਦੇ ਹਨ, ਜੋ ਕਿ ਔਖੀ ਤੋਂ ਔਖੀ ਕਾਰ (ਸੇਵਾ) ਹੈ, ਉਹ ਮਨੁੱਖ (ਆਪ ਨੇ ਪਾਪਾਂ ਦੇ) ਭਾਰ ਤੋਂ ਰਹਿਤ ਕਰ ਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦਿਤੇ; ਉਹ ਮਨੁੱਖ ਭਵ ਸਾਗਰ ਤੋਂ ਪਾਰ ਉਤਾਰ ਕੇ (ਜਨਮ ਮਰਨ ਦੇ) ਭਾਰ ਤੋਂ ਰਹਿਤ (ਮੁਕਤ) ਕਰ ਦਿਤੇ।

ਸਤ ਸੰਗਤਿ ਸਹਜ ਸਾਰਿ, ਜਾਗੀਲੇ ਗੁਰ ਬੀਚਾਰਿ, ਨਿੰਮਰੀ ਭੂਤ ਸਦੀਵ, ਪਰਮ ਪਿਆਰਿ ॥ (ਆਪ ਜੀ ਦੀ) ਸੱਤ ਸੰਗਤ ਰਾਹੀਂ ਸਹਜ ਅਵਸਥਾ ਸੰਭਾਲ (ਪ੍ਰਾਪਤ) ਕਰਕੇ ਅਤੇ ਗੁਰੂ ਦੀ ਬਿਚਾਰ ਦੁਆਰਾ (ਸਿੱਖ ਦੀ ਬੁੱਧੀ) ਜਾਗ ਪੈਂਦੀ ਹੈ (ਫਿਰ ਐਸੇ ਸਿੱਖਾਂ ਦਾ) ਹਮੇਸ਼ਾਂ ਨਰਮੀ (ਨਿਮ੍ਰਤਾ) ਤੇ ਪਰਮ ਪਿਆਰ ਵਾਲਾ ਸੁਭਾਵ ਬਣਿਆ ਰਹਿੰਦਾ ਹੈ।

ਕਹੁ ਕੀਰਤਿ ਕਲ ਸਹਾਰ, ਸਪਤ ਦੀਪ ਮਝਾਰ, ਲਹਣਾ ਜਗਤ੍ਰ ਗੁਰੁ, ਪਰਸਿ ਮੁਰਾਰਿ ॥੨॥ (ਅਰਥ ਉਤੇ ਹੋ ਚੁੱਕੇ ਹਨ)।

ਪਦਾਰਥ = ਜਾ ਕੀ–ਜਿਸ (ਗੁਰੂ) ਦੀ।ਦ੍ਰਿਸਟਿ–ਨਜਰ ਵਿਚ।ਕਾਲੁਖ–ਪਾਪ।ਖਨਿ–ਪੁੱਟ ਕੇ।ਤਿਮਰ–ਹਨ੍ਹੇਰਾ।ਦਰਸ ਦੁਆਰ–ਦਰ ਦੇ ਦਰਸ਼ਨ ਕਰ ਕੇ।ਓਇ–ਉਹ।ਜੁ–ਜਿਹੜੇ।ਸੇਵਹਿ–ਸਿਮਰਦੇ ਹਨ।ਸਾਰੁ–ਸ੍ਰੇਸਟ।ਗਾਖੜੀ ਬਿਖਮ–ਔਖੀ ਤੋਂ ਔਖੀ।ਕਾਰ–ਸੇਵਾ। ਤੇ ਨਰ–ਉਹ ਮਨੁੱਖ।ਭਵ–ਸੰਸਾਰ ਸਮੁੰਦਰ ਤੋਂ।ਕੀਏ ਨਿਰਭਾਰ–(ਪਾਪਾਂ ਦੇ) ਭਾਰ ਤੋਂ ਰਹਿਤ (ਮੁਕਤ) ਕਰ ਦਿਤੇ।ਸਹਜਿ ਸਾਰਿ–ਸਹਿਜ ਦੀ ਸੰਭਾਲ (ਪ੍ਰਾਪਤੀ)।ਜਾਗੀਲੇ–ਜਾਗ ਪੈਂਦੀ ਹੈ।ਗੁਰ ਬੀਚਾਰਿ–ਗੁਰੂ ਦੀ ਵੀਚਾਰ ਦੀ ਬਰਕਤ ਨਾਲ।ਨਿੰਮਰੀ ਭੂਤ–ਨਿਮ੍ਰਤਾ ਵਾਲਾ।ਸਦੀਵ–ਸਦਾ।ਪਰਮ ਪਿਆਰਿ–ਪਰਮ ਪਿਆਰ ਵਾਲਾ।ਅਗ੍ਯਾਨ ਨੂੰ ਅਗਿਆਨ ਉਚਾਰੋ।੨।

ਵਿਆਖਿਆ = ਜਿਸ ਵੇਲੇ ਗੁਰੂ ਅੰਗਦ ਦੇਵ ਜੀ ਸਮਾਧੀ ਤੋਂ ਉਠ ਕੇ ਅੱਗੇ ਬੈਠੀਆਂ ਸੰਗਤਾਂ ਵਿਚੋਂ ਜਿਸ ਸਿੱਖ ਵਲ ਦੇਖਦੇ ਸਨ, ਉਸ ਨੂੰ ਨਿਹਾਲ ਕਰ ਦੇਂਦੇ ਸਨ।ਉਸ ਦੇ ਸਾਰੇ ਮਨੋਰਥ ਪੂਰੇ ਕਰ ਦੇਂਦੇ ਸਨ।ਆਪ ਜੀ ਦੀ ਅੰਮ੍ਰਿਤ ਭਰੀ ਨਜਰ ਸਿੱਖਾਂ ਦੇ ਪਾਪ ਦੂਰ ਕਰ ਦੇਂਦੀ ਸੀ।ਤੀਜੀ ਤੁਕ ਦਾ ਅਰਥ ਦਾਨੇ ਇਉਂ ਬੀ ਕਰਦੇ ਹਨ, ਗੁਰੂ ਨਾਨਕ ਦੇਵ ਜੀ ਦੀ ਸੰਗਤ ਦੁਆਰਾ ਸਹਿਜ ਅਵਸਥਾ ਦੀ ਸੰਭਾਲ (ਪ੍ਰਾਪਤੀ) ਗਿਆਨ ਦੀ ਜਾਗ੍ਰਤ, ਸੱਤ ਬਿਚਾਰ, ਗਰੀਬੀ ਸੁਭਾਵ ਤੇ ਹਰੀ ਪ੍ਰੇਮ ਆਪ ਵਿਚ ਪ੍ਰਗਟ ਹੋਏ।੨।

ਤੈ ਤਉ ਦ੍ਰਿੜਿਓ ਨਾਮੁ ਅਪਾਰੁ ,ਬਿਮਲ ਜਾਸੁ ਬਿਥਾਰੁ ,ਸਾਧਿਕ ਸਿਧ ਸੁਜਨ, ਜੀਆ ਕੋ ਅਧਾਰੁ ॥ ਹੇ ਗੁਰੂ ਅੰਗਦ ਦੇਵ ਜੀ! ਆਪ ਜੀ ਨੇ ਤਾਂ ਬੇਅੰਤ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਦ੍ਰਿੜ (ਪੱਕਾ) ਕੀਤਾ ਹੈ, ਆਪ ਜੀ ਦਾ ਨਿਰਮਲ ਜਸ (ਜਗਤ ਵਿਚ) ਫੈਲ ਰਿਹਾ ਹੈ, (ਆਪ ਜੀ) ਜਗਿਆਸੂਆਂ, ਸਿੱਧਾਂ, ਉਤਮ ਭਗਤ ਜਨਾਂ ਤੇ ਜੀਵਾਂ ਦੇ ਆਸਰਾ ਹੋ; ਜਿਸ ਪਵਿਤ੍ਰ (ਨਾਮ ਦਾ ਸਾਰਾ ਜਗਤ) ਵਿਸਥਾਰ ਹੈ, ਤੇ ਸਾਧਨਾ ਕਰਨ ਵਾਲੇ, ਸਿੱਧਾਂ, ਭਗਤਾਂ ਤੇ ਸਾਰੇ ਜੀਵਾਂ ਦਾ ਆਸਰਾ ਹੈ।

ਤੂ ਤਾ ਜਨਿਕ ਰਾਜਾ ਅਉਤਾਰੁ, ਸਬਦੁ ਸੰਸਾਰਿ ਸਾਰੁ, ਰਹਹਿ ਜਗਤ੍ਰ ਜਲ ਪਦਮ ਬੀਚਾਰ ॥ (ਹੇ ਗੁਰੂ ਅੰਗਦ ਦੇਵ ਜੀ!) ਆਪ ਜੀ ਜਨਕ ਰਾਜੇ ਦੇ ਅਵਤਾਰ ਹੋ (ਕਿਉਂਕਿ ਤੁਸੀਂ ਰਾਜਾ ਜਨਕ ਵਾਂਙ ਮਾਯਾ ਵਿਚ ਨਿਰਲੇਪ, ਬ੍ਰਹਮ ਗਿਆਨੀ ਹੋ); ਜਿਵੇਂ ਜਨਕ ਰਾਜ ਭਾਗ ਮਾਣਦਾ ਹੋਇਆ ਨਿਰਲੇਪ ਰਹਿੰਦਾ ਸੀ ਤਿਵੇਂ ਤੁਸੀਂ ਪ੍ਰਗਟੇ ਹੋ (ਸ਼ਬਦਾਰਥ), ਜਗਤ ਵਿਚ ਆਪ ਦਾ ਸ਼ਬਦ ਸ੍ਰੇਸਟ ਹੈ, ਤੇ ਜਗਤ ਵਿਚ ਆਪ ਇਉਂ ਨਿਰਲੇਪ ਰਹਿੰਦੇ ਹੋ ਜਿਵੇਂ ਪਾਣੀ ਵਿਚ ਕੌਲ ਫੁੱਲ ਦਾ ਬਿਚਾਰ ਹੈ।

ਕਲਿਪ ਤਰੁ ਰੋਗ ਬਿਦਾਰੁ, ਸੰਸਾਰ ਤਾਪ ਨਿਵਾਰੁ, ਆਤਮਾ ਤ੍ਰਿਬਿਧਿ, ਤੇਰੈ ਏਕ ਲਿਵ ਤਾਰ ॥ ਆਪ ਜੀ (ਲੋਕਾਂ ਦੀਆਂ) ਕਾਮਨਾਂ ਪੂਰੀਆਂ ਕਰਨ ਲਈ ਸੁਰਗ ਦੇ ਕਲਪ ਬ੍ਰਿਛ ਵਾਂਗ ਹੋ, ਰੋਗ ਦੂਰ ਕਰਨ ਵਾਲੇ ਹੋ, ਸੰਸਾਰ ਦੇ ਲੋਕਾਂ ਦੇ ਤਾਪ ਦੂਰ ਕਰਨ ਵਾਲੇ ਹੋ, (ਜਾਂ ਰੋਗਾਂ ਦੇ ਦੂਰ ਕਰਨ ਅਤੇ ਸੰਸਾਰ ਦੇ ਤਾਪ ਹਟਾਉਣ ਲਈ ਆਪ ਕਲਪ ਬ੍ਰਿਛ ਹੋ (ਭਾ. ਵੀਰ ਸਿੰਘ), ਤਿੰਨਾਂ (ਰਜ ਸਤ ਤਮ) ਗੁਣਾਂ ਵਾਲੇ ਜੀਵ ਆਪ ਜੀ ਵਿਚ ਇਕ ਰਸ ਲਿਵ ਲਾਈ ਰਖਦੇ ਹਨ (ਸ਼ਬਦਾਰਥ; ਦਰਪਣ); ਸੰਸਾਰੀ ਲੋਕਾਂ ਦਾ ਮਨ ਤਿੰਨਾਂ ਗੁਣਾਂ ਵਾਲਾ ਹੈ, ਪਰ ਆਪ ਜੀ (ਤਿੰਨਾਂ ਗੁਣਾਂ ਤੋਂ ਰਹਿਤ ਹੋ ਕੇ) ਇਕ ਹਰੀ ਵਿਚ ਲਿਵ ਲਾਈ ਰਖਦੇ ਹੋ (ਸੰ. ਸ.; ਫ. ਸ.)।

ਕਹੁ ਕੀਰਤਿ ਕਲ ਸਹਾਰ, ਸਪਤ ਦੀਪ ਮਝਾਰ, ਲਹਣਾ ਜਗਤ੍ਰ ਗੁਰੁ, ਪਰਸਿ ਮੁਰਾਰਿ ॥੩॥ (ਅਰਥ ਉਪਰ ਹੋ ਚੁੱਕੇ ਹਨ)।

ਪਦਾਰਥ = ਤੈ ਤਉ-ਤੂੰ ਤਾਂ। ਦ੍ਰਿੜਿਓ-ਦ੍ਰਿੜ ਕੀਤਾ ਹੈ; ਹਿਰਦੇ ਵਿਚ ਟਿਕਾਇਆ ਹੈ। ਅਪਾਰੁ-ਬੇਅੰਤ। ਬਿਮਲ-ਨਿਰਮਲ; ਪਵਿਤ੍ਰ। ਜਾਸੁ-ਜਸ; ਜਿਸ ਦਾ। ਬਿਥਾਰੁ-ਵਿਸਥਾਰ; ਫੈਲਿਆ ਹੋਇਆ। ਸਾਧਿਕ-ਸਾਧਨਾ ਕਰਨ ਵਾਲੇ। ਸਿਧ-ਚੁਰਾਸੀ ਸਿੱਧ। ਸੁਜਨ-(ਸੁ-ਜਨ ਬੋਲੋ) ਸ੍ਰੇਸਟ ਪੁਰਖ। ਜੀਅ ਕੋ-ਜੀਵਾਂ ਦਾ। ਅਧਾਰੁ-ਆਸਰਾ। ਜਨਕ ਰਾਜਾ-ਪਿਤਾ ਪ੍ਰਭੂ; ਗਿਆਨਵਾਨ; ਪ੍ਰਕਾਸ਼ਕ। ਅਉਤਾਰੁ-ਅਵਤਾਰ। ਸਾਰੁ-ਤੱਤ ਵਸਤੂ; ਸ੍ਰੇਸਟ। ਜਗਤ੍ਰ-(ਜਗੱਤ੍ਰ ਬੋਲੋ) ਜਗਤ ਵਿਚ। ਪਦਮ-ਕਮਲ। ਕਲਿਪ ਤਰੁ-ਮਨੋ ਕਾਮਨਾ ਪੂਰੀਆਂ ਕਰਨ ਵਾਲਾ ਸਵੱਰਗ ਦਾ ਕਲਪ ਬ੍ਰਿਛ। ਬਿਦਾਰੁ-ਦੂਰ ਕਰਨ ਵਾਲਾ। ਸੰਸਾਰ ਤਾਪ ਨਿਵਾਰੁ-ਸੰਸਾਰ ਦੇ ਲੋਕਾਂ ਦੇ ਤਾਪ ਦੂਰ ਕਰਨ ਵਾਲਾ। ਆਤਮਾ ਤ੍ਰਿਬਿਧਿ-ਤਿੰਨ ਗੁਣਾਂ ਵਾਲੇ ਜੀਵ। ਤੇਰੈ-ਤੇਰੇ ਵਿਚ। ਏਕ ਲਿਵ ਤਾਰ-ਇਕ ਰਸ (ਲਗਾਤਾਰ) ਲਿਵ ਲਾਈ ਰੱਖਦੇ ਹਨ।

ਨੋਟ = ਜਨਿਕ ਰਾਜਾ ਅਉਤਾਰ ਦੇ ਅਰਥ ਫ. ਸ. ਤੇ ਟਕਸਾਲ ਦੀ ਟੇਪ ਨੇ ਇਉਂ ਕੀਤੇ ਹਨ = ਸਭ ਦਾ ਪਿਤਾ ਜਨਕ-ਅਕਾਲ ਪੁਰਖ ਹੈ, ਹੇ ਗੁਰੂ ਅੰਗਦ ਦੇਵ ਜੀ ਤੁਸੀਂ ਉਨ੍ਹਾ ਦਾ ਅਵਤਾਰ ਹੋ।੩।

ਤੈ ਤਾ ਹਦਰਥਿ ਪਾਇਓ ਮਾਨੁ ,ਸੇਵਿਆ ਗੁਰੁ ਪਰਵਾਨੁ ,ਸਾਧਿ ਅਜਗਰੁ ,ਜਿਨਿ ਕੀਆ ਉਨਮਾਨੁ ॥ (ਹੇ ਗੁਰੂ ਅੰਗਦ ਦੇਵ ਜੀ!) ਤੁਸੀਂ ਤਾਂ (ਹਰੀ ਦੀ) ਦਰਗਾਹ ਤੋਂ ਮਾਣ ਪਾਇਆ ਹੈ, ਤੁਸੀਂ ਪ੍ਰਮਾਣੀਕ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਹੈ, ਜਿਸ (ਗੁਰੂ ਨਾਨਕ ਦੇਵ ਜੀ) ਨੇ ਭਾਰੇ ਸੱਪ ਵਰਗੇ ਮਨ ਨੂੰ ਸਾਧਿ (ਕਾਬੂ ਕਰ) ਕੇ ਉਚਾ (ਤੁਰੀਆ ਪਦ ਵਿਚ ਇਸਥਿਤ) ਕੀਤਾ ਹੈ।

ਹਰਿ ਹਰਿ ਦਰਸ ਸਮਾਨ, ਆਤਮਾ ਵੰਤ ਗਿਆਨ, ਜਾਣੀਅ ਅਕਲ ਗਤਿ ਗੁਰ ਪਰਵਾਨ ॥ (ਹੇ ਗੁਰੂ ਅੰਗਦ ਦੇਵ ਜੀ!) ਆਪ ਜੀ ਦਾ ਦਰਸ਼ਨ ਹਰੀ (ਦੇ ਦਰਸ਼ਨਾਂ) ਵਰਗਾ ਹੈ, ਆਪ ਦਾ ਆਤਮਾ ਗਿਆਨਵੰਤ ਹੈ, ਆਪ ਜੀ ਨੇ ਪ੍ਰਵਾਨ ਗੁਰੂ (ਨਾਨਕ ਦੇਵ ਜੀ) ਦੀ ਅਕਲ ਗਤੀ (ਗਿਆਨ ਅਵਸਥਾ) ਨੂੰ ਜਾਣਿਆ ਹੈ।

ਜਾ ਕੀ ਦ੍ਰਿਸਟਿ ਅਚਲ ਠਾਣ, ਬਿਮਲ ਬੁਧਿ ਸੁਥਾਨ, ਪਹਿਰਿ ਸੀਲ ਸਨਾਹੁ, ਸਕਤਿ ਬਿਦਾਰਿ ॥ ਜਿਸ (ਗੁਰੂ ਅੰਗਦ ਦੇਵ ਜੀ ਦੀ) ਨਜਰ ਅਚੱਲ ਸਥਾਨ (ਸਚਖੰਡ ਵਿਚ) ਤੇ ਟਿਕੀ ਹੋਈ ਹੈ, ਆਪ ਜੀ ਦੇ ਸ੍ਰੇਸਟ ਸਥਾਨ (ਸੱਤ ਸੰਗ ਤੋਂ) ਨਿਰਮਲ ਬੁੱਧੀ ਮਿਲਦੀ ਹੈ; ਨਿਰਮਲ ਬੁੱਧੀ ਦੇ ਤੁਸੀਂ ਸ੍ਰੇਸਟ ਸਥਾਨ ਹੋ ਅਤੇ ਸ਼ਾਂਤ ਸੁਭਾਵ ਦੀ ਸੰਜੋਅ ਪਹਿਨ ਕੇ ਮਾਇਆ ਦਾ ਨਾਸ਼ ਕੀਤਾ ਹੈ।

ਕਹੁ ਕੀਰਤਿ ਕਲਸਹਾਰ, ਸਪਤ ਦੀਪ ਮਝਾਰ, ਲਹਣਾ ਜਗਤ੍ਰ ਗੁਰੁ, ਪਰਸਿ ਮੁਰਾਰਿ ॥੪॥ (ਅਰਥ ਉਤੇ ਹੋ ਗਏ ਹਨ)।

ਪਦਾਰਥ = ਤੈ ਤਾ-ਤੁਸੀਂ ਤਾਂ। ਹਦਰਥਿ-ਧੁਰ ਦਰਗਾਹੋਂ; ਹਜੂਰੀ ਤੋਂ; ਹਜ਼ਰਤ (ਵੱਡੇ) ਗੁਰੂ ਨਾਨਕ ਤੋਂ। ਮਾਨੁ-ਸਨਮਾਨ। ਸੇਵਿਆ-ਸੇਵਾ ਕੀਤੀ। ਪਰਵਾਨੁ-ਪ੍ਰਮਾਣੀਕ। ਸਾਧਿ-ਕਾਬੂ ਕੀਤਾ। ਅਜਗਰੁ-(ਮਨ ਰੂਪ) ਸੱਪ ਨੂੰ। ਜਿਨਿ ਕੀਆ-ਜਿਸ (ਗੁਰੂ ਨਾਨਕ ਦੇਵ ਜੀ) ਨੇ ਕੀਤਾ। ਉਨਮਾਨੁ-ਉਚੀ ਆਤਮਕ ਅਵਸਥਾ; ਤੁਰੀਆ ਪਦ। ਸਮਾਨ-ਵਰਗਾ। ਵੰਤਗਿਆਨ-ਗਿਆਨ ਵਾਨ। ਜਾਣੀਅ-ਜਾਣੀ ਹੈ। ਅਕਲ ਗਤਿ-ਵਾਹਿਗੁਰੂ ਦੀ ਪ੍ਰਾਪਤੀ; ਬੇਅੰਤ ਗਿਆਨ; (ਕਲਪਨਾ ਤੋਂ ਰਹਿਤ) ਸ਼ਾਂਤੀ ਰੂਪ ਗਿਆਨ। ਗੁਰ ਪਰਵਾਨ-ਪ੍ਰਵਾਨ ਗੁਰੂ। ਜਾ ਕੀ-ਜਿਸ (ਗੁਰੂ ਅੰਗਦ ਦੇਵ ਜੀ) ਦੀ। ਅਚਲ ਠਾਣ-ਅਬਨਾਸ਼ੀ ਟਿਕਾਣੇ ਤੇ; ਵਾਹਿਗੁਰੂ ਵਿਚ। ਬਿਮਲ-ਨਿਰਮਲ। ਪਹਿਰਿ-ਪਹਨਿ ਕੇ। ਸੀਲ ਸਨਾਹੁ-ਸ਼ਾਂਤ ਦੀ ਸੰਜੋਅ। ਸਕਤਿ-ਮਾਯਾ। ਬਿਦਾਰਿ-ਨਾਸ਼ ਕੀਤੀ।੪।

ਦ੍ਰਿਸਟਿ ਧਰਤ ਤਮ ਹਰਨ, ਦਹਨ ਅਘ ਪਾਪ ਪ੍ਰਨਾਸਨ ॥ ਸਬਦ ਸੂਰ ਬਲਵੰਤ, ਕਾਮ ਅਰੁ ਕ੍ਰੋਧ ਬਿਨਾਸਨ ॥ (ਹੇ ਗੁਰੂ ਅੰਗਦ ਦੇਵ ਜੀ!) ਮੇਹਰ ਭਰੀ ਨਜਰ ਧਰਦਿਆਂ ਹੀ (ਆਪ ਜੀ ਪਾਪੀ ਮਨੁੱਖਾਂ ਦੇ) ਅਗਿਆਨ ਦਾ ਹਨ੍ਹੇਰਾ ਦੂਰ ਕਰਨ ਵਾਲੇ ਹੋ, ਪਿਛਲੇ (ਜਨਮਾਂ ਦੇ) ਕੀਤੇ ਪਾਪ ਸਾੜਨ ਵਾਲੇ ਹੋ ਅਤੇ ਹੁਣ (ਇਸ ਜਨਮ) ਦੇ ਕੀਤੇ ਪਾਪ ਵੀ ਨਾਸ਼ ਕਰਨ ਵਾਲੇ ਹੋ। ਬਚਨਾਂ ਦੇ ਬਲੀ ਅਤੇ ਸੂਰਮੇ ਹੋ (ਜੋ ਵੀ ਬਚਨ ਮੂਹੋਂ ਬੋਲਦੇ ਹੋ, ਉਹ ਪੂਰਾ ਹੁੰਦਾ ਹੈ) {ਸੂਰਬੀਰ ਬਚਨ ਕੇ ਬਲੀ ੩੯੨}, ਕਾਮ ਅਤੇ ਕ੍ਰੋਧ ਨੂੰ (ਤੁਹਾਡੇ ਬਚਨ) ਨਾਸ਼ ਕਰਨ ਵਾਲੇ ਹਨ।

ਲੋਭ ਮੋਹ ਵਸਿ ਕਰਣ, ਸਰਣ ਜਾਚਿਕ ਪ੍ਰਤਿਪਾਲਣ ॥ ਆਤਮ ਰਤ ਸੰਗ੍ਰਹਣ, ਕਹਣ ਅੰਮ੍ਰਿਤ ਕਲ ਢਾਲਣ ॥ (ਹੇ ਗੁਰੂ ਅੰਗਦ ਦੇਵ ਜੀ! ਤੁਸੀਂ) ਲੋਭ ਅਤੇ ਮੋਹ ਨੂੰ ਵਸ ਕਰਨ ਵਾਲੇ ਹੋ, ਸਰਣ ਲੈਣ ਵਾਲੇ ਜਾਚਕਾਂ ਦੀ ਪਾਲਣਾ ਕਰਨ ਵਾਲੇ ਹੋ। ਆਤਮਾ ਦੇ ਪ੍ਰੇਮ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਨ ਵਾਲੇ ਹੋ, ਤੁਹਾਡੇ ਕਥਨ ਅੰਮ੍ਰਿਤ ਵਾਂਗ ਸੁੰਦਰ (ਮਨੋਹਰ) ਹਨ; ਤੇਰੇ ਬਚਨ ਅੰਮ੍ਰਿਤ ਦੇ ਸੁੰਦਰ ਚਸ਼ਮੇ ਹਨ (ਦਰਪਣ)। ਬਾਣੀ ਉਚਰਹਿ ਸਾਧ ਜਨ, ਅਮਿਉ ਚਲਹਿ ਝਰਣੇ। (੩੨੦)

ਸਤਿਗੁਰੂ ਕਲ ਸਤਿਗੁਰ ਤਿਲਕੁ, ਸਤਿ ਲਾਗੈ ਸੋ ਪੈ ਤਰੈ ॥ ਕਲ ਭੱਟ ਜੀ ਆਖਦੇ ਹਨ ਕਿ ਸਤਿਗੁਰੂ (ਨਾਨਕ ਦੇਵ ਜੀ) ਨੇ ਤਿਲਕ ਦੇ ਕੇ ਆਪ ਜੀ ਨੂੰ ਸਤਿਗੁਰੂ ਥਾਪ ਦਿਤਾ; ਸਤਿਗੁਰੂ ਅੰਗਦ ਦੇਵ ਜੀ ਸ਼੍ਰੋਮਣੀ ਗੁਰੂ ਹਨ (ਦਰਪਣ; ਸ਼ਬਦਾਰਥ, ਜੋ ਮਨੁੱਖ) ਨਿਸਚੇ ਕਰ (ਸ਼ਰਧਾ ਧਾਰ) ਕੇ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਨਾਲ ਜੁੜਦਾ ਹੈ, ਉਹ (ਭਵਜਲ ਤੋਂ) ਤਰ ਜਾਂਦਾ ਹੈ।

ਗੁਰ ਜਗਤ, ਫਿਰਣਸੀਹ ਅੰਗਰਉ, ਰਾਜੁ ਜੋਗੁ ਲਹਣਾ ਕਰੈ ॥੫॥ ਬਾਬਾ ਫੇਰੂ ਜੀ ਦੇ ਸ਼ੇਰ ਵਰਗੇ ਪੁਤ੍ਰ ਬਾਬਾ ਲਹਿਣਾ ਜੀ ਜਗਤ ਗੁਰੂ ਅੰਗਦ ਹੋ ਕੇ ਰਾਜ ਜੋਗ ਕਰ ਰਹੇ (ਮਾਣਦੇ) ਹਨ। ੫

ਪਦਾਰਥ = ਦ੍ਰਿਸਟਿ ਧਰਤ-(ਮੇਹਰ ਭਰੀ) ਨਜਰ ਕਰਦਿਆਂ ਹੀ। ਤਮ-ਹਨ੍ਹੇਰਾ। ਹਰਨ-ਦੂਰ ਕਰਦੇ ਹੋ। ਦਹਨ-ਸਾੜਨ ਵਾਲੇ। ਅਘ-ਪਾਪ। ਪ੍ਰਨਾਸਨ-ਚੰਗੀ ਤਰ੍ਹਾਂ ਨਾਸ਼ ਕਰਨ ਵਾਲੇ। ਸਬਦ-ਬਚਨ। ਸੂਰ-ਸੂਰਮੇ। ਬਲਵੰਤ-ਬਲਵਾਨ। ਅਰੁ-ਅਤੇ। ਬਿਨਾਸਨ-ਨਾਸ਼ ਕਰਨ ਵਾਲੇ ਹਨ। ਵਸਿ ਕਰਣ-ਵਸ ਕਰਨ ਵਾਲੇ ਹੋ। ਆਤਮ ਰਤ-ਆਤਮਾ ਦਾ ਪ੍ਰੇਮ। ਸੰਗ੍ਰਹਣ-ਚੰਗੀ ਤਰ੍ਹਾਂ ਗ੍ਰਹਿਣ ਕਰਨ ਵਾਲੇ ਹੋ। ਕਹਣ-ਕਥਨ; ਬਚਨ। ਕਲ-ਸੁੰਦਰ। ਢਾਲਣ-ਵਾਂਗ (ਭਾ. ਵੀਰ ਸਿੰਘ; ਮ. ਕੋ.); ਝਰ ਰਿਹਾ ਹੈ; ਪ੍ਰਵਾਹ; ਝਰਨਾ। ਕਲ-ਭੱਟ ਕਲ। ਤਿਲਕੁ-ਗੁਰ ਗੱਦੀ ਦਾ ਤਿਲਕ; ਸ਼੍ਰੋਮਣੀ। ਸਤਿ-ਨਿਸਚੇ ਕਰਕੇ; ਸ਼ਰਧਾ ਧਾਰ ਕੇ। ਲਾਗੈ ਸੋ ਪੈ-ਉਹ ਚਰਨੀਂ ਲਗ ਕੇ। ਤਰੈ-(ਭਵਜਲ ਤੋਂ) ਤਰ ਜਾਂਦਾ ਹੈ। ਗੁਰ ਜਗਤ-ਜਗਤ ਗੁਰੂ। ਫਿਰਣ ਸੀਹ-ਫੇਰੂ ਜੀ ਦੇ ਸ਼ੇਰ ਭਾਵ ਪੁਤ੍ਰ। ਅੰਗਰਉ-ਗੁਰੂ ਅੰਗਦ ਦੇਵ ਜੀ। ਰਾਜੁ ਜੋਗੁ-ਗ੍ਰਹਿਸਥ ਵਿਚ ਰਹਿ ਕੇ ਨਾਮ ਜਪਣਾ। ਲਹਣਾ-ਬਾਬਾ ਲਹਿਣਾ ਜੀ। ੫।

ਅੰਗ ੧੩੯੨ = ਸਦਾ ਅਕਲ ਲਿਵ ਰਹੈ, ਕਰਨ ਸਿਉ ਇਛਾ ਚਾਰਹ ॥ ਦ੍ਰੁਮ ਸਪੂਰ ਜਿਉ ਨਿਵੈ, ਖਵੈ ਕਸੁ ਬਿਮਲ ਬੀਚਾਰਹ ॥ (ਹੇ ਗੁਰੂ ਅੰਗਦ ਦੇਵ ਜੀ!) ਆਪ ਜੀ ਦੀ ਬ੍ਰਿਤੀ ਸਦਾ ਪ੍ਰਭੂ ਵਿਚ ਟਿਕੀ ਰਹਿੰਦੀ ਹੈ, ਤੁਸੀਂ ਅਪਣੀ ਇੱਛਾ ਨਾਲ ਕੰਨ (ਆਦਿ ਇੰਦ੍ਰੀਆਂ) ਨੂੰ ਚਲਾਉਂਦੇ ਹੋ (ਅੱਖਾਂ ਕੰਨ ਤੇ ਹੋਰ ਇੰਦ੍ਰੇ ਆਪ ਜੀ ਦੇ ਵਸ ਵਿਚ ਹਨ)। ਜਿਵੇਂ ਫਲਾਂ ਨਾਲ ਪੂਰਿਆ ਦਰੱਖਤ ਝੁਕਦਾ ਹੈ ਤੇ (ਲੋਕਾਂ ਦੇ ਇਟਾਂ ਰੋੜੇ ਆਦਿ) ਕਸਟ ਸਹਰਦਾ ਹੈ (ਫਿਰ ਵੀ ਫਲ ਦੇਂਦਾ ਹੈ, ਤਿਵੇਂ) ਆਪ ਜੀ ਦੇ ਬਿਚਾਰ ਨਿਰਮਲ ਹਨ (ਆਪ ਜੀ ਸਾਰੀਆਂ ਸ਼ਕਤੀਆਂ ਨਾਲ ਪੂਰਨ ਹੋ ਕੇ ਵੀ ਕਿਸੇ ਨੂੰ ਕੁਛ ਨਹੀਂ ਕਹਿੰਦੇ, ਨਿਮ੍ਰਤਾ ਸਹਿਤ ਰਹਿੰਦੇ ਹੋ, ਵਿਰੋਧੀਆਂ ਦੇ ਕਸਟ ਸਹਾਰ ਕੇ ਵੀ ਉਨ੍ਹਾਂ ਨੂੰ ਛਾਂ ਤੇ ਫਲ ਬਖਸ਼ਦੇ ਹੋ)।

ਇਹੈ ਤਤੁ ਜਾਣਿਓ, ਸਰਬ ਗਤਿ ਅਲਖੁ ਵਿਡਾਣੀ ॥ ਸਹਜਿ ਭਾਇ ਸੰਚਿਓ, ਕਿਰਣਿ ਅੰਮ੍ਰਿਤ ਕਲ ਬਾਣੀ ॥ ਇਹ ਸਿਧਾਂਤ ਆਪ ਜੀ ਨੇ ਜਾਣ ਲਿਆ ਕਿ ਅਸਚਰਜ ਰੂਪ, ਨਾ ਜਾਣਿਆ ਜਾਣ ਵਾਲਾ ਪ੍ਰਭੂ ਸਭ ਵਿਚ ਪ੍ਰਾਪਤ (ਵਿਆਪਕ) ਹੈ। (ਤੁਸੀਂ ਅਪਣੀ) ਸੁੰਦਰ ਬਾਣੀ ਦੀਆਂ ਕਿਰਣਾਂ ਰਾਹੀਂ ਸਹਿਜ ਸੁਭਾਵਕ ਹੀ (ਸਿਖਾਂ ਦੇ ਮਨਾਂ ਵਿਚ) ਅੰਮ੍ਰਿਤ ਸਿੰਜਿਆ ਹੈ (ਦਰਪਣ); ਆਪ ਨੇ ਅੰਮ੍ਰਿਤ ਬਾਣੀ ਦੀ ਕਲਾ ਨਾਲ ਸਹਜੇ ਹੀ ਲੋਕਾਂ ਵਿਚ ਗਿਆਨ ਦੀ ਕਿਰਣ ਖਿਲਾਰੀ ਹੈ (ਸ਼ਬਦਾਰਥ); (ਜਿਵੇਂ ਚੰਦ ਧਰਤੀ ਤੇ ਅੰਮ੍ਰਿਤ ਦੀਆਂ ਕਿਰਣਾਂ ਖਿਲਾਰਦਾ ਹੈ, ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ) ਸੁਭਾਵਕ ਹੀ ਅੰਮ੍ਰਿਤ ਮਈ ਸੁੰਦਰ ਬਾਣੀ ਦੀਆਂ ਕਿਰਣਾਂ ਸਿੱਖਾਂ ਦੇ ਮਨਾਂ ਵਿਚ ਖਿਲਾਰਦੇ ਹਨ।

ਗੁਰ ਗਮਿ ਪ੍ਰਮਾਣੁ ਤੈ ਪਾਇਓ, ਸਤੁ ਸੰਤੋਖੁ ਗ੍ਰਾਹਜਿ ਲਯੌ ॥ ਹਰਿ ਪਰਸਿਓ ਕਲੁ ਸਮੁਲਵੈ, ਜਨ ਦਰਸਨੁ ਲਹਣੇ ਭਯੌ ॥੬॥ ਤੁਸੀਂ (ਗੁਰੂ ਨਾਨਕ ਦੇਵ ਜੀ ਦੇ) ਬਰਾਬਰ ਹੀ ਪਹੁੰਚ ਵਾਲੇ ਹੋ; (ਭਾਵ ਜਿੱਥੇ ਤਕ ਗੁਰੂ ਨਾਨਕ ਦੇਵ ਜੀ ਦੀ ਪਹੁੰਚ ਸੀ, ਉਨ੍ਹਾਂ ਦੇ ਬਰਾਬਰ ਹੀ ਉਥੇ ਤਕ ਤੁਹਾਡੀ ਪਹੁੰਚ ਹੈ) ਅਤੇ ਆਪ ਜੀ ਨੇ ਸਤ ਸੰਤੋਖ (ਆਦਿ ਗੁਣ) ਗ੍ਰਹਿਣ ਕਰ ਲਏ ਹਨ। ਭੱਟ ਕਲ ਜੀ ਉਚੀ ਪੁਕਾਰ ਕੇ ਆਖਦੇ ਹਨ, ਜਿਨ੍ਹਾਂ ਪੁਰਖਾਂ ਨੂੰ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਹੋਏ ਹਨ, ਉਨ੍ਹਾਂ ਨੂੰ (ਮਾਨੋ) ਹਰੀ ਮਿਲ ਪਿਆ ਹੈ। ੬।

ਪਦਾਰਥ = ਅਕਲ-ਕਲਾ ਰਹਿਤ (ਨਿਰਗੁਣ) ਪ੍ਰਭੂ; ਅਖੰਡ। ਕਰਨ-ਕੰਨ ਆਦਿ ਇੰਦ੍ਰੇ। ਸਿਉ-ਨਾਲ। ਚਾਰਹ-ਚਲਾਉਂਦੇ ਹਨ। ਦਰੁਮ-ਦਰੱਖਤ। ਸਪੂਰ-ਪੂਰਿਆ ਹੋਇਆ ਹੈ। ਨਿਵੈ-ਝੁਕਦਾ ਹੈ। ਖਵੈ-ਸਹਿੰਦਾ ਹੈ। ਕਸੁ-ਕਸਟ। ਬਿਮਲ-ਨਿਰਮਲ। ਤਤੁ-ਸਿਧਾਂਤ। ਸਰਬ ਗਤਿ-ਸਭ ਵਿਚ ਵਿਆਪਕ। ਅਲਖ-(ਅਲੱਖ ਬੋਲੋ) ਨਾ ਜਾਣਿਆ ਜਾਣ ਵਾਲਾ ਪ੍ਰਭੂ। ਵਿਡਾਣੀ-ਅਸਚਰਜ। ਸਹਜ ਭਾਇ-ਸਹਿਜ ਸੁਭਾਵਕ ਹੀ। ਸੰਚਿਓ-ਸਿੰਜ ਰਹੇ ਹੋ; ਖਿਲਾਰੀ ਹੈ; ਛਿੜਕਿਆ ਹੈ। ਕਲ-ਕਲਾ; ਸੁੰਦਰ। ਗੁਰ ਗਮਿ-ਜਿੱਥੋਂ ਤਕ ਗੁਰੂ ਦੀ ਪਹੁੰਚ ਹੈ। ਪ੍ਰਮਾਣੁ-ਉਸੇ ਤੋਲ (ਬਰਾਬਰ) ਦਾ। ਤੈ-ਤੈਂ (ਤੁਸੀਂ)। ਗ੍ਰਾਹਜਿ-ਗ੍ਰਹਿਣ ਕੀਤਾ; ਭੋਜਨ (ਸਤ ਸੰਤੋਖ ਦਾ ਭੋਜਨ ਤੁਸੀਂ ਛਕਿਆ ਹੈ)। ਪਰਸਿਓ-ਮਿਲ ਪਿਆ। ਕਲੁ-ਕਲ ਭੱਟ। ਸਮੁਲਵੈ-ਉਚੀ ਪੁਕਾਰ ਕੇ ਕਹਿੰਦਾ ਹੈ (ਸਉ+ਲਵੈ = ਚੰਗੀ ਤਰ੍ਹਾਂ ਉਚਾਰਦਾ ਹੈ)। ਜਨ (ਜਿਨ੍ਹਾਂ) ਪੁਰਖਾਂ ਨੂੰ। ਭਯੋ-(ਭਇਅਉ ਬੋਲੋ) ਹੋਇਆ ਹੈ। ਲਯੋ-(ਲਇਅਉ ਉਚਾਰੋ) ਲਿਆ ਹੈ। ੬।

ਮਨਿ ਬਿਸਾਸੁ ਪਾਇਓ, ਗਹਰਿ ਗਹੁ ਹਦਰਥਿ ਦੀਓ ॥ ਗਰਲ ਨਾਸੁ ਤਨਿ ਨਠਯੋ, ਅਮਿਉ ਅੰਤਰ ਗਤਿ ਪੀਓ ॥ (ਹੇ ਗੁਰੂ ਅੰਗਦ ਦੇਵ ਜੀ!) ਤੁਸੀ ਅਪਣੇ (ਗੁਰੂ ਤੋਂ) ਮਨ ਵਿਚ ਵਿਚ ਭਰੋਸਾ ਪਾ ਲਿਆ ਹੈ (ਕਈ ਪ੍ਰੀਖਿਆਵਾਂ ਲਈਆਂ, ਐਸਾ ਭਰੋਸਾ ਸੀ ਕਿ ਆਪ ਡੋਲੇ ਨਹੀਂ), ਹਜ਼ਰਤ ਗੁਰੂ ਨਾਨਕ ਦੇਵ ਜੀ ਨੇ ਬੇਅੰਤ ਹਰੀ ਆਪ ਜੀ ਨੂੰ ਗ੍ਰਹਿਣ ਕਰਾ ਦਿਤਾ।(ਸਾਰੇ ਜੀਵਾਂ ਨੂੰ) ਨਾਸ਼ ਕਰਨ ਵਾਲੀ ਜੋ ਵਿਸ਼ਿਆਂ ਰੂਪ ਜਹਿਰ (ਆਪ ਜੀ ਦੇ) ਤਨ ਵਿਚੋਂ ਨੱਠ ਗਈ, ਅੰਦਰੋਂ ਹੀ (ਤੁਸੀਂ ਨਾਮ) ਅੰਮ੍ਰਿਤ ਪ੍ਰਾਪਤ ਕਰਕੇ ਪੀ ਲਿਆ।
ਰਿਦਿ ਬਿਗਾਸੁ ਜਾਗਿਓ, ਅਲਖਿ ਕਲ ਧਰੀ ਜੁਗੰਤਰਿ ॥ ਸਤਿਗੁਰੁ ਸਹਜ ਸਮਾਧਿ, ਰਵਿਓ ਸਾਮਾਨਿ ਨਿਰੰਤਰਿ ॥ ਅਲੱਖ ਹਰੀ ਨੇ ਜੁੱਗਾਂ ਜੁਗਾਂ ਅੰਦਰ ਅਪਣੀ ਸ਼ਕਤੀ ਰੱਖੀ ਹੋਈ ਹੈ, ਉਸ ਹਰੀ ਦਾ ਅਨੰਦ (ਤੁਹਾਡੇ) ਹਿਰਦੇ ਵਿਚ ਜਾਗ (ਪ੍ਰਗਟ ਹੋ) ਪਿਆ ਹੈ; ਗਿਆਨ ਦਾ ਪ੍ਰਕਾਸ਼ ਜਾਗ ਪਿਆ ਹੈ।ਜੋ ਹਰੀ ਇਕੋ ਜਿਹਾ ਸਭ ਵਿਚ ਇਕ ਰਸ ਵਿਆਪਕ ਹੋ ਰਿਹਾ ਹੈ, (ਉਸ ਹਰੀ ਵਿਚ) ਸਤਿਗੁਰੂ (ਗੁਰੂ ਅੰਗਦ ਦੇਵ ਜੀ) ਸਹਜੇ ਹੀ ਆਪ ਸਮਾਧੀ ਲਾਈ ਰਖਦੇ ਹਨ।
ਉਦਾਰਉ ਚਿਤ ਦਾਰਿਦ ਹਰਨ, ਪਿਖੰਤਿਹ ਕਲਮਲ ਤ੍ਰਸਨ ॥ ਸਦ ਰੰਗਿ ਸਹਜਿ ਕਲੁ ਉਚਰੈ, ਜਸੁ ਜੰਪਉ ਲਹਣੇ ਰਸਨ ॥੭॥ ਆਪ ਖੁਲ੍ਹੇ ਦਿਲ ਵਾਲੇ ਹੋ, ਗਰੀਬੀ ਦੂਰ ਕਰਨ ਵਾਲੇ ਹੋ, (ਤੁਹਾਡੇ) ਦਰਸ਼ਨ ਕਰਦਿਆਂ ਹੀ ਪਾਪ ਡਰ (ਨੱਸ) ਜਾਂਦੇ ਹਨ।ਭੱਟ ਕਲ ਉਚਾਰਦੇ ਹਨ ਕਿ ਮੈਂ ਸਹਿਜੇ ਹੀ ਸਦਾ ਪ੍ਰੇਮ ਨਾਲ ਲਹਿਣਾ (ਗੁਰੂ ਅੰਗਦ ਦੇਵ) ਜੀ ਦਾ ਜਸ ਰਸਨਾ ਨਾਲ ਉਚਾਰਦਾ ਹਾਂ।੭।
ਪਦਾਰਥ = ਮਨਿ-ਮਨ ਵਿਚ।ਬਿਸਾਸੁ-ਭਰੋਸਾ; ਸ਼ਰਧਾ।ਗਹਰਿ-ਅਥਾਹ ਹਰੀ ਵਿਚ।ਗਹੁ-ਗ੍ਰਹਿਣ ਕਰਾ (ਜਾਂ ਪਹੁੰਚਾ) ਦਿਤਾ। ਗਰਲ-(ਵਿਸ਼ਿਆਂ ਦੀ) ਜਹਿਰ।ਨਾਸੁ-ਨਾਸ਼ ਕਰਨ ਵਾਲੀ।ਤਨਿ-ਸਰੀਰ ਵਿਚੋਂ।ਨਠਯੋ-(ਨੱਠਿਅਉ ਉਚਾਰੋ) ਨੱਸ ਗਈ।ਅਮਿਓ-ਅੰਮ੍ਰਿਤ।ਅੰਤਰ ਗਤਿ-ਅੰਦਰੋਂ ਹੀ ਪ੍ਰਾਪਤ ਕਰਕੇ; ਅੰਤਰ ਮੁਖੀ ਬ੍ਰਿਤੀ ਨਾਲ।ਪੀਓ-ਪੀ ਲਿਆ ਹੈ।ਰਿਦਿ-ਹਿਰਦੇ ਵਿਚ।ਬਿਗਾਸੁ-ਪ੍ਰਕਾਸ਼; ਅਨੰਦ; ਖਿੜਾਉ।ਅਲਖਿ-ਮਨ ਬਾਣੀ ਕਰਕੇ ਨਾ ਜਾਣੇ ਜਾਣ ਵਾਲੇ ਹਰੀ ਨੇ।ਕਲ-ਸੱਤਾ; ਸ਼ਕਤੀ।ਜੁਗੰਤਰਿ-ਹਰੇਕ ਜੁਗ ਅੰਦਰ।ਸਹਜਿ ਸਮਾਧਿ-ਸਹਜੇ ਹੀ ਸਮਾਧੀ ਲਾਈ ਰਖਦੇ ਹਨ।ਰਵਿਓ-ਵਿਆਪਕ ਹੈ।ਸਾਮਾਨਿ-ਇਕੋ ਜਿਹਾ।ਨਿਰੰਤਰਿ-ਇਕ ਰਸ ।ਉਦਾਰਉ ਚਿਤ-ਖੁਲ੍ਹੇ ਦਿਲ ਵਾਲੇ ਹੋ।ਦਾਰਿਦ-ਗਰੀਬੀ।ਹਰਨ-ਦੂਰ ਕਰਨ ਵਾਲਾ।ਪਿਖੰਤਿਹ-ਦੇਖਦਿਆਂ ਹੀ।ਕਲਮਲ-ਪਾਪ। ਤ੍ਰਸਨ-ਡਰ ਜਾਂਦੇ ਹਨ।ਰੰਗਿ-ਪ੍ਰੇਮ ਨਾਲ।ਸਹਜੇ-ਸੁਤੇ ਸਿੱਧ ਹੀ।ਸਹਜਿ ਰੰਗਿ-ਕੁਦਰਤੀ ਪ੍ਰੇਮ ਵਿਚ।ਕਲੁ-ਭੱਟ ਦਾ ਨਾਮ।ਜੰਪਉ -ਜਪਦਾ ਹਾਂ; ਉਚਾਰਦਾ ਹਾਂ।ਲਹਣੇ-ਬਾਬਾ ਲਹਿਣਾ ਜੀ ਦਾ।ਰਸਨ-ਜੀਭ।੭।
ਨਾਮੁ ਅਵਖਧੁ ਨਾਮੁ ਆਧਾਰੁ, ਅਰੁ ਨਾਮੁ ਸਮਾਧਿ ਸੁਖੁ, ਸਦਾ ਨਾਮ ਨੀਸਾਣੁ ਸੋਹੈ ॥ (ਗੁਰੂ ਅੰਗਦ ਦੇਵ ਜੀ ਦਾ ਦਰਸ਼ਨ ਕਰਕੇ ਰੋਗੀ ਅਰੋਗ ਹੋ ਜਾਂਦੇ ਸਨ, ਗੁਰੂ ਜੀ ਕੋਲ ਸਾਰੇ ਰੋਗਾਂ ਦੀ) ਦੁਆਈ ਹਰੀ ਦਾ ਨਾਮ ਹੈ, ਨਾਮ (ਹੀ ਆਪ ਜੀ ਦਾ) ਆਸਰਾ ਹੈ, ਨਾਮ ਜਪਣਾ ਹੀ (ਆਪ ਜੀ ਲਈ) ਸਮਾਧੀ ਦਾ ਸੁੱਖ ਹੈ, ਨਾਮ ਦਾ ਹੀ ਝੰਡਾ ਸਦਾ (ਤੁਹਾਡੇ ਹੱਥਾਂ; ਦਰਬਾਰ ਵਿਚ) ਸੋਭ ਰਿਹਾ ਹੈ।
ਰੰਗਿ ਰਤੌ ਨਾਮ ਸਿਉ, ਕਲ ਨਾਮੁ ਸੁਰਿ ਨਰਹ ਬੋਹੈ ॥ (ਗੁਰੂ ਅੰਗਦ ਦੇਵ ਜੀ ਦਾ ਮਨ) ਨਾਮ ਦੇ ਪ੍ਰੇਮ ਨਾਲ ਰੰਗਿਆ ਹੋਇਆ ਹੈ, (ਇਹ) ਸੁੰਦਰ ਨਾਮ ਮਨੁੱਖਾਂ ਅਤੇ ਦੇਵਤਿਆਂ ਨੂੰ ਸੁਗੰਧਤ ਕਰਦਾ ਹੈ।
ਨਾਮ ਪਰਸੁ ਜਿਨਿ ਪਾਇਓ, ਸਤੁ ਪ੍ਰਗਟਿਓ ਰਵਿ ਲੋਇ ॥ ਦਰਸਨਿ ਪਰਸਿਐ ਗੁਰੂ ਕੈ, ਅਠਸਠਿ ਮਜਨੁ ਹੋਇ ॥੮॥ ਜਿਸ ਮਨੁੱਖ ਨੇ ਨਾਮ ਦੀ ਛੋਹ (ਗੁਰੂ ਅੰਗਦ ਦੇਵ ਜੀ ਤੋਂ) ਪਾਈ ਹੈ, ਉਸ ਦਾ ਸੱਚ ਰੂਪ ਸੂਰਜ ਲੋਕਾਂ ਵਿਚ ਪ੍ਰਗਟਿਆ ਹੈ; ਉਨ੍ਹਾਂ ਦਾ ਜਸ ਸੂਰਜ ਲੋਕ (ਪ੍ਰਲੋਕ) ਤਕ ਪ੍ਰਗਟਿਆ ਹੈ; ਪ੍ਰਭੂ ਰੂਪ ਸੂਰਜ ਦਾ ਪ੍ਰਕਾਸ਼ ਪ੍ਰਗਟ ਹੋਇਆ ਹੈ (ਭਾ: ਵੀਰ ਸਿੰਘ)।ਗੁਰੂ (ਅੰਗਦ ਦੇਵ ਜੀ) ਦੇ ਦਰਸ਼ਨ ਪਰਸਿਆਂ ੬੮ ਤੀਰਥਾਂ ਦਾ ਸ਼ਨਾਨ ਹੋ ਜਾਂਦਾ ਹੈ।੮।
ਪਦਾਰਥ = ਅਵਖਧੁ-ਦੁਆਈ।ਆਧਾਰੁ-ਆਸਰਾ।ਸਮਾਧਿ ਸੁਖੁ-ਸਮਾਧੀ ਦਾ ਅਨੰਦ।ਨੀਸਾਣੁ-ਝੰਡਾ।ਸੋਹੈ-ਸੋਭਦਾ ਹੈ।ਰੰਗਿ ਰਤੌ-ਪ੍ਰੇਮ ਵਿਚ ਰੰਗਿਆ ਹੈ।ਸਿਉ-ਨਾਲ।ਕਲ-ਸੁੰਦਰ; ਹੇ ਕਲ ਸਹਾਰ! (ਨਿਰਣੈ ਤੇ ਦਰਪਣ)।ਸੁਰਿ ਨਰਹ-ਦੇਵਤਿਆਂ ਅਤੇ ਮਨੁੱਖ ਨੂੰ ।ਬੋਹੈ-ਸੁਗੰਧਤ ਕਰਦਾ ਹੈ।ਪਰਸੁ-ਛੋਹ।ਜਿਨਿ-ਜਿਸ ਨੇ।ਸਤੁ-ਸੱਚ; ਜਸ; ਧਰਮ; ਨੇਕੀ।ਰਵਿ-ਸੂਰਜ।ਲੋਇ-ਸੰਸਾਰ ਵਿਚ; ਲੋਕਾਂ ਵਿਚ।ਪਰਸਿਐ-ਪਰਸਨ ਨਾਲ।ਅਠਸਠਿ ਮਜਨੁ-ਅਠਾਹਠ ਤੀਰਥਾਂ ਦਾ ਇਸ਼ਨਾਨ।੮।
ਸਚੁ ਤੀਰਥੁ ਸਚੁ ਇਸਨਾਨੁ, ਅਰੁ ਭੋਜਨੁ ਭਾਉ ਸਚੁ, ਸਦਾ ਸਚੁ ਭਾਖੰਤੁ ਸੋਹੈ ॥ ਸੱਚਾ ਨਾਮ ਹੀ ਗੁਰੂ ਅੰਗਦ ਦੇਵ ਜੀ ਦਾ ਤੀਰਥ ਹੈ, ਸੱਚਾ ਨਾਮ ਹੀ ਇਸ਼ਨਾਨ ਹੈ, ਭੋਜਨ ਅਤੇ ਪ੍ਰੇਮ ਵੀ ਸੱਚਾ ਨਾਮ ਹੀ ਹੈ, ਸਦਾ ਸੱਚੇ ਨਾਮ ਦਾ ਉਚਾਰਣ (ਆਪ ਨੂੰ) ਸੋਭਦਾ ਹੈ।
ਸਚੁ ਪਾਇਓ ਗੁਰ ਸਬਦਿ, ਸਚੁ ਨਾਮੁ ਸੰਗਤੀ ਬੋਹੈ ॥ (ਗੁਰੂ ਅੰਗਦ ਦੇਵ ਜੀ ਨੇ ਪ੍ਰਭੂ ਦਾ) ਸੱਚਾ ਨਾਮ (ਗੁਰੂ ਨਾਨਕ ਦੇਵ ਜੀ ਦੇ) ਉਪਦੇਸ਼ ਰਾਹੀਂ ਪਾਇਆ ਹੈ (ਅਤੇ ਹੁਣ ਵੀ ਗੁਰੂ ਅੰਗਦ ਦੇਵ ਜੀ ਰਾਹੀਂ ਇਹ) ਸੱਚਾ ਨਾਮ ਸੰਗਤਾਂ ਨੂੰ ਸੁਗੰਧਤ ਕਰਦਾ ਹੈ।
ਜਿਸੁ ਸਚੁ ਸੰਜਮੁ ਵਰਤੁ ਸਚੁ, ਕਬਿ ਜਨ ਕਲ ਵਖਾਣੁ ॥ ਜਿਸ (ਗੁਰੂ ਅੰਗਦ ਦੇਵ ਜੀ) ਦਾ ਸੰਜਮ ਪ੍ਰਭੂ ਦਾ ਸੱਚਾ ਨਾਮ ਹੈ, ਸੱਚਾ ਨਾਮ ਹੀ ਵਰਤ ਹੈ, ਭੱਟ ਕਲ ਜੀ ਆਖਦੇ ਹਨ (ਉਸ ਗੁਰੂ ਦਾ ਜਸ ਹੋਰ ਭੱਟ) ਕਵੀ ਜਨ ਵੀ ਵਖਿਆਨ ਕਰਦੇ ਹਨ (ਫ. ਸ.)।
ਦਰਸਨਿ ਪਰਸਿਐ ਗੁਰੂ ਕੈ, ਸਚੁ ਜਨਮੁ ਪਰਵਾਣੁ ॥੯॥ (ਐਸੇ) ਗੁਰੂ ਦੇ ਦਰਸ਼ਨ ਪਰਸਿਆਂ ਨਿਸਚੇ ਹੀ ਜਨਮ ਪ੍ਰਵਾਣ ਹੋ ਜਾਂਦਾ

ਹੈ; ਜਨਮ ਸੱਚ ਰੂਪ ਹੋ ਕੇ ਸਫਲ ਹੋ ਜਾਂਦਾ ਹੈ।੯।

ਪਦਾਰਥ = ਸਚੁ-(ਸੱਚਾ) ਨਾਮ।ਅਰੁ-ਅਤੇ।ਭਾਉ-ਪ੍ਰੇਮ।ਭਾਖੰਤੁ-ਉਚਾਰਣ।ਸੋਹੈ-ਸੋਭਦਾ ਹੈ।ਗੁਰ ਸਬਦਿ-ਗੁਰੂ ਦੇ ਸ਼ਬਦ ਰਾਹੀਂ। ਸੰਗਤੀ-ਸੰਗਤਾਂ ਨੂੰ।ਬੋਹੈ-ਸੁਗੰਧਤ ਕਰਦਾ ਹੈ।ਸੰਜਮ-ਇੰਦ੍ਰੇ ਦਮਨ।ਕਬਿ ਜਨ-ਕਵੀ ਜਨ (ਲੋਕ)।ਕਲ-ਭੱਟ ਕਲ ਜੀ।ਵਖਾਣੁ-ਵਖਿਆਨ ਕਰਦਾ ਹੈ।ਸਚੁ-ਨਿਸਚੇ ਕਰਕੇ।ਪਰਵਾਣੁ-ਪ੍ਰਵਾਣ; ਸਫਲ।੯।(ਅਗਲਾ ਸਵੱਈਆ ਭੱਟ ਟੱਲ ਜੀ ਦਾ ਉਚਾਰਿਆ ਹੈ)।

ਅਮਿਅ ਦ੍ਰਿਸਟਿ ਸੁਭ ਕਰੈ, ਹਰੈ ਅਘ ਪਾਪ ਸਕਲ ਮਲ ॥ (ਸ੍ਰੀ ਗੁਰੂ ਅੰਗਦ ਦੇਵ ਜੀ ਜਿਸ ਮਨੁੱਖ ਤੇ) ਅੰਮ੍ਰਿਤ ਮਈ ਸ਼ੁੱਭ ਦ੍ਰਿਸਟੀ ਕਰਦੇ ਹਨ, (ਤਾਂ ਉਸ ਦੇ) ਛੋਟੇ ਵੱਡੇ ਪਾਪ ਅਤੇ ਸਭ (ਤਰ੍ਹਾਂ ਦੀ) ਮੈਲ ਨਾਸ਼ ਕਰ ਦੇਂਦੇ ਹਨ।

ਕਾਮ ਕ੍ਰੋਧ ਅਰੁ ਲੋਭ ਮੋਹ, ਵਸਿ ਕਰੈ ਸਭੈ ਬਲ ॥ (ਜਿਸ ਮਨੁੱਖ ਉਤੇ ਗੁਰੂ ਅੰਗਦ ਦੇਵ ਜੀ ਦੀ ਮਿਹਰ ਦੀ ਨਜਰ ਪੈਂਦੀ ਹੈ) ਕਾਮ ਕ੍ਰੋਧ ਲੋਭ ਅਤੇ ਮੋਹ ਆਦਿਕ ਸਾਰੇ ਬਲਵਾਨ (ਵਿਕਾਰ ਉਸ ਮਨੁੱਖ ਦੇ) ਵਸ ਵਿਚ ਕਰ ਦੇਂਦੇ ਹਨ।

ਸਦਾ ਸੁਖ ਮਨਿ ਵਸੈ, ਦੁਖੁ ਸੰਸਾਰਹ ਖੋਵੈ ॥ ਗੁਰੁ ਨਵ ਨਿਧਿ ਦਰੀਆਉ, ਜਨਮ ਹਮ ਕਾਲਖ ਧੋਵੈ ॥ ਉਸ ਦੇ ਮਨ ਵਿਚ ਸਦਾ ਸੁੱਖ ਵਸ ਜਾਂਦੇ ਹਨ ਅਤੇ ਸੰਸਾਰ ਦਾ (ਹਰੇਕ) ਦੁੱਖ ਨਾਸ਼ ਕਰ ਦੇਂਦੇ ਹਨ।ਗੁਰੂ (ਅੰਗਦ ਦੇਵ ਜੀ) ਨੌਂ ਨਿਧੀਆਂ (ਅਧਿਆਤਮਕ ਤਾਕਤਾਂ) ਦੇ ਦਰਿਆ ਹਨ, (ਗੁਰਸਿੱਖਾਂ ਦੇ) ਤਮਾਮ ਜਨਮਾਂ (ਦੇ ਪਾਪਾਂ) ਦੀ ਕਾਲਖ ਧੋ ਦੇਂਦੇ ਹਨ।

ਸੁ ਕਹੁ ਟਲ ਗੁਰੁ ਸੇਵੀਐ, ਅਹਿਨਿਸਿ ਸਹਜਿ ਸੁਭਾਇ ॥ ਦਰਸਨਿ ਪਰਸਿਐ ਗੁਰੂ ਕੈ, ਜਨਮ ਮਰਣ ਦੁਖੁ ਜਾਇ ॥੧੦॥ ਸੋ (ਭੱਟ) ਟੱਲ ਜੀ ਆਖਦੇ ਹਨ, ਦਿਨ ਰਾਤ ਸੁਤੇ ਸਿੱਧ ਹੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨੀ ਚਾਹੀਦੀ ਹੈ।(ਐਸੇ ਗੁਰੂ ਜੀ ਦੇ) ਦਰਸ਼ਨ ਕਰਨ ਨਾਲ ਜਨਮ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ।੧੦।

ਪਦਾਰਥ = ਅਮਿਅ ਦ੍ਰਿਸ਼ਟਿ-(ਅਮਿਅ ਨੂੰ ਅਮਿਓ ਪੜ੍ਹਨਾ ਅਸ਼ੁੱਧ ਹੈ) ਅੰਮ੍ਰਿਤ ਭਰੀ ਮੇਹਰ ਦੀ ਨਜਰ।ਸੁਭ-ਚੰਗੀ।ਕਰੈ-ਕਰਦੇ ਹਨ।ਹਰੈ-ਨਾਸ਼ ਕਰਦੇ ਹਨ।ਅਘ-ਪਾਪ।ਸਕਲ ਮਲ-ਸਭ ਤਰ੍ਹਾਂ ਦੀ ਮੈਲ।ਵਸਿ-ਵਸ ਵਿਚ।ਬਲ-ਬਲਵਾਨ (ਵਿਕਾਰਾਂ ਨੂੰ); ਬਲੀ ਹੰਕਾਰ।ਮਨਿ-ਮਨ ਵਿਚ।ਸੰਸਾਰਹ-(ਸੰਸਾਰਾ ਪੜ੍ਹਨਾ ਅਸ਼ੁੱਧ ਹੈ)।ਸੰਸਾਰ ਦਾ।ਖੋਵੈ-ਨਾਸ਼ ਕਰਦਾ ਹੈ।ਜਨਮ ਹਮ-ਤਮਾਮ ਜਨਮਾਂ ਦੀ; ਸਾਡੇ ਜਨਮਾਂ ਦੀ।ਸੁ ਕਹੁ-ਸੋ (ਇਸ ਲਈ) ਆਖਦੇ ਹਨ।ਟਲ-ਟੱਲ (ਭੱਟ ਦਾ ਨਾਂ)।ਅਹਿ ਨਿਸਿ-ਦਿਨ ਰਾਤ।ਸਹਜਿ ਸੁਭਾਇ -ਸਹਿਜ ਸੁਭਾਵਕ ਹੀ।ਪਰਸਿਐ-(ਪਰਸੀਐ ਪੜ੍ਹਨਾ ਅਸ਼ੁੱਧ ਹੈ) ਪ੍ਰਾਪਤ ਕੀਤਿਆਂ; ਕਰਨ ਨਾਲ।੧੦।

ਗੁਰੂ ਅੰਗਦ ਦੇਵ ਜੀ ਦੀ ਨਜਰ ਵਿਚ ਅੰਮ੍ਰਿਤ ਦਾ ਵਾਸਾ ਸੀ।ਜਿਧਰ ਮੇਹਰ ਨਾਲ ਦੇਖਦੇ ਸਨ, ਸਭ ਦੇ ਦੁੱਖ, ਪਾਪ ਆਦਿ ਨਸ਼ਟ ਕਰ ਦੇਂਦੇ ਸਨ।ਗੁਰੂ ਜੀ ਦੀ ਸੇਵਾ ਕਰਕੇ ਆਵਾਗੌਣ ਦਾ ਚੱਕਰ ਮਿਟ ਜਾਂਦਾ ਹੈ।ਗੁਰੂ ਅੰਗਦ ਦੇਵ ਜੀ ਧੰਨ ਹਨ।

ਸਵੱਈਏ ਮਹਲੇ ਦੂਜੇ ਕੇ ਸਮਾਪਤ।ਵਾਹਿਗੁਰੂ ਵਾਹਿਗੁਰੂ ਵਾਹਿਗੁਰੂ।

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।
ਤੁਧੁ ਡਿਠੇ ਸਚੇ ਪਾਤਸਾਹ ਮਲੁ ਜਨਮ ਜਨਮ ਦੀ ਕਟੀਐ।(੯੬੭)

ਸਵਈਏ ਮਹਲੇ ਤੀਜੇ ਕੇ ੩ ੴ ਸਤਿਗੁਰ ਪ੍ਰਸਾਦਿ ॥

ਸੋਈ ਪੁਰਖੁ ਸਿਵਰਿ ਸਾਚਾ, ਜਾ ਕਾ ਇਕੁ ਨਾਮੁ ਅਛਲੁ ਸੰਸਾਰੇ ॥ ਜਿਨਿ ਭਗਤ ਭਵਜਲ ਤਾਰੇ, ਸਿਮਰਹੁ ਸੋਈ ਨਾਮੁ ਪਰਧਾਨੁ ॥ (ਹੇ ਭਾਈ!) ਉਸ ਸੱਚੇ ਅਕਾਲ ਪੁਰਖ ਨੂੰ ਸਿਮਰ, ਜਿਸ ਦਾ ਇਕ ਨਾਮ ਸੰਸਾਰ ਵਿਚ ਨਾ ਛਲਿਆ ਜਾਣ ਵਾਲਾ ਹੈ।ਜਿਸ ਨਾਮ ਨੇ ਸੰਸਾਰ ਸਮੁੰਦਰ ਤੋਂ ਭਗਤਾਂ ਨੂੰ ਤਾਰਿਆ ਹੈ, ਉਸ ਸ੍ਰੋਮਣੀ ਨਾਮ ਨੂੰ ਸਿਮਰੋ।

ਤਿਤੁ ਨਾਮਿ ਰਸਿਕੁ ਨਾਨਕੁ, ਲਹਣਾ ਥਪਿਓ, ਜੇਨ ਸ੍ਰਬ ਸਿਧੀ ॥ ਕਵਿ ਜਨ ਕਲ੍ ਸਬੁਧੀ, ਕੀਰਤਿ ਜਨ ਅਮਰਦਾਸ ਬਿਸ੍ਰੀਆ ॥ ਗੁਰੂ ਨਾਨਕ ਦੇਵ ਜੀ ਉਸ ਨਾਮ ਦੇ ਰਸੀਏ ਹਨ, ਜਿਨ੍ਹਾਂ ਨੇ ਲਹਿਣਾ (ਗੁਰੂ ਅੰਗਦ ਦੇਵ) ਜੀ ਨੂੰ (ਆਪਣੀ ਥਾਂ ਤੇ) ਗੁਰੂ ਸਥਾਪਨ ਕੀਤਾ ਅਤੇ ਜਿਸ ਕਰਕੇ (ਗੁਰੂ ਅੰਗਦ ਦੇਵ ਜੀ ਨੂੰ) ਸਾਰੀਆਂ ਸਿਧੀਆਂ ਪ੍ਰਾਪਤ ਹੋਈਆਂ।ਕਵੀ ਕਲ ਆਖਦਾ ਹੈ ਕਿ (ਉਸ ਗੁਰੂ ਅੰਗਦ ਦੇਵ ਜੀ ਦੇ) ਸ੍ਰੇਸਟ ਬੁੱਧੀ ਵਾਲੇ ਸੇਵਕ ਗੁਰੂ ਅਮਰਦਾਸ ਜੀ ਦਾ ਜਸ ਸਾਰੇ ਲੋਕਾਂ ਵਿਚ ਫੈਲਿਆ ਹੋਇਆ ਹੈ।

ਕੀਰਤਿ ਰਵਿ ਕਿਰਣਿ, ਪ੍ਰਗਟਿ ਸੰਸਾਰਹ, ਸਾਖ ਤਰੋਵਰ ਮਵਲਸਰਾ ॥ ਗੁਰੂ ਅਮਰ ਦਾਸ ਜੀ ਦੀ ਕੀਰਤੀ ਸੰਸਾਰ ਵਿਚ ਸੂਰਜ ਦੀਆਂ ਕਿਰਣਾਂ ਵਾਂਗ ਪ੍ਰਗਟ (ਪ੍ਰਕਾਸ਼) ਹੋ ਕੇ ਖੇਤੀ, ਬ੍ਰਿਛਾਂ, ਸਮੁੰਦਰ ਉਤੇ ਫੈਲ ਰਹੀ ਹੈ (ਜਸ ਦੇ ਸੂਰਜ ਦੀਆਂ ਕਿਰਣਾਂ ਜਗਿਆਸੂ ਰੂਪ ਸ਼ਾਖਾਂ, ਗਿਆਨਵਾਨ ਰੂਪ ਬ੍ਰਿਛਾਂ ਤੇ ਸੱਤਸੰਗ ਰੂਪ ਸਰੋਵਰਾਂ ਵਿਚ ਪ੍ਰਗਟ ਹੈ); ਗੁਰੂ ਅਮਰ ਦਾਸ ਜੀ ਦੀ ਕੀਰਤੀ ਰੂਪ ਸੂਰਜ ਦੀਆਂ ਕਿਰਣਾਂ ਸੰਸਾਰ ਵਿਚ ਇਉਂ ਪ੍ਰਕਾਸ਼ ਹੋ ਰਹੀਆਂ ਹਨ ਜਿਵੇਂ ਮੌਲਸਰੀ (ਬ੍ਰਿਛ) ਦੀਆਂ ਸ਼ਾਖਾਂ ਸੁਗੰਧੀ ਫੈਲਾ ਰਹੀਆਂ ਹੁੰਦੀਆਂ ਹਨ।

ਉਤਰਿ ਦਖਿਣਹਿ ਪੁਬਿ ਅਰੁ ਪਸ੍ਮਿ, ਜੈ ਜੈ ਕਾਰੁ ਜਪੰਥਿ ਨਰਾ ॥ ਉਤਰ, ਦੱਖਣ, ਪੂਰਬ ਅਤੇ ਪੱਛਮ (ਚਾਰੇ ਪਾਸਿਆਂ ਦੇ) ਮਨੁੱਖ

(ਗੁਰੂ ਅਮਰਦਾਸ ਜੀ ਨੂੰ) ਜੈ ਜੈ ਕਾਰ ਕਰਦੇ ਹੋਏ ਜਪਦੇ ਹਨ।

ਅੰਗ ੧੩੯੩ = ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ, ਉਲਟਿ ਗੰਗ ਪਸ੍ਚਮਿ ਧਰੀਆ ॥ (ਗੁਰੂ ਅਮਰਦਾਸ ਜੀ ਨੇ) ਅਪਣੀ ਰਸਨਾ ਦੁਆਰਾ ਵਾਹਿਗੁਰੂ ਦਾ ਨਾਮ ਗੁਰਮੁਖਾਂ ਵਿਚ ਵਰਤਾਇਆ (ਨਾਮ ਜਪਣ ਦਾ ਵਰ ਦਿਤਾ); ਹਰੀ ਦਾ ਜਿਹੜਾ ਨਾਮ ਰਸਨਾ ਦੁਆਰਾ ਗੁਰਮੁਖ (ਗੁਰੂ ਨਾਨਕ ਦੇਵ ਜੀ ਨੇ) ਵਰਤਾਇਆ ਤੇ ਗੰਗਾ (ਜੋ ਪੂਰਬ ਦਿਸ਼ਾ ਨੂੰ ਵਗਦੀ ਸੀ) ਨੂੰ ਉਲਟਾ ਕੇ ਪੱਛਮ ਵਲ ਵਹਾ ਦਿਤੀ (ਬਾਹਰ ਜਾਂਦੀ ਬ੍ਰਿਤੀ ਨੂੰ ਅੰਤਰ ਮੁਖੀ ਕਰ ਦਿਤਾ; ਬ੍ਰਿਤੀ ਮਾਇਆ ਵਲੋਂ ਹਟਾ ਕੇ ਹਰੀ ਨਾਲ ਜੋੜ ਦਿਤੀ; ਪੁਤ੍ਰਾਂ ਨੂੰ ਛਡ ਕੇ ਸੇਵਕ ਨੂੰ ਗੁਰਤਾ ਦਿਤੀ; ਨਾਮ ਜਪਾ ਕੇ ਲੋਕਾਂ ਦਾ ਸੁਭਾਵ ਬਦਲ ਦਿਤਾ)।

ਸੋਈ ਨਾਮੁ ਅਛਲੁ, ਭਗਤਹ ਭਵ ਤਾਰਣੁ, ਅਮਰਦਾਸ ਗੁਰ ਕਉ ਫੁਰਿਆ ॥੧॥ ਓਹੀ ਨਾ ਛਲਿਆ ਜਾਣ ਵਾਲਾ ਤੇ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਨਾਮ ਗੁਰੂ ਅਮਰ ਦਾਸ ਜੀ ਨੂੰ ਪ੍ਰਗਟ (ਅਨੁਭਵ) ਹੋਇਆ।੧।

ਪਦਾਰਥ = ਸੋਈ ਪੁਰਖੁ–ਉਸ ਅਕਾਲ ਪੁਰਖ ਨੂੰ।ਸਿਵਰਿ–ਸਿਮਰ।ਜਾ ਕਾ–ਜਿਸ ਦਾ।ਅਛਲ–ਨਾ ਛਲੇ ਜਾਣ ਵਾਲਾ।ਸੰਸਾਰੇ–ਸੰਸਾਰ ਵਿਚ।ਜਿਨਿ–ਜਿਸ (ਨਾਮ) ਨੇ।ਭਵਜਲ–ਸੰਸਾਰ ਸਮੁੰਦਰ।ਤਾਰੇ–ਤਾਰ ਦਿਤੇ।ਪਰਧਾਨੁ–ਵੱਡਾ (ਸ਼੍ਰੋਮਣੀ)।ਤਿਤੁ ਨਾਮਿ–ਉਸ ਨਾਮ ਦੁਆਰਾ।ਰਸਿਕੁ–ਰਸੀਆ; ਪ੍ਰੇਮੀ।ਥਪਿਓ–ਥਾਪਿਆ; ਬਿਠਾਇਆ।ਜੇਨ–ਜਿਸ ਕਰਕੇ।ਸਰਬ ਸਿਧੀ–ਸਾਰੀਆਂ ਸਿਧੀਆਂ (ਰੂਹਾਨੀ ਤਾਕਤਾਂ)।ਕਵਿ ਜਨ ਕਲ੍ਯ–ਸੇਵਕ ਕਵੀ ਕਲ੍ਯ; ਕਵੀ ਕਲ੍ਯ ਆਖਦਾ ਹੈ ਕਿ (ਗੁਰੂ ਅੰਗਦ ਦੇਵ ਜੀ ਦੇ) ਸੇਵਕ (ਗੁਰੂ ਅਮਰ ਦਾਸ ਜੀ)।ਸਬੁਧੀ–ਸ੍ਰੇਸਟ ਬੁੱਧੀ ਵਾਲਾ।ਕੀਰਤਿ–ਜਸ; ਸੋਭਾ।ਜਨ–ਲੋਕਾਂ ਵਿਚ।ਬਿਸ੍ਤੁਰੀਆ–ਫੈਲੀ ਹੋਈ ਹੈ।ਰਵਿ–ਸੂਰਜ। ਸੰਸਾਰਹ–ਸੰਸਾਰ ਵਿਚ।ਤਰੋਵਰ–ਦਰੱਖਤ।ਸਾਖ–ਖੇਤੀ; ਟਾਹਣੀਆਂ।ਮਵਲਸਰਾ–(ਮਵੱਲ ਨਹੀ ਪੜ੍ਹਨਾ) ਮੌਲਸਰੀ (ਜਮੋਏ ਜਿਹੇ ਪੱਤਿਆਂ ਵਾਲਾ ਬ੍ਰਿਛ, ਜਿਸ ਨੂੰ ਬਰਸਾਤ ਵਿਚ ਚਿੱਟੇ ਮਹਿਕ ਵਾਲੇ ਫੁੱਲ ਲਗਦੇ ਹਨ, ਜਿਸ ਦੇ ਫੁੱਲਾਂ ਤੋਂ ਅਤਰ ਅਤੇ ਸੁਗੰਧੀ ਵਾਲਾ ਤੇਲ ਬਣਦਾ ਹੈ (ਮ. ਕੋ.), ਮੌਲ ਸਰੀ ਦੇ ਦਰੱਖਤ ਨੂੰ ਲਾਲ ਮਿਰਚਾਂ ਦੀ ਸ਼ਕਲ ਦੇ ਮਿੱਠੇ ਫਲ ਲਗਦੇ ਹਨ; ਮਿਲ (ਫੈਲ) ਰਿਹਾ ਹੈ। ਉਤਰਿ–ਉਤਰ ਦਿਸ਼ਾ ਵਿਚ।ਦਖਣਹਿ–ਦੱਖਣ ਵੱਲ।ਪੁਬਿ–ਪੂਰਬ ਦਿਸ਼ਾ ਵਿਚ।ਅਰੁ–ਅਤੇ।ਜਪੰਥਿ–ਜਪਦੇ ਹਨ।ਨਰਾ–ਮਨੁੱਖ। ਰਸਨਿ–ਜੀਭ ਦੁਆਰਾ।ਬਰਦਾਯਉ–ਵਰਤਾਇਆ; ਵਰ ਦਿਤਾ।ਉਲਟਿ–ਉਲਟਾ ਕੇ।ਗੰਗ–ਗੰਗਾ।ਪਸ੍ਚਮਿ–ਪੱਛਮ ਵੱਲ।ਧਰੀਆ–ਟਿਕਾ ਦਿਤੀ ਭਾਵ ਚਲਾ ਦਿਤੀ।ਸੋਈ–ਉਹ ਹੀ।ਭਗਤਹ–ਭਗਤਾਂ ਨੂੰ।ਭਵ ਤਾਰਣੁ–ਸੰਸਾਰ ਸਾਗਰ ਤੋਂ ਤਾਰਨ ਵਾਲਾ।ਗੁਰ ਕਉ–ਗੁਰੂ ਨੂੰ।ਫੁਰਿਆ–ਸੰਫੁਰਨ (ਅਨੁਭਵ) ਹੋਇਆ।੧।

ਵਿਆਖਿਆ = ਹੋਰ ਕਰਮ ਕਾਂਡ ਕਰਨ ਤੇ ਮਨੁੱਖ ਨੂੰ ਮਾਇਆ ਦੇ ਠੱਗ ਲੈਂਦੀ ਹੈ, ਪਰ ਵਾਹਿਗੁਰੂ ਦੇ ਨਾਮ ਜਪਣ ਨਾਲ ਮਾਇਆ ਦਾ ਛਲ ਨਹੀ ਚਲਦਾ।ਜੋ ਚੀਜ ਛਲੀ ਜਾ ਸਕੇ, ਉਹ ਸਦਾ ਥਿਰ ਨਹੀ ਰਹਿੰਦੀ, ਹਰੀ ਅਤੇ ਨਾਮ ਅਛੱਲ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ।ਜਿਨ੍ਹਾਂ ਨੇ ਨਾਮ ਜਪਿਆ, ਉਹ ਵੀ ਛਲ ਰੂਪ ਸੰਸਾਰ ਤੋਂ ਪਾਰ ਹੋ ਜਾਂਦੇ ਹਨ।ਇਸ ਨਾਮ ਦੇ ਰਸੀਏ ਗੁਰੂ ਨਾਨਕ ਦੇਵ ਜੀ ਨੇ ਨਾਮ ਅਤੇ ਸਾਰੀਆਂ ਤਾਕਤਾਂ ਬਖਸ਼ ਕੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਥਾਪਿਆ, ਅਗੋਂ ਫਿਰ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੁਰਿਆਈ ਗੱਦੀ ਬਖਸ਼ੀ {ਹੋਰਿਓ ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ ੯੬੭}।ਗੁਰੂ ਜੀ ਦੀ ਮਹਿਮਾਂ ਸੂਰਜ ਦੀਆਂ ਕਿਰਨਾਂ ਵਾਂਗ ਰੋਸ਼ਨ ਹੈ, ਲੋਕਾਂ ਨੂੰ ਖੁਸ਼ੀ ਤੇ ਸ਼ਾਂਤੀ ਦੇਣ ਵਾਲੀ ਹੈ।(ਦੂਜਾ ਅਰਥ ਇਉਂ ਵੀ ਹੈ) ਸੂਰਜ ਦੀਆਂ ਕਿਰਨਾਂ ਦੇ ਆਸਰੇ ਰੁੱਖ ਆਦਿ ਖਿੜਦੇ ਹਨ, ਰੋਸ਼ਨੀ ਨਾ ਮਿਲੇ ਤਾਂ ਰੁੱਖ ਮੁਰਝਾ ਕੇ ਸੁੱਕ ਜਾਣ।ਗੁਰੂ ਜੀ ਦੀਆਂ ਥਾਪੀਆਂ ੨੨ ਮੰਜੀਆਂ ਬ੍ਰਿਛ ਹਨ, ੫੨ ਪੰਘੂੜੇ ਤੇ ੮੪ ਪੀੜ੍ਹੀਆਂ ਸ਼ਾਖਾਂ ਹਨ, ਜੋ ਕਿ ਸੱਤ ਸੰਗ ਰੂਪ ਸਰੋਵਰ ਵਿਚ ਟਿਕੇ ਹੋਏ ਗੁਰੂ ਅਮਰਦਾਸ ਜੀ ਦੀ ਮਹਿਮਾਂ ਰੂਪ ਸੂਰਜ ਦੇ ਪ੍ਰਕਾਸ਼ ਦੇ ਨਿੱਘ ਨਾਲ ਪ੍ਰਫੁੱਤ ਹਨ।੧।

ਸਿਮਰਹਿ ਸੋਈ ਨਾਮੁ ਜਖ੍ਯ ਅਰੁ ਕਿੰਨਰ, ਸਾਧਿਕ ਸਿਧ ਸਮਾਧਿ ਹਰਾ ॥ ਜੱਖ, ਕਿੰਨਰ, ਸਾਧਨਾ ਕਰਨ ਵਾਲੇ ਜਗਿਆਸੂ, ਸਮਾਧੀਆਂ ਲਾਉਣ ਵਾਲੇ ਸਿਧ ਅਤੇ ਸ਼ਿਵ ਜੀ (ਆਦਿ ਸਾਰੇ) ਉਸੇ ਨਾਮ ਨੂੰ ਸਿਮਰਦੇ ਹਨ।

ਸਿਮਰਹਿ ਨਖ੍ਯਤ੍ਰ ਅਵਰ ਧ੍ਰੂ ਮੰਡਲ, ਨਾਰਦਾਦਿ ਪ੍ਰਹਲਾਦਿ ਵਰਾ ॥ ਤਾਰੇ, ਧਰੂ ਅਤੇ (ਉਸ ਦੇ) ਮੰਡਲ (ਲੋਕ) ਦੇ ਹੋਰ (ਭਗਤ), ਨਾਰਦ ਆਦਿ ਮੁਨੀ ਤੇ ਸ੍ਰੇਸਟ ਭਗਤ ਪ੍ਰਹਿਲਾਦ ਆਦਿ ਵੀ ਨਾਮ ਨੂੰ ਸਿਮਰਦੇ ਹਨ।

ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ, ਸੈਲ ਲੋਅ ਜਿਨਿ ਉਧਰਿਆ ॥ ਚੰਦ੍ਰਮਾ ਅਤੇ ਸੂਰਜ ਵੀ ਨਾਮ ਨੂੰ ਚਾਹੁੰਦੇ ਹਨ, ਜਿਸ (ਨਾਮ ਨੇ) ਪੱਥਰਾਂ (ਵਰਗੇ ਭਾਰੇ ਅਤੇ ਕਠੋਰ ਦਿਲਾਂ ਵਾਲੇ) ਲੋਕਾਂ ਦਾ ਵੀ ਉਧਾਰ ਕਰ ਦਿਤਾ।

ਸੋਈ ਨਾਮੁ ਅਛਲੁ, ਭਗਤਹ ਭਵ ਤਾਰਣੁ, ਅਮਰਦਾਸ ਗੁਰ ਕਉ ਫੁਰਿਆ ॥੨॥ (ਅਰਥ ਉਪਰ ਹੋ ਚੁੱਕੇ ਹਨ)।

ਪਦਾਰਥ = ਸੋਈ–ਉਹ ਹੀ (ਉਸ)।ਜਖ੍ਯ–ਜੱਖਿਅ (ਬੋਲੋ) ਦੇਵਤਿਆਂ ਦੀ ਇਕ ਜਾਤ ਜੋ ਕੁਬੇਰ ਦੀ ਸੇਵਾ ਵਿਚ ਰਹਿੰਦੇ ਹਨ।ਅਰੁ–ਅਤੇ।ਕਿੰਨਰ–ਦੇਵਤਿਆਂ ਦੇ ਰਾਗੀ।ਸਾਧਿਕ–ਸਾਧਨਾ ਕਰਨ ਵਾਲੇ।ਸਿਧ–ਚੁਰਾਸੀ ਸਿੱਧ।ਹਰਾ–ਸ਼ਿਵ ਜੀ।ਨਖ੍ਯਤ੍ਰ–(ਨਖਿਅਤ੍ਰ) ਤਾਰੇ।ਅਵਰ–ਹੋਰ।ਧ੍ਰੂ ਮੰਡਲ–ਧਰੂ ਦਾ ਮੰਡਲ (ਦੇਸ਼)।ਵਰਾ–ਸ੍ਰੇਸਟ।ਨਾਰਦਾਦਿ–ਨਾਰਦ ਆਦਿਕ।ਸਸੀਅਰੁ–ਚੰਦ੍ਰਮਾ।ਸੂਰੁ–ਸੂਰਜ।

ਉਲਾਸਹਿ–ਚਾਹੁੰਦੇ; ਉਚਾਰਦੇ ਹਨ।ਸੈਲ–ਪਥਰਾਂ (ਵਰਗੇ ਭਾਰੇ ਕਠੋਰ) ਪਾਪੀ ਲੋਕ; ਪਹਾੜ।ਲੋਅ–(ਲੋਇ ਪੜ੍ਹਨਾ ਅਸ਼ੁੱਧ ਹੈ) ਲੋਕ।ਜਿਨਿ–ਜਿਸ (ਨਾਮ ਨੇ)।ਉਧਰਿਆ–ਉਧਾਰ ਦਿਤੇ।੨।

ਸੋਈ ਨਾਮੁ ਸਿਵਰਿ, ਨਵ ਨਾਥ ਨਿਰੰਜਨੁ, ਸਿਵ ਸਨਕਾਦਿ ਸਮੁਧਰਿਆ ॥ ਮਾਇਆ ਤੋਂ ਨਿਰਲੇਪ ਪ੍ਰਮਾਤਮਾ ਦੇ ਉਸੇ ਨਾਮ ਨੂੰ ਸਿਮਰ ਕੇ ਨੌਂ ਨਾਥੁ (ਮਛੰਦਰ ਨਾਥ. ਗੋਰਖ ਨਾਥ, ਚਰਪਟ ਨਾਥ, ਚੰਬਾ ਨਾਥ, ਪ੍ਰਾਣ ਨਾਥ ਆਦਿ), ਸ਼ਿਵ ਜੀ ਅਤੇ ਸਨਕ ਆਦਿਕ ਚੰਗੀ ਤਰ੍ਹਾਂ ਤਰ ਗਏ (ਉਚੀ ਪਦਵੀ ਨੂੰ ਪਹੁੰਚ ਗਏ); ਚੰਗੀ ਤਰ੍ਹਾਂ ਰਿਦੇ ਵਿਚ ਟਿਕਾ ਲਿਆ ਹੈ।

ਚਵਰਾਸੀਹ ਸਿਧ ਬੁਧ ਜਿਤੁ ਰਾਤੇ, ਅੰਬਰੀਕ ਭਵਜਲੁ ਤਰਿਆ ॥ ਚੌਰਾਸੀ ਸਿਧ, ਬੁਧੀ ਵਾਨ, ਜਿਸ (ਨਾਮ ਵਿਚ) ਰੰਗੇ ਗਏ, (ਉਸੇ ਨਾਮ ਨੂੰ ਜਪ ਕੇ) ਰਾਜਾ ਅੰਬਰੀਕ ਸੰਸਾਰ ਸਾਗਰ ਤੋਂ ਤਰ ਗਿਆ।

ਊਧਉ ਅਕ੍ਰੂਰੁ ਤਿਲੋਚਨੁ ਨਾਮਾ, ਕਲਿ ਕਬੀਰ ਕਿਲਵਿਖ ਹਰਿਆ ॥ (ਉਸੇ ਨਾਮ ਨੇ ਦੁਆਪਰ ਵਿਚ) ਊਧੋ ਅਤੇ ਅਕਰੂਰ (ਨੂੰ ਤਾਰਿਆ), ਕਲਜੁਗ ਵਿਚ ਭਗਤ ਤ੍ਰਿਲੋਚਨ, (ਉਸੇ ਨਾਮ ਨੇ) ਨਾਮ ਦੇਵ ਤੇ ਕਬੀਰ ਜੀ (ਆਦਿ ਭਗਤਾਂ) ਦੇ ਪਾਪ ਨਾਸ਼ ਕੀਤੇ।

ਸੋਈ ਨਾਮੁ ਅਛਲੁ, ਭਗਤਹ ਭਵ ਤਾਰਣੁ ,ਅਮਰਦਾਸ ਗੁਰ ਕਉ ਫੁਰਿਆ ॥੩॥ (ਅਰਥ ਹੋ ਚੁੱਕੇ ਹਨ)।

ਪਦਾਰਥ = ਸਿਵਰਿ–ਸਿਮਰ ਕੇ।ਨਵ ਨਾਥ–ਜੋਗੀਆਂ ਦੇ ਪ੍ਰਸਿੱਧ ਨੌਂ ਨਾਥ।ਸਨਕਾਦਿ–ਬ੍ਰਹਮਾ ਦੇ ਪੁਤ੍ਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)।ਸਮੁਧਰਿਆ–(ਸਮੁੱਧਰਿਆ ਪੜ੍ਹੋ, ਸਮ+ਉਧਰਿਆ) ਭਲੀ ਪ੍ਰਕਾਰ ਤਰ ਗਏ; ਚੰਗੀ ਤਰ੍ਹਾਂ ਦਿਲ ਵਿਚ ਟਿਕਾ ਲਿਆ।ਚਵਰਾਸੀਹ ਸਿਧ–ਚੁਰਾਸੀ ਸਿੱਧ।ਬੁਧ–ਮਹਾਤਮਾ ਬੁਧ; ਬੁਧੀਵਾਨ।ਜਿਤੁ–ਜਿਸ (ਨਾਮ) ਵਿਚ।ਰਾਤੇ–ਰੰਗੇ ਗਏ।ਅੰਬਰੀਕ–ਇਕ ਭਗਤ।ਭਵਜਲੁ–ਸੰਸਾਰ ਸਾਗਰ ਤੋਂ।ਤਰਿਆ–ਤਰ ਗਿਆ।ਊਧਉ–ਅਕਰੂਰ ਤੇ ਊਧੋ ਕ੍ਰਿਸ਼ਨ ਜੀ ਦੇ ਭਗਤ ਸਨ।ਨਾਮਾ–ਨਾਮ ਦੇਵ ਜੀ।ਕਲਿ–ਕਲਯੁਗ ਵਿਚ।ਕਿਲਵਿਖ–ਪਾਪ।ਹਰਿਆ–ਨਾਸ਼ ਕੀਤੇ।੩।

ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ, ਜਤੀ ਤਪੀਸੁਰ ਮਨਿ ਵਸਿਆ ॥ ਉਸੇ ਨਾਮ ਵਿਚ ਲਗ ਕੇ ਤੇਤੀ ਕ੍ਰੋੜ ਦੇਵਤੇ (ਪ੍ਰਭੂ ਨੂੰ) ਧਿਆ ਰਹੇ ਹਨ, (ਓਹੀ ਨਾਮ) ਜਤੀਆਂ ਅਤੇ ਤਪੀਆਂ ਦੇ ਮਨ ਵਿਚ ਵੀ ਵਸਿਆ ਹੋਇਆ ਹੈ।

ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ, ਚਰਣ ਚਿਤ ਅੰਮ੍ਰਿਤ ਰਸਿਆ ॥ ਉਸੇ ਨਾਮ ਨੂੰ ਗੰਗਾ ਦੇ ਪੁਤ੍ਰ ਭੀਸ਼ਮ ਪਿਤਾਮਾ ਨੇ ਸਿਮਰਿਆ, (ਜਿਸ ਦਾ) ਚਿਤ ਹਰੀ ਚਰਣਾਂ ਦੇ ਅੰਮ੍ਰਿਤ ਦਾ ਰਸੀਆ ਹੋ ਗਿਆ।

ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ, ਸਤ ਕਰਿ ਸੰਗਤਿ ਉਧਰੀਆ ॥ ਉਸੇ ਨਾਮ ਵਿਚ ਜੁੜੇ ਗੰਭੀਰ (ਅਡੋਲ) ਅਤੇ ਵੱਡੀ ਸਮਝ ਵਾਲੇ ਗੁਰੂ ਅਮਰਦਾਸ ਜੀ ਹਨ, (ਗੁਰੂ ਜੀ ਦੇ ਬਚਨਾਂ ਤੇ) ਨਿਸਚਾ ਕਰ ਕੇ ਸਿਖ ਸੰਗਤ ਤਰ ਗਈ।

ਸੋਈ ਨਾਮੁ ਅਛਲੁ, ਭਗਤਹ ਭਵ ਤਾਰਣੁ, ਅਮਰਦਾਸ ਗੁਰ ਕਉ ਫੁਰਿਆ ॥੪॥ (ਅਰਥ ਉਪਰ ਹੋ ਗਏ ਹਨ)।

ਪਦਾਰਥ = ਤਿਤੁ ਨਾਮਿ–ਉਸ ਨਾਮ ਵਿਚ।ਲਾਗਿ–ਲੱਗ (ਜੁੜ) ਕੇ।ਤੇਤੀਸ–੩੩ ਕ੍ਰੋੜ ਦੇਵਤੇ।ਜਤੀ–ਕਾਮ ਵਾਸ਼ਨਾ ਨੂੰ ਰੋਕਣ ਵਾਲੇ ਸਾਧੂ।ਤਪੀਸੁਰ–ਤਪ ਕਰਨ ਵਾਲੇ ਵੱਡੇ ਸਾਧੂ।ਮਨਿ–ਮਨ ਵਿਚ।ਸੋਈ–ਉਸੇ ਨੂੰ।ਗੰਗੇਵ ਪਿਤਾਮਹ–ਗੰਗਾ ਦੇ ਪੇਟੋਂ ਜੰਮਿਆ ਕੌਰਵਾਂ ਪਾਂਡਵਾਂ ਦਾ ਦਾਦਾ ਭੀਸ਼ਮ ਪਿਤਾਮਾ।ਚਰਣ ਚਿਤ–ਚਰਣਾਂ ਵਿਚ ਚਿਤ ਜੁੜ ਕੇ।ਰਸਿਆ–ਰਸ ਵਾਲਾ; ਰਸੀਆ।ਤਿਤੁ ਨਾਮਿ–ਉਸੇ ਨਾਮ ਵਿਚ।ਗਰੂਅ ਮਤਿ–(ਗਰੂਅ ਨੂੰ ਗਰੂਆ ਪੜ੍ਹਨਾ ਅਸ਼ੁੱਧ ਹੈ) ਵੱਡੀ ਸਮਝ ਵਾਲੇ।ਸਤ ਕਰਿ–ਨਿਸਚੇ ਕਰਕੇ; ਸ਼ਰਧਾ ਧਾਰ ਕਰ ਕੇ।ਉਧਰੀਆ–ਤਰ ਗਈ।੪।

ਨਾਮ ਕਿਤਿ ਸੰਸਾਰਿ, ਕਿਰਣਿ ਰਵਿ ਸੁਰਤਰ ਸਾਖਹ ॥ ਉਤਰਿ ਦਖਿਣਿ ਪੁਬਿ ਦੇਸਿ, ਪਸ੍ਚਮਿ ਜਸੁ ਭਾਖਹ ॥ (ਹਰੀ ਦੇ) ਨਾਮ ਦੀ ਕੀਰਤੀ ਸੰਸਾਰ ਵਿਚ ਸੂਰਜ ਦੀਆਂ ਕਿਰਣਾਂ ਵਾਂਗ (ਪ੍ਰਕਾਸ਼ ਰਹੀ) ਹੈ, ਕਲਪ ਰੁੱਖ ਦੀਆਂ ਸ਼ਾਖਾਂ (ਜਿਵੇਂ ਮਹਿਕ ਖਿਲਾਰਦੀਆਂ ਹਨ, ਇਵੇਂ ਨਾਮ ਦੀ ਮਹਿਕ ਹੈ); ਕਲਪ ਬ੍ਰਿਛ ਦੀਆਂ ਸ਼ਾਖਾਂ ਵਾਂਗ (ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ ਨਾਮ)।ਉਤਰ, ਦਖਣ, ਪੂਰਬ ਅਤੇ ਪੱਛਮ ਦੇਸ਼ (ਸਭ ਪਾਸਿਆਂ ਦੇ ਲੋਕ) ਨਾਮ ਦਾ ਜਸ ਉਚਾਰਦੇ ਹਨ।

ਜਨਮੁ ਤ ਇਹੁ ਸਕਯਥੁ, ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥ ਸੁਰਿ ਨਰ ਗਣ ਗੰਧਰਬ, ਛਿਅ ਦਰਸਨ ਆਸਾਸੈ ॥ ਇਹ ਜਨਮ ਤਾਂ ਹੀ ਸਫਲ ਹੈ, ਜੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਨਿਵਾਸ ਕਰ ਜਾਵੇ।ਦੇਵਤੇ, ਮਨੁੱਖ, (ਸ਼ਿਵ ਜੀ ਦੇ) ਗਣ ਟੋਣਾ ਛੋਣਾ ਆਦਿ, ਦੇਵਤਿਆਂ ਦੇ ਰਾਗੀ ਅਤੇ ਛੇ ਭੇਖਾਂ ਦੇ (ਸਾਧੂ ਹਰੀ ਦੇ ਨਾਮ ਨੂੰ) ਚਾਹੁੰਦੇ ਹਨ।

ਭਲਉ ਪ੍ਰਸਿਧੁ ਤੇਜੋ ਤਨੌ, ਕਲ੍ਯ ਜੋੜਿ ਕਰ ਧ੍ਯਾਇਅਓ ॥ ਸੋਈ ਨਾਮੁ ਭਗਤ ਭਵਜਲ ਹਰਣੁ, ਗੁਰ ਅਮਰਦਾਸ ਤੈ ਪਾਇਓ ॥੫॥ ਹੇ ਭੱਲਿਆਂ ਦੀ ਪ੍ਰਸਿਧ ਕੁੱਲ ਦੇ ਤੇਜ ਭਾਨ ਜੀ ਦੇ ਪੁਤ੍ਰ ਗੁਰੂ ਅਮਰਦਾਸ ਜੀ! ਕਲ (ਭੱਟ ਆਪ ਜੀ ਨੂੰ) ਦੋਵੇਂ ਹੱਥ ਜੋੜ ਕੇ ਧਿਆਉਂਦਾ ਹੈ।ਹੇ ਗੁਰੂ ਅਮਰਦਾਸ ਜੀ! ਭਗਤਾਂ ਦਾ ਆਵਾਗੌਣ ਮਿਟਾਉਣ ਵਾਲਾ ਓਹੀ ਨਾਮ ਆਪ ਨੇ ਪਾਇਆ ਹੈ।੫।

ਪਦਾਰਥ = ਕਿਤਿ–ਕੀਰਤੀ; ਸੋਭਾ।ਸੰਸਾਰਿ–ਸੰਸਾਰ ਵਿਚ।ਕਿਰਣ ਰਵਿ–ਸੂਰਜ ਦੀਆਂ ਕਿਰਣਾਂ ਵਾਂਗ।ਸੁਰਤਰ ਸਾਖਹ–ਸਵੱਰਗ ਦੇ ਬ੍ਰਿਛਾਂ ਦੀਆਂ ਟਾਹਣੀਆਂ (ਵਾਂਗ)।ਪੁਬਿ ਦੇਸਿ–ਪੂਰਬ ਦੇਸ।ਪਸ੍ਚਮਿ–(ਪਸਚਮ ਬੋਲੋ) ਪੱਛਮ ਦਿਸ਼ਾ।ਭਾਖਹ–ਉਚਾਰਦੇ ਹਨ।ਤ–ਤਾਂ;

ਤਦੇ।ਸਕਯਥੁ-(ਸਕਇਅਥ ਬੋਲੋ) ਸਫਲ।ਰਿਦੈ-ਹਿਰਦੇ ਵਿਚ।ਨਿਵਾਸੈ-ਨਿਵਾਸ ਕਰ ਜਾਵੇ।ਸੁਰਿ ਨਰ-ਦੇਵਤੇ ਅਤੇ ਮਨੁੱਖ।ਗਣ-ਦੇਵਤਿਆਂ ਦੇ ਸੇਵਕ।ਗੰਧਰਬ-ਦੇਵਤਿਆਂ ਦੇ ਰਾਗੀ।ਛਿਅ ਦਰਸਨ-ਛੇ ਭੇਖ (ਜੋਗੀ, ਬੈਰਾਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ) ;ਛੇ ਸ਼ਾਸਤ੍ਰਾਂ ਦੇ ਮੱਤ ਨੂੰ ਮੰਨਣ ਵਾਲੇ ਲੋਕ (ਮ. ਕੋ.)।ਆਸਾਸੈ-ਚਾਹੁੰਦੇ ਹਨ।ਭਲਉ-(ਭੱਲੋ ਬੋਲੋ) ਭੱਲੇ ਕੁੱਲ।ਤੇਜੋ ਤਨੌ-ਤੇਜ ਭਾਨ ਦੇ ਪੁਤ੍ਰ (ਗੁਰੂ ਅਮਰਦਾਸ ਜੀ)।ਕਲ੍ਯ-ਕੱਲ (ਭੱਟ)।ਜੋੜਿ ਕਰ-ਹੱਥ ਜੋੜ ਕੇ।ਧ੍ਯਾਇਅਓ-(ਧਿਆਇਅਉ ਬੋਲੋ) ਧਿਆਇਆ; ਸਿਮਰਿਆ ਹੈ।ਭਵਜਲ ਹਰਣੁ-ਆਵਾਗੌਣ (ਜਨਮ ਮਰਨ) ਮਿਟਾਉਣ ਵਾਲਾ।ਤੈ-ਤੈਂ (ਆਪ ਜੀ ਨੇ)।੫।

ਨਾਮੁ ਧਿਆਵਹਿ ਦੇਵ ਤੇਤੀਸ, ਅਰੁ ਸਾਧਿਕ ਸਿਧ ਨਰ, ਨਾਮਿ ਖੰਡ ਬ੍ਰਹਮੰਡ ਧਾਰੇ ॥ ਜਹ ਨਾਮੁ ਸਮਾਧਿਓ, ਹਰਖੁ ਸੋਗੁ ਸਮ ਕਰਿ ਸਹਾਰੇ ॥ ਤੇਤੀ ਕ੍ਰੋੜ ਦੇਵਤੇ, ਸਾਧਨਾ ਕਰਨ ਵਾਲੇ ਅਭਿਆਸੀ (ਸਾਧੂ), ਸਿੱਧ ਅਤੇ ਮਨੁੱਖ (ਇਹ ਸਾਰੇ ਉਸ ਹਰੀ ਦੇ) ਨਾਮ ਨੂੰ ਧਿਆਉਂਦੇ ਹਨ, ਹਰੀ ਦੇ ਨਾਮ ਨੇ ਹੀ ਸਾਰੇ ਖੰਡ ਬ੍ਰਹਮੰਡ ਟਿਕਾਏ ਹੋਏ (ਆਸਰੇ ਤੇ) ਹਨ।ਜਿਨ੍ਹਾਂ ਪੁਰਖਾਂ ਨੇ ਨਾਮ ਨੂੰ ਚੰਗੀ ਤਰ੍ਹਾਂ ਅਰਾਧਿਆ ਹੈ, ਉਨ੍ਹਾਂ ਨੇ ਖੁਸ਼ੀ ਗਮੀ ਨੂੰ ਬਰਾਬਰ ਕਰ ਕੇ ਸਹਾਰਿਆ ਹੈ।

ਨਾਮੁ ਸਿਰੋਮਣਿ ਸਰਬ ਮੈ, ਭਗਤ ਰਹੇ ਲਿਵਧਾਰਿ ॥ ਸੋਈ ਨਾਮੁ ਪਦਾਰਥੁ ਅਮਰ ਗੁਰ, ਤੁਸਿ ਦੀਓ ਕਰਤਾਰਿ ॥੬॥ ਸਭ ਸਾਧਨਾਂ ਵਿਚੋਂ ਹਰੀ ਦਾ ਨਾਮ ਸ੍ਰੋਮਣੀ ਹੈ, ਭਗਤ ਜਨ ਇਸ ਨਾਮ ਵਿਚ ਬ੍ਰਿਤੀ ਟਿਕਾ ਰਹੇ ਹਨ।ਹੇ ਗੁਰੂ ਅਮਰ ਦਾਸ ਜੀ! ਓਹੀ ਨਾਮ ਪਦਾਰਥ ਕਰਤਾਰ ਨੇ ਖੁਸ਼ ਹੋ ਕੇ ਤੁਹਾਨੂੰ ਬਖਸ਼ਿਆ ਹੈ।੬।

ਪਦਾਰਥ = ਧਿਆਵਹਿ-ਧਿਆਉਂਦੇ ਹਨ।ਦੇਵ ਤੇਤੀਸ-ਤੇਤੀ ਕਰੋੜ ਦੇਵਤੇ।ਅਰੁ-ਅਤੇ।ਸਾਧਿਕ-ਸਾਧਨਾ ਕਰਨ ਵਾਲੇ ਸਾਧੂ।ਸਿਧ -ਕਰਾਮਾਤੀ ਜੋਗੀ।ਨਰ-ਮਨੁੱਖ।ਨਾਮਿ-ਨਾਮ ਨੇ।ਧਾਰੇ-ਆਸਰਾ ਦੇ ਕੇ ਟਿਕਾਏ ਹੋਏ ਹਨ।ਜਹ-ਜਿਨ੍ਹਾਂ ਨੇ।ਸਮਾਧਿਓ-ਚੰਗੀ ਤਰ੍ਹਾਂ (ਹਿਰਦੇ ਅੰਦਰ ਸੁਰਤ ਦਾ ਅਧਾਰ ਕਰਕੇ) ਜਪਿਆ ਹੈ।ਹਰਖੁ-ਖੁਸ਼ੀ।ਸੋਗੁ-ਗਮੀ।ਸਮ ਕਰਿ-ਬਰਾਬਰ ਕਰ ਕੇ।ਸਰਬ ਮੈ-ਸਾਰਿਆਂ ਵਿਚੋਂ।ਰਹੇ ਲਿਵ ਧਾਰਿ-ਸੁਰਤ ਜੋੜ ਰਹੇ ਹਨ।ਸੋਈ-ਓਹੀ।ਤੁਸਿ-ਪ੍ਰਸੰਨ ਹੋ ਕੇ।ਦੀਓ-ਦਿਤਾ ਹੈ।ਕਰਤਾਰਿ-ਕਰਤਾਰ ਨੇ।੬।

ਸਤਿ ਸੂਰਉ ਸੀਲਿ ਬਲਵੰਤੁ, ਸਤ ਭਾਇ ਸੰਗਤਿ ਸਘਨ, ਗਰੂਅ ਮਤਿ, ਨਿਰਵੈਰਿ ਲੀਣਾ ॥ (ਗੁਰੂ ਅਮਰਦਾਸ ਜੀ) ਸੱਤਵਾਦੀ, (ਕਾਮਾਦਿਕਾਂ ਨੂੰ ਜਿਤਣ ਲਈ) ਸੂਰਮੇ, ਸ਼ਾਂਤੀ ਸੁਭਾਵ ਵਾਲੇ, (ਆਤਮਕ) ਬਲ ਵਾਲੇ, ਨੇਕ ਭਾਵਨਾ ਵਾਲੇ, ਘਣੀ ਸੰਗਤ ਵਾਲੇ, ਵੱਡੀ ਸਮਝ ਵਾਲੇ ਅਤੇ ਨਿਰਵੈਰ ਪ੍ਰਭੂ ਵਿਚ ਲੀਨ ਹਨ; ਤੁਹਾਡੀ ਬਹੁਤ ਸੰਗਤ ਹੈ (ਜਿਸ ਨੂੰ) ਵੱਡੀ ਸਿਖਿਆ (ਉਚੀ ਸਮਝ) ਦੇ ਕੇ ਨਿਰਵੈਰ ਹਰੀ ਵਿਚ ਲੀਨ ਕਰ ਦਿਤਾ ਹੈ।

ਜਿਸੁ ਧੀਰਜੁ ਧੁਰਿ ਧਵਲੁ ਧੁਜਾ, ਸੇਤਿ ਬੈਕੁੰਠ ਬੀਣਾ ॥ ਜਿਸ (ਗੁਰੂ ਜੀ ਦਾ) ਧੀਰਜ ਰੂਪ ਚਿੱਟਾ ਝੰਡਾ ਧੁਰ ਬੈਕੁੰਠ ਦੇ ਪੁਲ ਤੇ ਦੇਖਿਆ ਜਾਂਦਾ ਹੈ; ਜਿਸ ਗੁਰੂ ਜੀ ਦਾ ਧੁਰ ਹਜੂਰੋਂ ਧੀਰਜ ਰੂਪ ਚਿੱਟਾ ਝੰਡਾ ਬੈਕੁੰਠ ਦੇ ਪੁਲ ਤੇ ਬਣਿਆ ਹੋਇਆ ਹੈ (ਸ਼ਬਦਾਰਥ); ਗੁਰੂ ਜੀ ਦੇ ਉਜਲ ਜਸ ਦਾ ਝੰਡਾ ਝੁਲ ਰਿਹਾ ਹੈ (ਭਵਸਾਗਰ ਤੋਂ ਪਾਰ ਹੋ ਕੇ) ਬੈਕੁੰਠ ਪੁਜਣ ਲਈ (ਨਾਮ ਬਾਣੀ ਦਾ) ਪੁਲ ਬਣਾਇਆ ਹੈ (ਜਿਸਦੇ ਆਸਰੇ ਸਾਰੇ ਲੋਕ ਇਸ ਪੁਲ ਰਾਹੀਂ ਸਚਖੰਡ ਪੁਜਦੇ ਹਨ (ਭਾ: ਵੀਰ ਸਿੰਘ)।ਸ਼ੇਖਾਂ ਦਾ ਵਿਰੋਧ ਸਹਿੰਦੇ ਰਹੇ, ਇਹ ਸ਼ੇਖ ਬਾਦਸ਼ਾਹੀ ਨੌਕਰ ਸਨ, ਰੱਬ ਦੇ ਭੈ ਤੋਂ ਖਾਲੀ ਸਨ।ਜਦ ਸਿਖ ਦਰਿਆ ਤੋਂ ਪਾਣੀ ਭਰਨ ਜਾਂਦੇ ਤਾਂ ਇਹ ਸ਼ੇਖ ਵੱਟੇ ਮਾਰ ਕੇ ਘੜੇ ਭੰਨ ਦਿਆ ਕਰਨ।ਪਾਣੀ ਡੁੱਲ੍ਹਣ ਅਤੇ ਘੜੇ ਫੁੱਟਣ ਤੇ ਸ਼ੇਖ ਹਸ ਪਿਆ ਕਰਨ।ਗੁਰੂ ਜੀ ਕੋਲ ਸ਼ਿਕਾਇਤ ਕਰਨ ਤੇ ਗੁਰੂ ਜੀ ਕਿਹਾ ਭਾਈ ਤੁਸੀਂ ਗਾਗਰਾਂ ਵਿਚ ਜਲ ਲੈ ਆਇਆ ਕਰੋ।ਜਦ ਸਿੱਖ ਗਾਗਰਾਂ ਭਰ ਕੇ ਲਿਆਇਆ ਕਰਨ ਤਾਂ ਗੋਹਾ ਜਾਂ ਹੋਰ ਚਿੱਕੜ ਆਦਿ ਸੁੱਟ ਕੇ ਪਾਣੀ ਖਰਾਬ ਕਰ ਦਿਆ ਕਰਨ।ਸ਼ਿਕਾਇਤ ਕਰਨ ਤੇ ਗੁਰੂ ਜੀ ਨੇ ਫਿਰ ਵੀ ਕੁੱਛ ਨਹੀ ਕਿਹਾ, ਸੱਗੋਂ ਸਿੱਖਾਂ ਨੂੰ ਹੁਕਮ ਕੀਤਾ ਕਿ ਗੁਰਦੁਆਰੇ ਦੇ ਅੰਦਰ ਹੀ ਖੂਹ ਲਵਾ ਲਵੋ।ਪਰ ਸ਼ੇਖਾਂ ਅਪਣਾ ਕੀਤਾ ਪਾਇਆ, ਸਰਕਾਰੀ ਖਜਾਨਾ ਚੁਰਾਉਣ ਦੇ ਦੋਸ਼ ਵਿਚ ਸਜਾ ਦੇ ਭਾਗੀ ਬਣੇ।

ਪਰਸਹਿ ਸੰਤ ਪਿਆਰੁ, ਜਿਹ ਕਰਤਾਰਹ ਸੰਜੋਗੁ ॥ ਸਤਿਗੁਰੂ ਸੇਵਿ ਸੁਖੁ ਪਾਇਓ, ਅਮਰਿ ਗੁਰਿ ਕੀਤਉ ਜੋਗੁ ॥੭॥ ਸੰਤ ਲੋਕ ਉਸ ਪਿਆਰ ਸਰੂਪ ਗੁਰੂ ਜੀ ਨੂੰ ਪਰਸਦੇ ਹਨ, ਜਿਸ ਗੁਰੂ ਜੀ ਦਾ ਕਰਤਾਰ ਨਾਲ ਮੇਲ ਹੈ; ਜਿਨ੍ਹਾਂ (ਸੰਤਾਂ ਦਾ) ਕਰਤਾਰ ਨਾਲ ਮੇਲ ਹੈ ਭਾਵ ਦਰਗਾਹ ਵਿਚ ਪਹੁੰਚ ਵਾਲੇ ਸੰਤ ਵੀ ਗੁਰੂ ਜੀ ਨੂੰ ਪਿਆਰ ਕਰਦੇ ਅਤੇ ਪਰਸਦੇ ਹਨ।ਸਤਿਗੁਰੂ ਜੀ ਦੀ ਸੇਵਾ ਕਰਕੇ (ਉਨ੍ਹਾਂ ਸੰਤਾਂ ਨੇ) ਸੁਖ ਪਾਇਆ ਹੈ, ਗੁਰੂ ਅਮਰਦਾਸ ਜੀ ਨੇ ਉਨ੍ਹਾਂ (ਸੰਤਾਂ ਨੂੰ ਇਸਦੇ) ਯੋਗ ਬਣਾ ਦਿਤਾ ਹੈ; ਸਤਿਗੁਰੂ (ਅੰਗਦ ਦੇਵ ਜੀ) ਦੀ ਸੇਵਾ ਕਰਕੇ ਤੁਸੀ ਸੁਖ ਪਾਇਆ ਹੈ, ਹੇ ਗੁਰੂ ਅਮਰਦਾਸ ਜੀ! ਤੁਹਾਨੂੰ ਸੱਤਗੁਰੂ ਨੇ ਗੁਰਿਆਈ ਦੇ ਲਾਇਕ ਬਣਾ ਦਿਤਾ (ਫ. ਸ. ; ਸੰ .ਸ.)।੭।

ਪਦਾਰਥ = ਸਤਿ-ਸੱਤਵਾਦੀ।ਸੂਰਉ-ਸੂਰਮਾ।ਸੀਲਿ-ਸ਼ਾਂਤ ਸੁਭਾਵ ਵਾਲੇ।ਬਲਵੰਤੁ-ਬਲਵਾਨ।ਸਤ ਭਾਇ-ਨੇਕ ਭਾਵਨਾ ਵਾਲੇ। ਸੰਗਤਿ ਸਘਨ-ਘਣੀ ਸੰਗਤ ਵਾਲੇ।ਗਰੂਅ ਮਤਿ-ਵੱਡੀ ਸਮਝ ਵਾਲੇ; ਵੱਡੇ ਸਿਖਿਆ ਦਾਤੇ।ਨਿਰਵੈਰੁ-ਨਿਰਵੈਰ ਪ੍ਰਭੂ ਵਿਚ।ਲੀਣਾ-ਲੀਨ ਹਨ।ਧੀਰਜ ਧੁਰਿ-ਧੀਰਜ ਦੇ ਧੁਰਾ ਹੋ; ਧੁਰੋਂ ਹੀ ਧੀਰਜ।ਧਵਲੁ ਧੁਜਾ-ਚਿੱਟਾ ਨਿਸ਼ਾਨ ਸਾਹਿਬ।ਸੇਤਿ-ਪੁਲ; ਸੋਭਾ।ਬੀਣਾ-

ਦੇਖੀਦਾ ਹੈ; ਬਣਿਆ ਹੋਇਆ ਹੈ।ਪਰਸਹਿ-ਪਰਸਦੇ ਹਨ।ਜਿਹ-ਜਿਨ੍ਹਾਂ ਦਾ।ਕਰਤਾਰਹ-ਕਰਤਾਰ ਨਾਲ।ਸੰਜੋਗਿ-ਮਿਲਾਪ।ਸੇਵਿ-ਸੇਵ ਕੇ।ਅਮਰਿ ਗੁਰਿ-ਗੁਰੂ ਅਮਰ ਦਾਸ ਜੀ ਨੇ।ਕੀਤਉ-ਕੀਤਾ ਹੈ।ਜੋਗੁ-ਲਾਇਕ।੭।

ਨਾਮੁ ਨਾਵਣੁ, ਨਾਮੁ ਰਸ ਖਾਣੁ, ਅਰੁ ਭੋਜਨੁ ਨਾਮ ਰਸੁ, ਸਦਾ ਚਾਯ ਮੁਖਿ ਮਿਸ੍ਟ ਬਾਣੀ ॥ ਧਨਿ ਸਤਿਗੁਰੁ ਸੇਵਿਓ, ਜਿਸੁ ਪਸਾਇ ਗਤਿ ਅਗਮ ਜਾਣੀ ॥ ਨਾਮ ਜਪਣਾ ਹੀ (ਗੁਰੂ ਅਮਰਦਾਸ ਜੀ ਦਾ) ਇਸ਼ਨਾਨ ਹੈ, ਨਾਮ ਹੀ ਸੁਆਦਾਂ ਦਾ ਖਾਣ ਪਾਨ ਹੈ ਅਤੇ ਨਾਮ ਦਾ ਰਸ ਹੀ ਭੋਜਨ ਹੈ {ਨਾਮੁ ਹਮਾਰੈ ਭੋਜਨ ਭਾਉ।ਨਾਮੁ ਹਮਾਰੈ ਮਨ ਕਾ ਸੁਆਉ ੧੧੪੦} ਮੂਹੋਂ ਸਦਾ ਮਿੱਠੀ ਬਾਣੀ (ਪੜ੍ਹਨ ਦਾ ਗੁਰੂ ਜੀ ਨੂੰ) ਉਤਸ਼ਾਹ ਰਹਿੰਦਾ ਹੈ; ਮੂਹੋਂ ਸਦਾ ਮਿੱਠੇ ਬਚਨ ਬੋਲਣ ਦਾ ਚਾਉ ਹੈ।ਸੱਤਗੁਰੂ (ਅੰਗਦ ਦੇਵ ਜੀ) ਧੰਨ ਹਨ, (ਜਿਨ੍ਹਾਂ ਦੀ ਤੁਸੀਂ) ਸੇਵਾ ਕੀਤੀ ਹੈ, ਜਿਨ੍ਹਾਂ ਦੀ ਕ੍ਰਿਪਾ ਨਾਲ ਤੁਸੀਂ ਅਗਮ (ਹਰੀ) ਦੀ ਪ੍ਰਾਪਤੀ ਜਾਣੀ ਹੈ।

ਕੁਲ ਸੰਬੂਹ ਸਮੁਧਰੇ, ਪਾਯਉ ਨਾਮ ਨਿਵਾਸੁ ॥ ਸਕਯਥੁ ਜਨਮੁ ਕਲ੍ਯ੍ਚਰੈ, ਗੁਰੁ ਪਰਸ੍ਯ੍ਉ ਅਮਰ ਪ੍ਰਗਾਸੁ ॥੮॥ (ਗੁਰੂ ਅਮਰਦਾਸ ਜੀ ਨੇ ਅਪਣੇ ਹਿਰਦੇ ਵਿਚ) ਨਾਮ ਦਾ ਨਿਵਾਸ ਪ੍ਰਾਪਤ ਕੀਤਾ ਹੈ, (ਜਿਸ ਕਰਕੇ ਆਪ ਦੀਆਂ) ਸਾਰੀਆਂ ਕੁੱਲਾਂ (ਦੇ ਮਨੁੱਖ) ਚੰਗੀ ਤਰ੍ਹਾਂ ਤਰ ਗਏ ਹਨ।ਭੱਟ ਕਲ ਜੀ ਆਖਦੇ ਹਨ ਕਿ ਜਿਨ੍ਹਾਂ ਨੇ ਪ੍ਰਕਾਸ਼ ਰੂਪ ਗੁਰੂ ਅਮਰਦਾਸ ਜੀ ਨੂੰ ਪਰਸਿਆ ਹੈ, ਉਨ੍ਹਾਂ ਦਾ ਮਨੁੱਖਾ ਜਨਮ ਸਫਲ ਹੈ।੮।

ਪਦਾਰਥ = ਨਾਵਣੁ-(ਤੀਰਥ) ਇਸ਼ਨਾਨ।ਰਸੁ-ਸੁਆਦ।ਅਰੁ-ਅਤੇ।ਚਾਯ-(ਚਾਇ ਬੋਲੋ) ਉਤਸ਼ਾਹ; ਚਾਉ।ਮਿਸ੍ਟ-ਮਿੱਠੀ।ਪਸਾਇ -ਕ੍ਰਿਪਾ ਨਾਲ।ਗਤਿ-ਪ੍ਰਾਪਤੀ।ਅਗਮ-ਅਪਹੁੰਚ ਵਾਹਿਗੁਰੂ ਦੀ।ਕੁਲ ਸੰਬੂਹ-ਕੁਲ ਦੇ ਸਾਰੇ ਲੋਕ।ਸਮੁਧਰੇ-(ਸਮ+ ਉਧਰੇ-ਸਮੁੱਧਰੇ ਬੋਲੋ) ਚੰਗੀ ਤਰ੍ਹਾਂ ਤਰ ਗਏ।ਨਿਵਾਸੁ-ਟਿਕਾਣਾ।ਸਕਯਥੁ-(ਸਕਇਅਥ ਬੋਲੋ) ਸਫਲ।ਕਲ੍ਯ੍ਚਰੈ-(ਕੱਲ ਉਚਰੈ ਬੋਲੋ) ਭੱਟ ਕਲ੍ਹ ਉਚਾਰਦਾ ਹੈ।ਪਰਸ੍ਯ੍ਉ-(ਪਰਸਿਅਉ ਬੋਲੋ) ਪਰਸਿਆ ਹੈ।ਅਮਰ ਪ੍ਰਗਾਸੁ-ਪ੍ਰਕਾਸ਼ ਸਰੂਪ ਗੁਰੂ ਅਮਰਦਾਸ ਜੀ ਨੂੰ।੮।

ਅੰਗ ੧੩੯੪ = ਬਾਰਿਜੁ ਕਰਿ ਦਾਹਿਣੈ, ਸਿਧਿ ਸਨਮੁਖ ਮੁਖਿ ਜੋਵੈ ॥ ਰਿਧਿ ਬਸੈ ਬਾਂਵਾਂਗਿ, ਜੁ ਤੀਨਿ ਲੋਕਾਂਤਰ ਮੋਹੈ ॥ (ਗੁਰੂ ਅਮਰਦਾਸ ਜੀ ਦੇ) ਸੱਜੇ ਹੱਥ ਵਿਚ ਕਮਲ ਦਾ ਚਿੰਨ੍ਹ ਹੈ ਅਤੇ ੧੮ ਸਿੱਧੀਆਂ ਸਾਹਮਣੇ ਖੜ੍ਹੀਆਂ ਆਪ ਜੀ ਦੇ ਮੁੱਖ ਵੱਲ ਤੱਕ ਰਹੀਆਂ ਹਨ (ਆਪ ਜੀ ਦੇ ਹੁਕਮ ਵਿਚ ਹਨ; ਆਗਿਆ ਚਾਹੁੰਦੀਆਂ ਹਨ।ਆਪ ਜੀ ਦੇ) ਖੱਬੇ ਪਾਸੇ ਰਿਧੀਆਂ ਵਸਦੀਆਂ ਹਨ, ਜੋ ਤਿੰਨਾਂ ਲੋਕਾਂ (ਦੇ ਜੀਵਾਂ) ਨੂੰ ਮੋਹ ਲੈਂਦੀਆਂ ਹਨ।

ਰਿਦੈ ਬਸੈ ਅਕਹੀਉ, ਸੋਇ ਰਸ ਤਿਨ ਹੀ ਜਾਤਉ ॥ ਮੁਖਹੁ ਭਗਤਿ ਉਚਰੈ, ਅਮਰ ਗੁਰੁ ਇਤੁ ਰੰਗਿ ਰਾਤਉ ॥ ਅਕਹਿ (ਅਕੱਥ) ਹਰੀ ਆਪ ਜੀ ਦੇ ਹਿਰਦੇ ਵਿਚ ਵਸਦਾ ਹੈ, ਉਸ (ਹਰੀ ਦੇ ਨਾਮ) ਰਸ ਨੂੰ ਤਿਨ੍ਹਾਂ (ਗੁਰੂ ਅਮਰਦਾਸ ਜੀ) ਨੇ ਹੀ ਜਾਣਿਆ ਹੈ।ਮੁਖੋਂ ਭਗਤੀ (ਸਬੰਧੀ ਬਚਨ ਹੀ) ਉਚਾਰਦੇ ਹਨ, ਗੁਰੂ ਅਮਰਦਾਸ ਜੀ ਇਸ ਰੰਗ ਵਿਚ ਰੰਗੇ ਰਹਿੰਦੇ ਹਨ।

ਮਸਤਕਿ ਨੀਸਾਣੁ ਸਚਉ ਕਰਮੁ, ਕਲ੍ਯ੍ ਜੋੜਿ ਕਰ ਧ੍ਯ੍ਾਇਅਉ ॥ ਪਰਸਿਅਉ ਗੁਰੂ ਸਤਿਗੁਰ ਤਿਲਕੁ, ਸਰਬ ਇਛ ਤਿਨਿ ਪਾਇਅਉ ॥੯॥ (ਗੁਰੂ ਜੀ ਦੇ) ਮੱਥੇ ਤੇ (ਹਰੀ ਦੀ) ਸੱਚੀ ਮਿਹਰ ਰੂਪ ਚਿਨ੍ਹ ਹੈ, (ਗੁਰੂ ਜੀ ਨੂੰ) ਕਲ੍ਹ ਕਵੀ ਨੇ ਹੱਥ ਜੋੜ ਕੇ ਧਿਆਇਆ ਹੈ। (ਜਿਸ ਮਨੱਖ ਨੇ ਇਸ) ਪੂਜਨੀਕ ਸ੍ਰੋਮਣੀ ਸੱਤਗੁਰੂ ਨੂੰ ਪਰਸਿਆ ਹੈ, ਉਸ ਨੇ ਸਾਰੀਆਂ ਇੱਛਾਵਾਂ ਪ੍ਰਾਪਤ ਕਰ ਲਈਆਂ ਹਨ।੯।

ਪਦਾਰਥ = ਬਾਰਿਜੁ-ਪਦਮ; ਕਮਲ (ਫੁੱਲ ਜੋ ਪਾਣੀ ਚੋਂ ਜੰਮਿਆ ਹੈ)।ਕਰਿ ਦਾਹਿਣੈ-ਸੱਜੇ ਹੱਥ ਵਿਚ।ਸਿਧਿ-ਕਰਾਮਾਤੀ ਤਾਕਤਾਂ। ਸਨਮੁਖ-ਸਾਹਮਣੇ।ਮੁਖਿ ਜੋਵੈ-ਮੂੰਹ ਵੱਲ ਦੇਖ ਰਹੀਆਂ ਹਨ (ਆਗਿਆ ਚਾਹੁੰਦੀਆਂ ਹਨ)।ਰਿਧਿ-ਰਿਧੀਆਂ (ਮਾਇਕ ਤਾਕਤਾਂ)। ਬਾਂਵਾਂਗਿ-ਖੱਬੇ (ਅੰਗਾਂ ਵਿਚ) ਪਾਸੇ।ਜੁ-ਜੋ।ਤੀਨਿ ਲੋਕਾਂਤਰ-ਤਿੰਨਾਂ ਲੋਕਾਂ ਨੂੰ।ਮੋਹੈ-ਮੋਂਹਦੀਆਂ ਹਨ।ਰਿਦੈ-ਹਿਰਦੇ ਵਿਚ।ਬਸੈ-ਵਸਦਾ ਹੈ।ਅਕਹੀਉ-(ਅ-ਕਹੀਓ ਬੋਲੋ) ਅਕਹਿ (ਅਕੱਥ)।ਸੋਇ ਰਸ-ਉਸ (ਨਾਮ) ਰਸ ਨੂੰ।ਤਿਨ ਹੀ-ਉਨ੍ਹਾਂ (ਗੁਰੂ ਅਮਰਦਾਸ ਜੀ) ਨੇ ਹੀ।ਜਾਤਉ-ਜਾਣਿਆ ਹੈ।ਇਤੁ ਰੰਗਿ-ਇਸ ਰੰਗ ਵਿਚ।ਰਾਤਉ-ਰੰਗਿਆ ਹੋਇਆ ਹੈ।ਮਸਤਕਿ-ਮੱਥੇ ਤੇ।ਨੀਸਾਣੁ-ਚਿੰਨ੍ਹ; ਲੇਖ।ਸਚਉ ਕਰਮੁ-(ਵਾਹਿਗੁਰੂ ਦੀ) ਸੱਚੀ ਮੇਹਰ ਰੂਪ।ਜੋੜਿ ਕਰ-ਹੱਥ ਜੋੜ ਕੇ।ਧ੍ਯ੍ਾਇਅਉ-(ਧਿਆਇਅਉ ਬੋਲੋ) ਧਿਆਇਆ ਹੈ।ਪਰਸਿਅਉ-ਪਰਸਿਆ ਹੈ।ਗੁਰੂ ਸਤਿਗੁਰ-ਪੂਜਨੀਕ ਸੱਤਗੁਰੂ ਅਮਰ ਦਾਸ ਜੀ।ਤਿਲਕੁ-ਵੱਡੇ, ਸ੍ਰੋਮਣੀ।ਸਰਬ ਇਛ-ਸਾਰੀਆਂ ਇੱਛਾਂ।ਤਿਨਿ-ਉਸ ਨੇ।ਪਾਇਅਉ-ਪ੍ਰਾਪਤ ਕਰ ਲਈਆਂ ਹਨ।੯।

ਵਿਆਖਿਆ = ਗੁਰੂ ਜੀ ਦੇ ਚਰਨਾਂ ਵਿਚ ਰਿਧੀਆਂ ਸਿਧੀਆਂ ਹੱਥ ਜੋੜੀ ਗੁਰੂ ਜੀ ਦੇ ਹੁਕਮ ਦੀ ਉਡੀਕ ਵਿਚ ਖੜੀਆਂ ਹਨ।ਜਿਸ ਉਤੇ ਮਿਹਰ ਕਰ ਦੇਣ ਉਸ ਦੀਆਂ ਸਾਰੀਆਂ ਮਨੋ ਕਾਮਨਾਂ ਪੂਰੀਆਂ ਕਰ ਦੇਂਦੇ ਹਨ।ਗੁਰੂ ਜੀ ਦੇ ਸੱਜੇ ਹੱਥ ਵਿਚ ਕਮਲ ਤੋਂ ਭਾਵ ਮਾਯਾ ਤੋਂ ਨਿਰਲੇਪ ਹੋਣ ਤੋਂ ਵੀ ਹੋ ਸਕਦਾ ਹੈ।ਗੁਰੂ ਜੀ ਦਾ ਹੱਥ ਰਹਿੰਦਾ ਤਾਂ ਸੰਸਾਰ ਦੇ ਵਿਹਾਰਾਂ ਵਿਚ ਹੈ, ਪਰ ਕਮਲ ਫੁੱਲ ਦੀ ਤਰ੍ਹਾਂ ਅਸੰਗ ਰਹਿੰਦੇ ਹਨ।ਜਾਂ ਸੱਜੇ ਹੱਥ ਵਿਚ ਪਦਮ ਹੋਣਾ ਰੁਹਾਨੀ ਤਾਕਤਾਂ ਦੇ ਹੋਣ ਦਾ ਪ੍ਰਤੀਕ ਹੈ ਭਾਵ ਗੁਰੂ ਜੀ ਬਹੁਤ ਸ਼ਕਤੀਆਂ ਦੇ ਮਾਲਕ ਹਨ, ਪਰ ਵਰਤਦੇ ਨਹੀਂ, ਦਿਲ ਵਿਚ ਹਰੀ ਵਸਦਾ ਹੈ, ਉਸ ਦੇ ਰੰਗ ਵਿਚ ਰੱਤੇ ਰਹਿੰਦੇ ਹਨ।੯।

ਇਥੋਂ ਤਕ ੯ ਸਵੱਯੇ ਕਲ੍ਹ ਕਵੀ ਦੇ ਉਚਾਰੇ ਹੋਏ ਹਨ, ਅੱਗੇ ੪ ਸਵੱਯੇ ਜਾਲਪ ਭੱਟ ਦੇ ਸ਼ੁਰੂ ਹੁੰਦੇ ਹਨ, ਇਸ ਲਈ ਇਥੋਂ ਅੱਗੇ

ਸਵੱਯਾਂ ਦਾ ਅੰਕ ਬਦਲ ਗਿਆ ਹੈ।

ਚਰਣ ਤ ਪਰ ਸਕਯਥ, ਚਰਣ ਗੁਰ ਅਮਰ ਪਵਲਿ ਰਯ ॥ ਹਥ ਤ ਪਰ ਸਕਯਥ, ਹਥ ਲਗਹਿ ਗੁਰ ਅਮਰ ਪਯ ॥ ਚਰਣ ਤਾਂ (ਉਹ ਹੀ) ਚੰਗੀ ਤਰ੍ਹਾਂ ਸਫਲ ਹੁੰਦੇ ਹਨ, ਜਿਹੜੇ ਚਰਣ ਗੁਰੂ ਅਮਰਦਾਸ ਜੀ ਦੇ ਰਸਤੇ ਪੈਂਦੇ (ਚਲਦੇ) ਹਨ ਭਾਵ ਚੱਲ ਕੇ ਗੁਰੂ ਜੀ ਦੀ ਸ਼ਰਣ ਵਿਚ ਜਾਣ। ਹੱਥ ਤਦੇ ਹੀ ਚੰਗੀ ਤਰ੍ਹਾਂ ਸਫਲ ਹਨ, ਜੋ ਹੱਥ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਲਗਦੇ (ਪਰਸਦੇ) ਹਨ।

ਜੀਹ ਤ ਪਰ ਸਕਯਥ, ਜੀਹ ਗੁਰ ਅਮਰੁ ਭਣਿਜੈ ॥ ਨੈਣ ਤ ਪਰ ਸਕਯਥ, ਨਯਣਿ ਗੁਰੁ ਅਮਰੁ ਪਿਖਿਜੈ ॥ ਜੀਭ ਤਦ ਹੀ ਵਿਸ਼ੇਸ ਕਰ ਕੇ ਸਫਲ ਹੁੰਦੀ ਹੈ, ਜੋ ਜੀਭ ਗੁਰੂ ਅਮਰਦਾਸ ਜੀ ਦਾ ਜਸ ਉਚਾਰਦੀ ਹੈ। ਅੱਖਾਂ ਤਦ ਹੀ ਭਲੀ ਪ੍ਰਕਾਰ ਸਫਲ ਹੁੰਦੀਆਂ ਹਨ, (ਜਿਨ੍ਹਾਂ) ਅੱਖਾਂ ਨਾਲ ਗੁਰੂ ਅਮਰਦਾਸ ਜੀ ਨੂੰ ਦੇਖੀਦਾ (ਦਰਸ਼ਨ ਕਰੀਦਾ) ਹੈ।

ਸ੍ਰਵਣ ਤ ਪਰ ਸਕਯਥ, ਸ੍ਰਵਣਿ ਗੁਰੁ ਅਮਰੁ ਸੁਣਿਜੈ ॥ ਸਕਯਥੁ ਸੁ ਹੀਉ ਜਿਤੁ ਹੀਅ ਬਸੈ, ਗੁਰ ਅਮਰਦਾਸੁ ਨਿਜ ਜਗਤ ਪਿਤ ॥ ਕੰਨ ਤਦ ਹੀ ਚੰਗੀ ਤਰ੍ਹਾਂ ਸਫਲ ਹੁੰਦੇ ਹਨ, ਜਿਨ੍ਹਾਂ ਕੰਨਾਂ ਨਾਲ ਗੁਰੂ ਅਮਰ ਦਾਸ ਜੀ ਦਾ ਜਸ ਸੁਣੀਦਾ ਹੈ। ਉਹ ਹਿਰਦਾ ਸਫਲ ਹੈ, ਜਿਸ ਹਿਰਦੇ ਵਿਚ ਜਗਤ ਦੇ ਪਿਤਾ ਗੁਰੂ ਅਮਰਦਾਸ ਜੀ ਆਪ ਵਸਦੇ ਹਨ।

ਸਕਯਥੁ ਸੁ ਸਿਰੁ ਜਾਲਪੁ ਭਣੈ, ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥ ਭੱਟ ਜਾਲਪ ਜੀ ਕਹਿੰਦੇ ਹਨ ਕਿ ਉਹ ਹੀ ਸਿਰ ਸਫਲ ਹੈ, ਜੋ ਸਿਰ ਹਰ ਰੋਜ ਗੁਰੂ ਅਮਰ ਦਾਸ ਜੀ ਦੇ ਚਰਨਾਂ ਤੇ ਨਿਉਂਦਾ ਹੈ।੧।੧੦। ਸਫਲ ਮੂਰਤੁ ਸਫਲ ਓਹ ਘਰੀ। ਜਿਤੁ ਰਸਨਾ ਉਚਰੈ ਹਰਿ ਹਰੀ।੨। ਸਫਲੁ ਓਹੁ ਮਾਥਾ ਸੰਤ ਨਮਸਕਾਰਸਿ। ਚਰਣ ਪੁਨੀਤ ਚਲਹਿ ਹਰਿ ਮਾਰਗਿ।੩।(੧੯੧)। ਨੇਤ੍ਰ ਪੁਨੀਤ ਪੇਖਤ ਹੀ ਦਰਸ। ਧੰਨ ਮਸਤਕ ਚਰਨ ਕਮਲ ਹੀ ਪਰਸ (੨੦੧)। ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ। ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ (੭੦੯)। ਸਫਲ ਜਨਮ ਗੁਰਮੁਖਿ ਹ੍ਵੈ ਜਨਮ ਜੀਤਯੋ ਚਰਨ ਸਫਲ ਗੁਰ ਮਾਰਗ ਰਵਨ ਕੈ।(ਕ. ਪ੭ ਭਾ: ਗੁ:)।

ਪਦਾਰਥ = ਤ–ਤਦ ਹੀ। ਪਰ–ਚੰਗੀ ਤਰ੍ਹਾਂ। ਸਕਯਥ–(ਸਕਇਅਥ ਪੜ੍ਹੋ) ਸਕਾਰਥੇ; ਸਫਲ। ਪਵਲਿ–(ਪਵੱਲ ਬੋਲੋ) ਪੈਂਦੇ (ਚਲਦੇ) ਹਨ। ਰਯ–(ਰਇ–ਰੈ ਬੋਲੋ) ਰਸਤਾ। ਪਯ–(ਪਇ–ਪੈ ਬੋਲੋ) ਪੈਰ (ਚਰਣ)। ਜੀਹ–ਜੀਭ। ਭਣਿਜੈ–ਸਲਾਹੁੰਦੀ; ਜਸ ਕਰਦੀ ਹੈ। ਨਯਣਿ–(ਨੈਅਣ ਉਚਾਰੋ) ਅੱਖਾਂ ਨਾਲ। ਪਿਖਿਜੈ–ਦੇਖੀਦਾ (ਦਰਸ਼ਨ ਕਰੀਦਾ) ਹੈ। ਸ੍ਰਵਣਿ–ਕੰਨਾਂ ਨਾਲ। ਸੁਣਿਜੈ–ਸੁਣੀਦਾ ਹੈ। ਸੁ–ਉਹ। ਹੀਉ–ਹਿਰਦਾ। ਜਿਤੁ ਹੀਅ–(ਹੀਆ ਪੜ੍ਹਨਾ ਅਸ਼ੁੱਧ ਹੈ) ਜਿਸ ਹਿਰਦੇ ਵਿਚ। ਨਿਜ–ਆਪ ਖੁਦ। ਜਗਤ ਪਿਤ–ਜਗਤ ਦੇ ਪਿਤਾ। ਜਾਲਪੁ ਭਣੈ–ਭੱਟ ਜਾਲਪ ਕਹਿੰਦਾ ਹੈ। ਜੁ–ਜੋ। ਨਿਵੈ–ਨਿੰਵਦਾ (ਝੁਕਦਾ) ਹੈ। ਨਿਤ–ਰੋਜ; ਸਦਾ।੧।੧੦।

ਤਿਨਰ ਦੁਖ ਨਹ ਭੁਖ, ਤਿਨਰ ਨਿਧਨ ਨਹੁ ਕਹੀਅਹਿ ॥ ਤਿਨਰ ਸੋਕੁ ਨਹੁ ਹੁਐ, ਤਿਨਰ ਸੇ ਅੰਤੁ ਨ ਲਹੀਅਹਿ ॥ ਤਿਨ੍ਹਾਂ (ਉਨ੍ਹਾਂ) ਮਨੱਖਾਂ ਨੂੰ ਨਾ ਕੋਈ ਦੁੱਖ ਹੁੰਦਾ ਹੈ, ਨਾ ਹੀ ਭੁੱਖ ਅਤੇ ਉਹ ਮਨੁੱਖ ਨਿਰਧਨ ਵੀ ਨਹੀ ਕਹੇ ਜਾ ਸਕਦੇ। ਉਨ੍ਹਾਂ ਮਨੁੱਖਾਂ ਨੂੰ ਸੋਗ ਵੀ ਨਹੀ ਹੁੰਦਾ, ਉਹ ਮਨੁੱਖ ਅਜੇਹੇ ਹਨ (ਕਿ ਕਿਸੇ ਕੋਲੋਂ ਉਨ੍ਹਾਂ ਦਾ) ਅੰਤ ਨਹੀ ਪਾਇਆ ਜਾ ਸਕਦਾ (ਭਾਵ ਉਹ ਇਤਨੇ ਮਹਾਨ, ਧੀਰਜਵਾਨ ਅਤੇ ਗੰਭੀਰ ਹੋ ਜਾਂਦੇ ਹਨ, ਕੋਈ ਬੀ ਉਨ੍ਹਾਂ ਦੀ ਬਰਾਬਰੀ ਨਹੀ ਕਰ ਸਕਦਾ)।

ਤਿਨਰ ਸੇਵ ਨਹੁ ਕਰਹਿ, ਤਿਨਰ ਸਯ ਸਹਸ ਸਮਪਹਿ ॥ ਉਹ ਮਨੁੱਖ (ਨੀਵੇਂ ਹੋ ਕੇ) ਕਿਸੇ ਦੀ ਸੇਵਾ (ਗੁਲਾਮੀ) ਨਹੀ ਕਰਦੇ ਭਾਵ ਵਾਹਿਗੁਰੂ ਤੋਂ ਬਿਨਾ ਕਿਸੇ ਹੋਰ ਦੇਵੀ ਦੇਵਤੇ ਆਦਿ ਦੀ ਸੇਵਾ ਨਹੀ ਕਰਦੇ, (ਸੱਗੋਂ) ਉਹ ਮਨੁੱਖ ਤਾਂ (ਲੋੜਵੰਦਾਂ ਨੂੰ) ਸੈਂਕੜੇ ਤੇ ਹਜਾਰਾਂ (ਪਦਾਰਥ) ਸੌਂਪਦੇ ਹਨ; ਸੈਂਕੜਿਆਂ ਨੂੰ ਹਜਾਰਾਂ ਹੀ ਪਦਾਰਥ ਬਖਸ਼ਦੇ ਹਨ (ਟਕਸਾਲ; ਫ.ਸ.)।

ਤਿਨਰ ਦੁਲੀਚੇ ਬਹਹਿ, ਤਿਨਰ ਉਥਪਿ ਬਿਥਪਹਿ ॥ ਉਹ ਮਨੁੱਖ ਆਪ ਗਲੀਚਿਆਂ ਤੇ ਬੈਠਦੇ (ਸੁੱਖ ਮਾਣਦੇ) ਹਨ, ਉਹ ਮਨੁੱਖ (ਇਤਨੇ ਸਮਰੱਥ ਹੋ ਜਾਂਦੇ ਹਨ ਕਿ) ਕਿਸੇ ਨੂੰ ਉਚੀ ਪਦਵੀ ਤੋਂ ਉਤਾਰ ਕੇ (ਕਿਸੇ ਹੋਰ ਨੂੰ) ਉਚੀ ਪਦਵੀ ਤੇ ਬਿਠਾ ਸਕਦੇ ਹਨ (ਸ਼ਬਦਾਰਥ; ਨਿਰਣੈ); ਉਹ ਮਨੁੱਖ ਔਗੁਣਾਂ ਨੂੰ ਅਪਣੇ ਹਿਰਦੇ ਵਿਚੋਂ ਪੁੱਟ ਕੇ ਸ਼ੁੱਭ ਗੁਣਾਂ ਨੂੰ ਟਿਕਾਉਂਦੇ ਹਨ (ਦਰਪਣ; ਭਾ: ਵੀਰ ਸਿੰਘ; ਸੰ.ਸ.); ਉਜੜਿਆਂ ਨੂੰ ਵਸਾ ਦੇਂਦੇ ਹਨ ਜਾਂ ਜੋ ਉਖੜੇ ਹੋਏ ਬੰਦਿਆਂ ਨੂੰ ਉਹ ਅਸਥਾਪਨ ਕਰ ਦੇਂਦੇ ਹਨ (ਟਕਸਾਲ)।

ਸੁਖ ਲਹਹਿ ਤਿਨਰ ਸੰਸਾਰ ਮਹਿ, ਅਭੈ ਪਟੁ ਰਿਪ ਮਧਿ ਤਿਹ ॥ ਉਹ ਮਨੱਖ ਸੰਸਾਰ ਵਿਚ ਸੁੱਖ ਲੈਂਦੇ (ਭੋਗਦੇ) ਹਨ ਅਤੇ ਉਹ (ਕਾਮਾਦਿਕ ਜਾਂ ਸੰਸਾਰਕ) ਵੈਰੀਆਂ ਵਿਚ ਨਿਰਭੈਤਾ ਦਾ ਬਸਤ੍ਰ ਪਾਈ ਰਖਦੇ ਹਨ ਭਾਵ ਵੈਰੀਆਂ ਤੋਂ ਨਿਰਭੈ ਰਹਿੰਦੇ ਹਨ।

ਸਕਯਥ ਤਿਨਰ ਜਾਲਪੁ ਭਣੈ, ਗੁਰ ਅਮਰ ਦਾਸੁ ਸੁਪ੍ਰਸੰਨੁ ਜਿਹ ॥੨॥੧੧॥ ਭੱਟ ਜਾਲਪ ਜੀ ਆਖਦੇ ਹਨ ਕਿ ਉਹ ਮਨੁੱਖ ਸਫਲ ਹਨ ਜਿਨ੍ਹਾਂ ਉਪਰ ਗੁਰੂ ਅਮਰਦਾਸ ਜੀ ਚੰਗੀ ਤਰ੍ਹਾਂ ਖੁਸ਼ ਹੋਏ ਹਨ।੨।੧੧।

ਪਦਾਰਥ = ਤਿਨਰ–ਤਿਨ+ਨਰ–ਤਿਨ੍ਹਾਂ ਮਨੁੱਖਾਂ ਨੂੰ (ਤਿਨਰ ਪਾਠ ਕੱਠਾ ਹੈ, ਤੇ ਨਰ ਪਾਠ ਅਸ਼ੁੱਧ ਹੈ) ਭਾ: ਵੀਰ ਸਿੰਘ, ਸੰ. ਸ. ਟਕਸਾਲ, ਫ.ਸ. ਅਤੇ ਨਿਰਣੈ ਨੇ ਤਿਨਰ ਪਾਠ ਕੱਠਾ ਕੀਤਾ ਹੈ। ਨਿਧਨ–ਗਰੀਬ। ਸੋਕੁ–ਸੋਗ। ਨਹੁ ਹੁਐ–ਨਹੀ ਹੁੰਦਾ। ਸੇ–ਅਜੇਹੇ ਹਨ; ਪਾਸੋਂ; ਤੋਂ। ਸਯ–(ਸੈ ਬੋਲੋ) ਸੈਂਕੜੇ। ਸਹਸ–ਹਜਾਰਾਂ। ਸਮਪਹਿ–(ਸਮੱਪਹਿ ਬੋਲੋ) ਸੌਂਪਦੇ ਹਨ। ਦੁਲੀਚੈ–ਗੱਦੀ ਗਲੀਚਾ; ਤਖਤ (ਦਾ ਅਨੰਦ ਮਾਣਦੇ ਹਨ)। ਉਥਪਿ–(ਉਥੱਪ ਬੋਲੋ) ਉਖਾੜ ਕੇ; ਪੁੱਟ ਕੇ। ਬਿਥਪਹਿ (ਬਿਥੱਪਹਿ ਉਚਾਰੋ)–ਚੰਗੀ ਤਰ੍ਹਾਂ ਥਾਪ (ਬਿਠਾ;

ਟਿਕਾ) ਦੇਂਦੇ ਹਨ।ਅਭੈ ਪਟੁ-ਨਿਰਭੈਤਾ ਦਾ ਬਸਤ੍ਰ।ਰਿਪ-ਵੈਰੀ।ਮਧਿ-ਵਿਚ।ਤਿਹ-ਉਹ।ਭਣੈ-ਆਖਦੇ ਹਨ।ਸੁਪ੍ਰਸੰਨੁ-ਚੰਗੀ ਤਰ੍ਹਾਂ ਖੁਸ਼ ਹਨ।ਜਿਹ-ਜਿਨ੍ਹਾਂ ਤੇ।੨।੧੧।

ਤੈ ਪਢਿਅਉ ਇਕੁ, ਮਨਿ ਧਰਿਅਉ ਇਕੁ, ਕਰਿ ਇਕੁ ਪਛਾਣਿਓ ॥ (ਹੇ ਗੁਰੂ ਅਮਰਦਾਸ ਜੀ!) ਆਪ ਜੀ ਨੇ ਇਕ ਵਾਹਿਗੁਰੂ ਨੂੰ ਹੀ ਪੜ੍ਹਿਆ (ਇਕ ਨਾਮ ਦੀ ਹੀ ਪੜ੍ਹਾਈ ਕੀਤੀ) ਹੈ, ਮਨ ਵਿਚ ਵੀ ਇਕ ਨੂੰ ਹੀ ਟਿਕਾਇਆ ਹੈ ਅਤੇ ਸਾਰਿਆਂ ਵਿਚ ਇਕ ਵਾਹਿਗੁਰੂ ਨੂੰ ਹੀ ਪਛਾਣਿਆ ਹੈ; ਇਕ ਨੂੰ ਇਕ ਕਰਕੇ ਪਛਾਣਿਆ ਹੈ (ਉਸ ਵਰਗਾ ਹੋਰ ਕਿਸੇ ਨੂੰ ਨਹੀ ਜਾਣਿਆ)।

ਨਯਣਿ ਬਯਣਿ ਮੁਹਿ ਇਕੁ ਇਕੁ, ਦੁਹੁ ਠਾਂਇ ਨ ਜਾਣਿਓ ॥ ਆਪ ਜੀ ਨੇਤ੍ਰਾਂ ਦੁਆਰਾ (ਸਭ ਵਿਚ) ਇਕ ਵਾਹਿਗੁਰੂ ਨੂੰ ਹੀ ਦੇਖਦੇ ਹੋ, ਬਚਨਾਂ ਰਾਹੀਂ ਵੀ ਇਕ ਦਾ ਹੀ ਕਥਨ ਕਰਦੇ ਹੋ, ਮੂੰਹ ਵਿਚ ਵੀ ਇਕ ਦਾ ਹੀ ਜਾਪ ਹੈ ਜਾਂ ਆਪ ਜੀ ਦੀਆਂ ਨਜਰਾਂ ਵਿਚ, ਬਚਨਾਂ ਵਿਚ, ਮੂੰਹ ਵਿਚ ਇਕੋ ਇਕ ਵਾਹਿਗੁਰੂ ਹੈ ਅਤੇ ਦਿਲ ਰੂਪ ਥਾਂ ਵਿਚ ਦੂਜੇ ਨੂੰ ਜਾਣਿਆ ਹੀ ਨਹੀ ਜਾਂ ਦੋਹਾਂ ਜਗ੍ਹਾ (ਲੋਕ ਪ੍ਰਲੋਕ ਜਾਂ ਜੀਵ ਤੇ ਈਸ਼ਵਰ) ਵਿਚ ਇਕ ਤੋਂ ਬਿਨਾ ਕਿਸੇ ਹੋਰ ਨੂੰ ਨਹੀ ਜਾਣਿਆ (ਪ੍ਰਭੂ ਤੋਂ ਬਿਨਾ ਦੂਜਾ ਥਾਂ ਜਾਣਿਆ ਹੀ ਨਹੀ)।

ਸੁਪਨਿ ਇਕੁ ਪਰਤਖਿ ਇਕੁ, ਇਕਸ ਮਹਿ ਲੀਣਉ ॥ ਸੁਪਨੇ ਵਿਚ ਵੀ ਇਕ ਵਾਹਿਗੁਰੂ ਨੂੰ ਹੀ ਦੇਖਦੇ ਹੋ ਅਤੇ ਜਾਗਦਿਆਂ ਵੀ ਇਕ ਨੂੰ ਹੀ ਦੇਖਦੇ ਹੋ ਅਤੇ ਇਕ ਵਿਚ ਹੀ ਆਪ ਜੀ ਲੀਨ ਰਹਿੰਦੇ ਹੋ; ਸੁਪਨ ਅਵਸਥਾ ਵਿਚ ਜਾਗ੍ਰਤ ਅਵਸਥਾ ਵਿਚ ਇਕ ਵਾਹਿਗੁਰੂ ਨੂੰ ਹੀ ਸਿਮਰਦੇ ਹੋ ਅਤੇ ਸੁਖੋਪਤ ਵਿਚ ਵੀ ਇਕ ਨਾਲ ਜੁੜੇ ਰਹਿੰਦੇ ਹੋ (ਸੰ. ਸ.; ਫ. ਸ.)।

ਤੀਸ ਇਕੁ ਅਰੁ ਪੰਜਿ ਸਿਧੁ ,ਪੈਤੀਸ ਨ ਖੀਣਉ ॥ ਤੀਹ ਦਿਨਾਂ (ਭਾਵ ਹਮੇਸ਼ਾਂ) ਅਤੇ ਪੰਜਾ ਤੱਤਾਂ (ਅਕਾਸ਼ ਹਵਾ ਅੱਗ ਮਿੱਟੀ ਜਲ) ਵਾਲੇ ਜਗਤ ਵਿਚ ਇਕ ਵਾਹਿਗੁਰੂ ਨੂੰ ਹੀ ਸਿਧ ਕੀਤਾ ਹੈ; ਫਾਰਸੀ ਦੇ ਤੀਹ ਅੱਖਰਾਂ (ਜਾਂ ਤੀਹ ਰੋਜ਼ਿਆਂ) ਪੰਜ ਨਿਵਾਜਾਂ ਇਨ੍ਹਾਂ ਪੈਂਤੀਆਂ ਵਿਚ ਇਕ ਨਾਸ਼ ਰਹਿਤ ਵਾਹਿਗੁਰੂ ਨੂੰ ਪ੍ਰਗਟ ਜਾਣਿਆ ਹੈ (ਭਾ: ਵੀਰ ਸਿੰਘ) ਅਤੇ ਕਮਜੋਰ ਨਹੀ ਹੋਏ ਭਾਵ ਇਕ ਨੂੰ ਜਾਨਣ ਕਰਕੇ '**ਗੁਰਮੁਖ ਬੁਢੇ ਕਦੇ ਨਾਹੀ**' ਵਾਲੀ ਅਵਸਥਾ ਬਣ ਗਈ {ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ੨੪}; ਗੁਰਮੁਖੀ ਦੇ ਪੈਂਤੀ ਅਖਰਾਂ (ਵਾਲੀ ਸਾਰੀ ਗੁਰਬਾਣੀ) ਰਾਹੀਂ ਇਕ ਨੂੰ ਹੀ ਜਾਣਿਆ ਹੈ ਜੋ ਨਾਸ਼ਵੰਤ ਨਹੀ ਹੈ;ਪੈਂਤੀ ਅੱਖਰਾਂ ਵਿਚ ਵੀ ਆਪ ਜੀ ਨੇ ਪ੍ਰਭੂ ਨੂੰ ਘੱਟ ਨਹੀ ਜਾਣਿਆ।

ਇਕਹੁ ਜਿ ਲਾਖੁ, ਲਖਹੁ ਅਲਖੁ ਹੈ, ਇਕੁ ਇਕੁ ਕਰਿ ਵਰਨਿਅਉ ॥ ਇਕ ਵਾਹਿਗੁਰੂ ਤੋਂ ਜੋ ਲੱਖ (ਅਨੇਕ) ਰੂਪ ਹੋ ਰਿਹਾ ਹੈ, ਉਹ ਲੱਖਾਂ ਤੋਂ ਅਲੱਖ ਹੈ (ਜਾਣਿਆ ਨਹੀ ਜਾਂਦਾ) ਜਾਂ ਇਕ ਤੋਂ ਅਨੇਕ ਰੂਪ ਫਿਰ ਅਨੇਕ ਰੂਪਾਂ ਤੋਂ ਅਲਖ (ਨਾ ਜਾਣਿਆ ਜਾਣ ਵਾਲਾ ਇਕ) ਰੂਪ ਭਾਵ ਨਿਰਗੁਣ ਤੋਂ ਸਰਗੁਣ ਅਤੇ ਸਰਗੁਣ ਤੋਂ ਨਿਰਗੁਣ ਹੋ ਜਾਂਦਾ ਹੈ, ਆਪ ਜੀ ਨੇ ਇਕ ਪ੍ਰਭੂ ਨੂੰ ਇਕ (ਅਦੁਤੀ) ਕਰਕੇ ਹੀ ਵਰਨਣ ਕੀਤਾ ਹੈ।ਏਕ ਰੂਪ ਅਨੇਕ ਦਰਸ਼ਨ, ਕੀਨ ਰੂਪ ਅਨੇਕ।(ਜਾਪ ਸਾਹਿਬ) ਭਾਵ ਅਨੇਕ ਰੂਪ ਹੁੰਦਾ ਹੋਇਆ ਵੀ ਸਭ ਵਿਚ ਇਕ ਰੂਪ ਦੀ ਹੋਂਦ ਦਾ ਆਪ ਜੀ ਨੇ ਵਰਨਣ ਕੀਤਾ ਹੈ।

ਗੁਰ ਅਮਰਦਾਸ ਜਾਲਪੁ ਭਣੈ, ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥ ਜਾਲਪ ਜੀ ਆਖਦੇ ਹਨ ਕਿ ਹੇ ਗੁਰੂ ਅਮਰਦਾਸ ਜੀ! ਤੁਸੀਂ ਇਕ ਹਰੀ ਨੂੰ ਚਾਹੁੰਦੇ ਹੋ ਅਤੇ ਇਕ ਨੂੰ ਹੀ ਮੰਨਦੇ (ਪੂਜਦੇ) ਹੋ।੩।੧੨।

ਪਦਾਰਥ = ਤੈ-ਤੈਂ।ਪਢਿਅਉ-ਪੜ੍ਹਿਆ ਹੈ।ਇਕੁ-ਇਕ ਪ੍ਰਭੂ ਨੂੰ।ਧਰਿਅਉ-ਟਿਕਾਇਆ; ਧਾਰਨ ਕੀਤਾ।ਨਯਣਿ-ਨੇਤ੍ਰਾਂ ਦੁਆਰਾ; ਅੱਖਾਂ ਵਿਚ।ਬਯਣਿ-ਬਚਨਾਂ ਦੁਆਰਾ।ਮੁਹਿ-ਮੂੰਹ ਵਿਚ।ਦੁਹੁ-ਦੂਜੇ ਨੂੰ।ਠਾਇ-ਥਾਂ।ਸੁਪਨਿ-ਸੁਫਨੇ ਵਿਚ।ਪਰਤਖਿ-ਜਾਗਦਿਆਂ। ਇਕਸੁ ਮਹਿ-ਇਕ ਪ੍ਰਭੂ ਵਿਚ।ਲੀਣਉ-ਲੀਨ ਰਹਿੰਦੇ ਹੋ।ਤੀਸ-ਤੀਹ ਦਿਨ; ਤੀਹ ਰੋਜ਼ੇ; ਫਾਰਸੀ ਦੇ ਅੱਖਰ ਤੀਹ।ਅਰੁ-ਅਤੇ। ਪੰਜਿ-ਪੰਜ ਤੱਤਾਂ ਦੇ ਬਣੇ ਸੰਸਾਰ ਵਿਚ; ਪੰਜ ਨਿਮਾਜਾਂ ਵਿਚ।ਸਿਧੁ-ਸਾਬਤ ਕੀਤਾ ਹੈ।ਪੈਤੀਸ-ਤੀਹ ਰੋਜ਼ੇ ਅਤੇ ਪੰਜ ਨਿਮਾਜਾਂ ਦੇ ਜੋੜ ਪੈਂਤੀਆਂ ਵਿਚ; ਗੁਰਮੁਖੀ ਦੇ ੩੫ ਅੱਖਰਾਂ ਵਿਚ ਲਿਖੀ ਗੁਰਬਾਣੀ ਰਾਹੀਂ।ਨ ਖੀਣਉ-ਨਾਸ਼ ਹੋਣ ਵਾਲਾ ਨਹੀ (ਅਬਿਨਾਸੀ); ਥੱਕੇ ਨਹੀ; ਘੱਟ ਨਹੀ ਜਾਣਿਆ; ਬੁੱਢੇ (ਕਮਜੋਰ) ਨਹੀ ਹੋਏ।ਇਕਹੁ-ਇਕ ਪ੍ਰਭੂ ਤੋਂ।ਜਿ-ਜਿਹੜਾ।ਲਾਖ-ਲੱਖ (ਅਨੇਕ ਰੂਪ)। ਲਖਹੁ-(ਲੱਖਹੁ ਉਚਾਰੋ) ਲੱਖਾਂ (ਜੀਵਾਂ) ਤੋਂ।ਅਲਖ-ਜੋ ਲਖਿਆ ਨਾ ਜਾ ਸਕੇ; ਬੇਅੰਤ; ਨਿਰਗੁਣ।ਵਰਨਿਅਉ-ਵਰਨਣ ਕੀਤਾ ਹੈ। ਜਾਲਪੁ ਭਣੈ-ਭੱਟ ਜਾਲਪ ਆਖਦਾ ਹੈ।ਲੋੜਹਿ-ਚਾਹੁੰਦੇ ਹੋ।ਮੰਨਿਅਉ-ਮੰਨਦੇ (ਪੂਜਦੇ) ਹੋ।੩।੧੨।

ਵਿਆਖਿਆ = ਗੁਰੂ ਅਮਰਦਾਸ ਜੀ ਨੇ ਇਕ ਅਕਾਲ ਪੁਰਖ ਦੀ ਪੜ੍ਹਾਈ ਕੀਤੀ ਹੈ {ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ੮੪; ਹਰਿ ਪੜਣਾ ਹਰਿ ਬੁਝਣਾ, ਹਰਿ ਸਿਉ ਰਖਹੁ ਪਿਆਰੁ ੬੫੭; ਨਾਨਕ ਪੜਣਾ ਗੁਨਣਾ ਇਕ ਨਾਉ ਹੈ, ਬੂਝੈ ਕੋ ਬੀਚਾਰੀ ੧੨੪੬} ਫਿਰ ਨਿਰਾਪੁਣਾ ਪੜ੍ਹਿਆ ਹੀ ਨਹੀ, ਮਨ ਵਿਚ ਵੀ ਇਕ ਹਰੀ ਨੂੰ ਟਿਕਾਇਆ ਹੈ।ਨਜਰਾਂ ਵਿਚ ਬੋਲਾਂ ਵਿਚ ਇਕ ਹਰੀ ਵਸਦਾ ਹੈ।ਜਾਗਦੇ ਸੌਂਦੇ ਗੂੜ੍ਹੀ ਨੀਂਦ ਵਿਚ ਵੀ ਇਕ ਦਾ ਅਜਪਾ ਜਾਪ ਨਿਰੰਤਰ ਜਾਰੀ ਰਹਿੰਦਾ ਹੈ।ਗੁਰੂ ਅਮਰਦਾਸ ਜੀ ਦਾ ਜਨਮ ਸੰਨ ੧੪੭੯ ਈ: ਦਾ ਹੈ।੩੦+ ੧+ ੫+੩੫ = ੭੧ ਬਣ ਗਏ।ਸੋ ਆਪ ਜੀ ੧੫੫੦ ਈ: ਵਿਚ ੭੧ ਸਾਲਾਂ ਦੇ ਹੋਏ ਅਤੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦਿਆਂ ਗੁਰੂ ਦਾ ਰੂਪ ਬਣ ਗਏ।ਸਿਮਰਨ ਤੇ ਸੇਵਾ ਦੇ ਬਲ ਕਰਕੇ ਬੁਢੇਪੇ ਵਿਚ ਵੀ ਥੱਕਦੇ ਨਹੀ

(ਜਵਾਨਾਂ ਤੋਂ ਵੱਧ ਟਹਲ ਕਰਦੇ ਹਨ, ਜਿਸ ਦੇ ਫਲ ਸਰੂਪ ਆਪ ਜੀ ਨੂੰ ਗੁਰਿਆਈ ਗੱਦੀ ਮਿਲੀ)।੧੨।

ਜਿ ਮਤਿ ਗਹੀ ਜੈਦੇਵਿ, ਜਿ ਮਤਿ ਨਾਮੈ ਸੰਮਾਣੀ ॥ ਜਿ ਮਤਿ ਤ੍ਰਿਲੋਚਨ ਚਿਤਿ, ਭਗਤ ਕੰਬੀਰਹਿ ਜਾਣੀ ॥ ਜਿਹੜੀ ਬੁੱਧੀ ਭਗਤ ਜੈ ਦੇਵ ਜੀ ਨੇ ਗ੍ਰਹਿਣ ਕੀਤੀ {ਜੈ ਦੇਵ ਤਿਆਗਿਓ ਅਹੰਮੇਵ ੧੧੯੨}, ਜੋ ਬੁੱਧੀ ਨਾਮਦੇਵ ਜੀ ਦੇ ਅੰਦਰ ਸਮਾਈ (ਟਿਕੀ) ਹੋਈ ਸੀ। ਸਫਲ ਜਨਮੁ ਮੋਕਉ ਗੁਰ ਕੀਨਾ।(੮੫੭); ਨਾਮਦੇਇ ਸਿਮਰਨੁ ਕਰਿ ਜਾਨਾ।ਜਗਜੀਵਨ ਸਿਉ ਜੀਉ ਸਮਾਨਾਂ।(੮੫੮)।ਜਿਹੜੀ ਬੁੱਧੀ ਭਗਤ ਤ੍ਰਿਲੋਚਨ ਜੀ ਦੇ ਚਿੱਤ ਵਿਚ ਸੀ, ਜਿਹੜੀ ਮੱਤ ਕਬੀਰ ਜੀ ਨੇ ਜਾਣ (ਸਮਝ) ਲਈ ਸੀ।

ਰੁਕਮਾਂਗਦ ਕਰਤੂਤਿ, ਰਾਮੁ ਜੰਪਹੁ ਨਿਤ ਭਾਈ ॥ ਅੰਮਰੀਕਿ ਪ੍ਰਹਲਾਦਿ, ਸਰਣਿ ਗੋਬਿੰਦ ਗਤਿ ਪਾਈ ॥ ਰਾਜਾ ਰੁਕਮਾਂਗਦ ਦਾ ਨਿਤ ਦਾ ਕਰਮ ਸੀ (ਆਪ ਵੀ ਨਾਮ ਜਪਦਾ ਸੀ ਤੇ ਹੋਰਾਂ ਨੂੰ ਵੀ ਆਖਦਾ ਸੀ ਕਿ) ਹੇ ਭਾਈ! ਤੁਸੀਂ ਵੀ ਹਰ ਰੋਜ ਹਰੀ ਦਾ ਨਾਮ ਜਪੋ (ਜਾਂ ਰੁਕਮਾਂਗਦ ਦੇ ਨਾਮ ਜਪਣ ਵਾਲੇ ਕਰਮ ਅਨੁਸਾਰ ਹੇ ਭਾਈ! ਤੁਸੀਂ ਵੀ ਨਾਮ ਜਪੋ।ਜਿਸ ਮੱਤ ਅਨੁਸਾਰ) ਰਾਜਾ ਅਮਰੀਕ ਅਤੇ ਭਗਤ ਪ੍ਰਹਿਲਾਦ ਨੇ ਗੋਬਿੰਦ ਦੀ ਸ਼ਰਣ ਵਿਚ ਪੈ ਕੇ ਮੁਕਤੀ ਪ੍ਰਾਪਤ ਕੀਤੀ।

ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ, ਸੁਮਤਿ ਜਲ੍ਹ ਜਾਣੀ ਜੁਗਤਿ ॥ ਗੁਰੁ ਅਮਰ ਦਾਸੁ ਨਿਜ ਭਗਤੁ ਹੈ, ਦੇਖਿ ਦਰਸੁ ਪਾਵਉ ਮੁਕਤਿ ॥੪॥੧੩॥ ਜੱਲ੍ਹ ਭੱਟ ਜੀ ਆਖਦੇ ਹਨ, ਹੇ ਗੁਰੂ ਅਮਰਦਾਸ ਜੀ! ਆਪ ਜੀ ਨੇ ਲੋਭ ਕ੍ਰੋਧ ਅਤੇ ਤ੍ਰਿਸ਼ਨਾ ਆਦਿਕ ਵਿਕਾਰਾਂ ਨੂੰ ਤਿਆਗ ਦਿਤਾ ਹੈ, (ਉਪਰ ਦੱਸੇ ਭਗਤਾਂ ਤੋਂ ਵੀ) ਸ੍ਰੇਸਟ ਮੱਤ ਦੀ ਜੁਗਤੀ (ਆਪ ਜੀ ਨੇ) ਜਾਣੀ ਹੈ।ਸ੍ਰੀ ਗੁਰੂ ਅਮਰਦਾਸ ਜੀ ਵਾਹਿਗੁਰੂ ਦੇ ਅਪਣੇ ਭਗਤ ਹਨ (ਹਰੀ ਆਪ ਹੀ ਭਗਤ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਇਆ ਹੈ, ਇਸ ਕਰਕੇ ਹੇ ਭੱਟ ਭਰਾਵੋ! ਗੁਰੂ ਜੀ ਦਾ) ਦਰਸ਼ਨ ਕਰਕੇ ਮੁਕਤੀ ਪ੍ਰਾਪਤ ਕਰ ਲਵੋ।੪।੧੩।

ਪਦਾਰਥ = ਜਿ–ਜਿਹੜੀ।ਮਤਿ–ਬੁੱਧੀ; ਸਿਖਿਆ।ਗਹੀ–ਗ੍ਰਹਿਣ (ਅੰਗੀਕਾਰ) ਕੀਤੀ।ਜੈ ਦੇਵ–ਭਗਤ ਜੈ ਦੇਵ ਜੀ ਨੇ।ਚਿਤਿ–ਚਿਤ ਵਿਚ।ਸੰਮਾਣੀ–ਟਿਕੀ ਹੋਈ ਸੀ।ਨਾਮੈ–ਭਗਤ ਨਾਮ ਦੇਵ ਜੀ ਨੇ।ਕੰਬੀਰਹਿ–ਭਗਤ ਕਬੀਰ ਜੀ ਨੇ।ਕਰਤੂਤਿ–ਕਰਮ; ਕਰਣੀ।ਰਾਮ –ਪ੍ਰਭੂ ਦਾ।ਜੰਪਹੁ–ਜਪੋ।ਨਿਤ–ਸਦਾ; ਹਰ ਰੋਜ।ਭਾਈ–ਹੇ ਭੱਟ ਭਰਾਵੋ!।ਅੰਮਰੀਕ–ਇਕ ਰਾਜਾ।ਗਤਿ–ਉਚੀ ਆਤਮ ਅਵਸਥਾ; ਮੁਕਤੀ।ਤੈ–ਤੈਂ।ਤਜੀ–ਛਡ ਦਿਤੀ।ਸੁਮਤਿ–ਸ੍ਰੇਸ਼ਟ ਮੱਤ।ਜਲ੍ਹ–ਭੱਟ ਕਵੀ ਦਾ ਨਾਮ (ਅਧੁਨਿਕ ਵਿਦਵਾਨਾਂ ਅਨੁਸਾਰ ਜਾਲਪ ਦਾ ਸੰਖੇਪ ਨਾਮ)।ਜੁਗਤਿ–ਤਰੀਕਾ; ਢੰਗ।ਨਿਜ ਭਗਤੁ–ਹਰੀ ਦਾ ਅਪਣਾ ਭਗਤ; ਹਰੀ ਦੇ ਅਪਣੇ ਰੂਪ ਵਿਚ ਭਗਤ ਗੁਰੂ ਅਮਰਦਾਸ ਜੀ।ਪਾਵਉ–ਪ੍ਰਾਪਤ ਕਰ ਲਵੋਂ; ਮੈਂ ਪ੍ਰਾਪਤ ਕਰ ਲਵਾਂਗਾ।੪।੧੩।

ਵਿਆਖਿਆ = ਵਿਵਹਾਰਕ ਬੁਧੀ ਕਈ ਤਰ੍ਹਾਂ ਦੀ ਹੁੰਦੀ ਹੈ ਪਰ ਅਸਲ ਬੁਧੀ ਉਹ ਹੈ ਜਿਸ ਰਾਹੀ ਨਾਮ ਸਿਮਰਿਆ ਜਾਵੇ।ਇਹ ਗੁਰੂ ਦੀ ਸੰਗਤ ਵਿਚੋਂ ਮਿਲਦੀ ਹੈ।ਜਿਵੇਂ ਇਸ ਸਵੱਯੇ ਵਿਚ ਲਿਖੇ ਭਗਤਾਂ ਨੇ ਨਾਮ ਜਪਣ ਵਾਲੀ ਮੱਤ ਪ੍ਰਾਪਤ ਕੀਤੀ, ਪਰ ਗੁਰੂ ਜੀ ਨੇ ਉਨ੍ਹਾਂ ਭਗਤਾਂ ਨਾਲੋਂ ਵੀ ਉਤਮ ਮੱਤ ਨੂੰ ਅਨੁਭਵ ਕੀਤਾ।ਹਰੀ ਆਪ ਹੀ ਭਗਤ ਰੂਪ ਧਾਰ ਕੇ ਗੁਰੂ ਜੀ ਦੇ ਰੂਪ ਵਿਚ ਪ੍ਰਗਟੇ ਹਨ।

ਰੁਕਮਾਂਗਦ = ਧਰਮੀ ਰਾਜਾ ਸੀ, ਇਸ ਦੇ ਸੁੰਦਰ ਬਾਗ ਵਿਚੋਂ ਇੰਦ੍ਰ ਦੀ ਇਕ ਪਰੀ ਰਾਤ ਨੂੰ ਚੋਰੀ ਫੁੱਲ ਤੋੜ ਕੇ ਲੈ ਜਾਂਦੀ ਸੀ।ਇਕ ਦਿਨ ਪਕੜੀ ਗਈ।ਪਰੀ ਦੇ ਸੁੰਦਰ ਰੂਪ ਤੇ ਸਾਰੇ ਮੋਹਿਤ ਹੋ ਗਏ, ਪਰ ਭਜਨ ਦੇ ਪ੍ਰਤਾਪ ਕਰਕੇ ਰੁਕਮਾਂਗਦ ਦਾ ਮਨ ਨਹੀ ਡੋਲਿਆ।ਰਾਜਾ ਆਪ ਵੀ ਹਰੀ ਨੂੰ ਸਿਮਰਦਾ ਸੀ ਤੇ ਅਪਣੇ ਰਾਜ ਦੇ ਲੋਕਾਂ ਤੋਂ ਵੀ ਸਿਮਰਨ ਕਰਾਉਂਦਾ ਸੀ।

ਅੰਬਰੀਕ ਰਾਜੇ ਦਾ ਵਰਤ ਤੋੜਨ ਦਾ ਸਮਾਂ ਸੀ, ਰਿਖੀ ਦੁਰਬਾਸਾ ਆ ਗਿਆ।ਰਾਜੇ ਨੇ ਕਿਹਾ ਕਿ ਸਾਡੇ ਨਾਲ ਭੋਜਨ ਕਰੋ।ਦੁਰਬਾਸਾ ਜੀ ਨੇ ਕਿਹਾ ਕਿ ਮੈ ਸ਼ਨਾਨ ਕਰ ਆਵਾਂ।ਰਿਖੀ ਨੇ ਜਾਣ ਬੁਝ ਕੇ ਜਿਆਦਾ ਦੇਰ ਕਰ ਦਿਤੀ।ਰਾਜੇ ਨੇ ਉਡੀਕ ਕੇ ਪ੍ਰੋਹਤ ਦੇ ਕਹੇ ਤੇ ਭੋਜਨ ਖਾ ਲਿਆ, ਆਏ ਤੇ ਜਦ ਰਿਖੀ ਨੂੰ ਰਾਜੇ ਦੇ ਵਰਤ ਤੋੜਨ ਦਾ ਪਤਾ ਲੱਗਾ ਤਾਂ ਰਿਖੀ ਨੇ ਅਪਣੀ ਇਕ ਜਟਾ ਪੁੱਟ ਕੇ ਉਸ ਵਿਚੋਂ ਇਕ ਤੇਜ ਪੁੰਜ ਪੁਰਸ਼ ਪੈਦਾ ਕੀਤਾ ਜੋ ਰਿਖੀ ਦੇ ਕਹੇ ਤੇ ਅਮਰੀਕ ਨੂੰ ਮਾਰਨ ਪਿਆ।ਵਿਸ਼ਨੂੰ ਨੇ ਅਪਣੇ ਅਪਣੇ ਭਗਤ ਰਾਜੇ ਦੀ ਰਖਿਆ ਲਈ ਸੁਦਰਸ਼ਨ ਚਕ੍ਰ ਛਡ ਕੇ ਤੇਜ ਪੁੰਜ ਪੁਰਸ਼ ਨੂੰ ਮਾਰ ਦਿਤਾ।ਜਦ ਚੱਕਰ ਦੁਰਬਾਸੇ ਦੇ ਪਿਛੇ ਦੁੜਾਇਆ ਤਾਂ ਮਾਫੀ ਮੰਗ ਕੇ ਰਿਖੀ ਨੇ ਜਾਨ ਬਚਾਈ (ਮ. ਕੋ .ਵਿਚੋਂ)।੪।੧੩।

ਗੁਰੁ ਅਮਰਦਾਸੁ ਪਰਸੀਐ, ਪੁਹਮਿ ਪਾਤਿਕ ਬਿਨਾਸਹਿ ॥ ਗੁਰੁ ਅਮਰਦਾਸੁ ਪਰਸੀਐ, ਸਿਧ ਸਾਧਿਕ ਆਸਾਸਹਿ ॥ ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਪਰਸਣੇ ਕਰਕੇ ਧਰਤੀ ਦੇ (ਜੀਵਾਂ ਦੇ) ਸਾਰੇ ਪਾਪ ਨਾਸ਼ ਹੋ ਜਾਂਦੇ ਹਨ।ਗੁਰੂ ਅਮਰਦਾਸ ਜੀ (ਦੇ ਚਰਨਾਂ) ਨੂੰ ਪਰਸੀਏ, ਚੁਰਾਸੀ ਸਿਧ ਅਤੇ ਸਾਧਨਾ ਕਰਨ ਵਾਲੇ ਵੀ (ਗੁਰੂ ਅਮਰਦਾਸ ਜੀ ਦੇ ਚਰਨਾਂ ਨੂੰ ਪਰਸਨਾਂ) ਚਾਹੁੰਦੇ ਹਨ (ਜਾਂ ਆਗਿਆ ਵਿਚ ਰਹਿੰਦੇ ਹਨ)।

ਗੁਰੂ ਅਮਰਦਾਸੁ ਪਰਸੀਐ, ਧਿਆਨੁ ਲਹੀਐ ਪਉ ਮੁਕਿਹਿ ॥ ਗੁਰੁ ਅਮਰਦਾਸੁ ਪਰਸੀਐ, ਅਭਉ ਲਭੈ ਗਉ ਚੁਕਿਹਿ ॥ ਗੁਰੂ ਅਮਰਦਾਸ ਜੀ ਨੂੰ ਪਰਸਣ ਨਾਲ ਵਾਹਿਗੁਰੂ ਦਾ ਧਿਆਨ ਪ੍ਰਾਪਤ ਹੋ ਜਾਂਦਾ ਹੈ ਅਤੇ ਜਨਮ ਮਰਨ ਦਾ ਰਸਤਾ (ਪੰਧ) ਮੁੱਕ ਜਾਂਦਾ ਹੈ ਜਾਂ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ (ਮ. ਕੋ.)।ਗੁਰੂ ਅਮਰਦਾਸ ਜੀ (ਦੇ ਚਰਨਾਂ) ਨੂੰ ਪਰਸੀਏ, (ਜਿਨ੍ਹਾਂ ਚਰਨਾਂ ਨੂੰ ਪਰਸਣ ਨਾਲ)

ਨਿਰਭਉ ਵਾਹਿਗੁਰੂ ਲੱਭ ਪੈਂਦਾ ਹੈ ਅਤੇ ਆਵਾਗੌਣ ਦੇ ਚੱਕਰ ਮੁੱਕ ਜਾਂਦੇ ਹਨ।

ਅੰਗ ੧੩੯੫ = ਇਕੁ ਬਿੰਨਿ ਦੁਗਣ ਜੁ ਤਉ ਰਹੈ, ਜਾ ਸੁਮੰਤ੍ਰਿ ਮਾਨਵਹਿ ਲਹਿ ॥ ਇਕ ਹਰੀ ਤੋਂ ਬਿਨਾ ਜੋ ਦ੍ਵੈਤ ਹੈ, ਤਦ ਹੀ ਮਿਟਦੀ ਹੈ, ਜਦੋਂ ਮਨੁੱਖ (ਸੱਤਗੁਰੂ ਦਾ) ਸ੍ਰੇਸਟ ਮੰਤ੍ਰ ਲੈਂਦਾ ਹੈ (ਭਾ: ਵੀਰ ਸਿੰਘ; ਸੰ. ਸ.; ਫ. ਸ.; ਟਕਸਾਲ; ਦਰਪਣ); ਇਕ ਹਰੀ ਨੂੰ ਜਾਣ ਕੇ ਦੁਐਤ ਭਾਵ ਜੋ ਹੈ, ਉਹ ਤਦ ਦੂਰ ਹੁੰਦਾ ਹੈ, ਜਦ ਮਨੁੱਖ ਗੁਰੂ ਦੇ ਉਤਮ ਉਪਦੇਸ਼ ਨਾਲ ਹਿਲ (ਗਿੱਝ) ਜਾਂਦੇ ਹਨ {ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ੨੪੯}, ਪਿਆਰ ਕਰਦੇ ਹਨ (ਨਿਰਣੈ ਤੇ ਸ਼ਬਦਾਰਥ) ਨੇ 'ਮਾਨਵ ਹਿਲਹਿ' ਅਨੁਸਾਰ ਅਰਥ ਕੀਤੇ ਹਨ, ਪਰ ਦੋਹਾਂ ਨੇ ਪੋਥੀਆਂ ਵਿਚ ਪਾਠ 'ਮਾਨਵਹਿ ਲਹਿ' ਪਦ ਛੇਦ ਕੀਤਾ ਹੈ)।

ਜਾਲਪਾ ਪਦਾਰਥ ਇਤੜੇ, ਗੁਰ ਅਮਰਦਾਸਿ ਡਿਠੈ ਮਿਲਹਿ ॥੫॥੧੪॥ ਜਾਲਪ ਜੀ ਆਖਦੇ ਹਨ ਕਿ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਨਾਲ (ਉਪਰ ਦੱਸੇ) ਇਤਨੇ (ਸਾਰੇ) ਪਦਾਰਥ ਮਿਲ ਜਾਂਦੇ ਹਨ।੫।੧੪।

ਪਦਾਰਥ = ਪਰਸੀਐ-ਪਰਸਨ ਨਾਲ; ਮਿਲਣ ਕਰਕੇ; ਚਰਨੀਂ ਲਗਣ ਕਰਕੇ।ਪੁਹਮਿ-ਧਰਤੀ ਦੇ।ਪਾਤਿਕ-ਪਾਪ।ਬਿਨਾਸਹਿ-ਨਾਸ਼ ਹੋ ਜਾਂਦੇ ਹਨ।ਸਿਧ-ਕਰਾਮਾਤੀ ਸਾਧੂ।ਸਾਧਿਕ-ਸਾਧਨਾ ਕਰਨ ਵਾਲੇ ਅਭਿਆਸੀ ਸਾਧੂ।ਆਸਾਸਹਿ-ਚਾਹੁੰਦੇ ਹਨ; ਸੰਸੇ ਰਹਿਤ; ਪ੍ਰਸੰਨ; ਆਗਿਆ ਵਿਚ ਰਹਿੰਦੇ ਹਨ; ਜਮਾਂ ਦੀ ਤਾੜਨਾ ਤੋਂ ਰਹਿਤ।ਲਹੀਐ-ਲਗ ਜਾਂਦਾ ਹੈ; ਪ੍ਰਾਪਤ ਹੋ ਜਾਂਦਾ ਹੈ।ਪਉ-ਰਸਤਾ; ਪਾ ਲੈਂਦਾ ਹੈ; ਸਫਰ।ਮੁਕਿਹਿ-ਮੁੱਕ ਜਾਂਦਾ ਹੈ; ਮੁਕਤੀ।ਅਭਉ-ਨਿਰਭਉ ਹਰੀ।ਲਭੈ-ਲੱਭ ਜਾਂਦਾ ਹੈ।ਗਉ-ਭਟਕਣਾ; ਆਵਾਗੌਣ; ਮੌਤ ;ਜਾਣਾ।ਚੁਕਿਹਿ-ਮਿਟ ਜਾਂਦਾ ਹੈ।ਇਕੁ ਬਿੰਨਿ-ਇਕ ਹਰੀ ਤੋਂ ਬਿਨਾ; (ਹਰੀ ਨੂੰ) ਸਮਝ ਕੇ।ਦੁਗਣ-ਦਵੈਤ (ਦੂਜਾ ਪਣ)।ਜੁ-ਜੋ ਹੈ ।ਤਉ ਰਹੈ-ਤਦ ਦੂਰ ਹੁੰਦੀ ਹੈ।ਜਾ-ਜਦੋਂ।ਸੁਮੰਤ੍ਰਿ-ਸ੍ਰੇਸਟ ਮੰਤ੍ਰ; ਗੁਰ ਉਪਦੇਸ਼।ਮਾਨਵਹਿ-ਮਨੁੱਖ।ਲਹਿ-ਲੈਂਦਾ (ਧਾਰਦਾ) ਹੈ। ਮਾਨਵ ਹਿਲਹਿ-ਮਨੁੱਖ ਗਿੱਝ (ਹਿਲ) ਜਾਂਦੇ ਹਨ।ਇਤੜੇ-ਇਤਨੇ; ਐਨੇ; ਬਹੁਤ ਸਾਰੇ।ਡਿਠੈ-ਦੇਖਣ ਨਾਲ।੫।੧੪।

ਵਿਆਖਿਆ = ਪਾਪਾਂ ਨਾਲ ਗ੍ਰਸੀ ਹੋਈ ਧਰਤੀ ਤੇ ਜਦ ਗੁਰੂ ਜੀ ਵਿਚਰਦੇ ਹਨ ਤਾਂ ਧਰਤੀ ਦੇ ਪਾਪ ਨਾਸ਼ ਹੋ ਜਾਂਦੇ ਹਨ ਅਤੇ ਧਰਤੀ ਪਾਵਨ ਹੋ ਜਾਂਦੀ ਹੈ। ਗੁਰੂ ਜੀ ਦੇ ਦਰਸ਼ਨਾਂ ਦਾ ਲਾਭ ਭੱਟ ਜੀ ਨੇ ਬਿਆਨ ਕੀਤਾ ਹੈ।੧੪।

ਜਾਲਪ ਜੀ ਤੋਂ ਅੱਗੇ ਕੀਰਤ ਭੱਟ ਦੇ ੪ ਸਵੱਈਏ ਸ਼ੁਰੂ ਹੁੰਦੇ ਹਨ, ਇਸ ਲਈ ਇਥੋਂ ਅੰਕ ਬਦਲ ਜਾਂਦਾ ਹੈ।

ਸਚੁ ਨਾਮੁ ਕਰਤਾਰੁ, ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥ ਤਾ ਤੇ ਅੰਗਦੁ ਲਹਣਾ ਪ੍ਰਗਟਿ, ਤਾਸੁ ਚਰਣਹ ਲਿਵ ਰਹਿਅਉ ॥ ਗੁਰੂ ਨਾਨਕ ਦੇਵ ਜੀ ਨੇ ਕਰਤਾਰ ਦਾ ਸੱਚਾ (ਸਦਾ ਥਿਰ ਰਹਿਣ ਵਾਲਾ) ਨਾਮ ਦ੍ਰਿੜਤਾ ਨਾਲ ਚੰਗੀ ਤਰ੍ਹਾਂ ਗ੍ਰਹਿਣ ਕੀਤਾ।ਉਨ੍ਹਾਂ (ਗੁਰੂ ਨਾਨਕ ਦੇਵ ਜੀ) ਤੋਂ ਬਾਬਾ ਲਹਿਣਾ ਜੀ ਗੁਰੂ ਅੰਗਦ ਦੇਵ ਹੋ ਕੇ ਪ੍ਰਗਟ ਹੋਏ, ਉਸ (ਗੁਰੂ ਨਾਨਕ ਦੇਵ ਜੀ) ਦੇ ਚਰਨਾਂ ਵਿਚ (ਗੁਰੂ ਅੰਗਦ ਦੇਵ ਜੀ) ਬ੍ਰਿਤੀ ਜੋੜੀ ਰਖਦੇ ਰਹੇ।

ਤਿਤੁ ਕੁਲਿ ਗੁਰ ਅਮਰਦਾਸੁ, ਆਸਾ ਨਿਵਾਸੁ, ਤਾਸੁ ਗੁਣ ਕਵਣ ਵਖਾਣਉ ॥ ਜੋ ਗੁਣ ਅਲਖ ਅਗੰਮ, ਤਿਨਹ ਗੁਣ ਅੰਤੁ ਨ ਜਾਣਉ ॥ ਉਸੇ (ਗੁਰੂ ਨਾਨਕ ਦੇਵ ਦੀ ਚਲਾਈ ਗੁਰ ਗੱਦੀ ਰੂਪ) ਕੁੱਲ ਵਿਚ ਗੁਰੂ ਅਮਰ ਦਾਸ ਜੀ (ਸਭ ਦੀਆਂ) ਆਸਾਂ ਪੂਰਨ ਕਰਨ ਵਾਲੇ ਘਰ (ਟਿਕਾਣਾ) ਹਨ, ਉਨ੍ਹਾਂ ਦੇ ਮੈਂ ਕਿਹੜੇ ਕਿਹੜੇ ਗੁਣ ਬਿਆਨ ਕਰਾਂ (ਬੇਅੰਤ ਗੁਣਾਂ ਦੇ ਮਾਲਕ ਹਨ)।ਜੋ ਗੁਣ ਬੁਧੀ ਦੇ ਜਾਨਣ ਤੋਂ ਪਰੇ ਅਤੇ ਮਨ ਦੀ ਪਹੁੰਚ ਤੋਂ ਦੂਰ ਹਨ, ਉਨ੍ਹਾਂ ਗੁਣਾਂ ਦਾ ਮੈਂ ਅੰਤ ਨਹੀ ਜਾਣ ਸਕਦਾ; ਜੋ ਗੁਣ ਅਲੱਖ ਅਤੇ ਅਗੰਮ ਵਾਹਿਗੁਰੂ ਦੇ ਹਨ, (ਓਹੀ ਗੁਣ ਗੁਰੂ ਅਮਰ ਦਾਸ ਜੀ ਵਿਚ ਹਨ) ਕੋਈ ਵੀ ਉਨ੍ਹਾਂ ਗੁਣਾਂ ਦਾ ਅੰਤ ਨਹੀ ਜਾਣਦਾ (ਸੰ. ਸ.; ਫ. ਸ.)।

ਬੋਹਿਥਉ ਬਿਧਾਤੈ ਨਿਰਮਯੌ, ਸਭ ਸੰਗਤਿ ਕੁਲ ਉਧਰਣ ॥ ਗੁਰ ਅਮਰਦਾਸ ਕੀਰਤੁ ਕਹੈ, ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥੧॥੧੫॥ ਕਰਤਾਰ ਨੇ ਸਾਰੀ ਸੰਗਤ ਅਤੇ ਕੁਲਾਂ ਨੂੰ (ਸੰਸਾਰ ਸਾਗਰ ਤੋਂ) ਤਾਰਨ ਲਈ (ਗੁਰੂ ਅਮਰਦਾਸ ਜੀ ਨੂੰ) ਜਹਾਜ ਰੂਪ ਪੈਦਾ ਕੀਤਾ ਹੈ। ਭੱਟ ਕੀਰਤ ਜੀ ਆਖਦੇ ਹਨ ਕਿ ਹੇ ਗੁਰੂ ਅਮਰਦਾਸ ਜੀ! ਮੈਨੂੰ ਬਚਾ ਲਓ, ਮੇਰੀ ਰਖਿਆ ਕਰੋ, ਮੈ ਤੁਹਾਡੇ ਚਰਨਾਂ ਦੀ ਸ਼ਰਣ ਪਿਆ ਹਾਂ।੧।੧੫।

ਪਦਾਰਥ = ਸੁ ਦ੍ਰਿੜੁ-ਦ੍ਰਿੜਤਾ (ਸਹਿਤ) ਨਾਲ।ਨਾਨਕਿ-(ਗੁਰੂ) ਨਾਨਕ ਨੇ।ਸੰਗ੍ਰਹਿਅਉ-ਚੰਗੀ ਤਰ੍ਹਾਂ ਗ੍ਰਹਿਣ ਕੀਤਾ।ਤਾ ਤੇ-ਉਨ੍ਹਾਂ (ਗੁਰੂ ਨਾਨਕ ਦੇਵ ਜੀ) ਤੋਂ ।ਤਾਸੁ ਚਰਣਹ-ਉਸ ਦੇ ਚਰਨਾਂ ਵਿਚ।ਤਿਤੁ ਕੁਲਿ-ਉਸ (ਗੁਰੂ ਨਾਨਕ ਦੀ ਨਾਦੀ) ਕੁਲ ਵਿਚ।ਆਸਾ ਨਿਵਾਸੁ-ਆਸਾਂ ਪੂਰੀਆਂ ਕਰਨ ਵਾਲਾ ਨਿਵਾਸ (ਘਰ) ਹੈ।ਕਵਨ-ਕਿਹੜੇ।ਵਖਾਣਉ-ਬਿਆਨ ਕਰਾਂ।ਅਲਖ ਅਗੰਮ-ਨਾ ਜਾਣੇ ਜਾਣ ਵਾਲੇ ਅਤੇ ਪਹੁੰਚ ਤੋਂ ਪਰੇ ਪ੍ਰਭੂ ਦੇ।ਤਿਨਹ-ਉਨ੍ਹਾਂ।ਬੋਹਿਥਉ-ਜਹਾਜ।ਬਿਧਾਤੈ-ਵਾਹਿਗੁਰੂ ਨੇ।ਨਿਰਮਯੋ-(ਨਿਰਮਇਅਉ ਬੋਲੋ) ਨਿਰਮਾਣ ਕੀਤਾ; ਬਣਾਇਆ।ਕੁਲ-ਸਾਰੀ (ਅਰਬੀ ਵਿਚ ਕੁਲ ਦਾ ਅਰਥ ਤਮਾਮ; ਪੂਰਾ) ;ਵੰਸ਼।ਉਧਰਣ-(ਉਧੱਰਣ ਨਹੀ ਪੜ੍ਹਨਾ) ਤਾਰਨ ਲਈ।ਕੀਰਤੁ-ਭੱਟ ਦਾ ਨਾਮ।ਤ੍ਰਾਹਿ ਤ੍ਰਾਹਿ-ਬਚਾ ਲਵੋ; ਰੱਖਿਆ ਕਰੋ।ਤੁਅ-ਤੇਰੇ।ਪਾ-(ਪੈਰ) ਚਰਨਾਂ ਦੀ।੧।੧੫।

ਵਿਆਖਿਆ = ਗੁਰੂ ਨਾਨਕ ਦੇਵ ਜੀ ਨੇ ਦ੍ਰਿੜਤਾ ਨਾਲ ਵਾਹਿਗੁਰੂ ਦਾ ਨਾਮ ਗ੍ਰਹਿਣ ਕੀਤਾ।ਉਨ੍ਹਾਂ ਤੋਂ ਗੁਰੂ ਅੰਗਦ ਦੇਵ ਫਿਰ ਉਸੇ ਨਾਦੀ ਕੁੱਲ ਵਿਚ ਗੁਰੂ ਅਮਰ ਦਾਸ ਜੀ ਸਭ ਦੀਆਂ ਆਸਾਂ ਪੂਰੀਆਂ ਕਰਨ ਵਾਲੇ ਪ੍ਰਗਟੇ ਹਨ।ਹਰੀ ਦੇ ਗੁਣ ਗੁਰੂ ਜੀ ਵਿਚ ਹਨ ਜੋ

ਗੁਣ ਮਨ ਬੁੱਧੀ ਦੀ ਪਕੜ ਅਤੇ ਪਹੁੰਚ ਤੋਂ ਦੂਰ ਹਨ। ਉਨ੍ਹਾਂ ਗੁਣਾਂ ਦਾ ਅੰਤ ਨਹੀ ਪਾਇਆ ਜਾ ਸਕਦਾ। ਅਪਣੀ ਕੁੱਲ,ਸੰਗਤ ਅਤੇ ਸੰਗਤਾਂ ਦੀਆਂ ਕੁੱਲਾਂ ਨੂੰ ਸੰਸਾਰ ਸਾਗਰ ਤੋਂ ਪਾਰ ਕਰਨ ਲਈ ਗੁਰੂ ਅਮਰਦਾਸ ਜੀ ਨੂੰ ਜਹਾਜ ਰੂਪ ਵਿਚ ਪ੍ਰਭੂ ਨੇ ਪ੍ਰਗਟ ਕੀਤਾ ਹੈ।

ਆਪਿ ਨਾਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ ॥ ਨਿਰੰਕਾਰਿ ਆਕਾਰੁ, ਜੋਤਿ ਜਗ ਮੰਡਲਿ ਕਰਿਯਉ ॥ ਕਰਤਾਰ ਆਪ ਹੀ ਸ਼ਕਤੀਆਂ ਧਾਰ ਕੇ (ਗੁਰੂ ਅਮਰਦਾਸ ਜੀ ਦੇ ਰੂਪ) ਜਗਤ ਵਿਚ ਪ੍ਰਵਿਰਤ (ਪ੍ਰਗਟ) ਹੋਇਆ ਹੈ। ਨਿਰੰਕਾਰ ਨੇ (ਗੁਰੂ ਅਮਰਦਾਸ ਦਾ) ਅਕਾਰ ਧਾਰ ਕੇ ਜਗਤ ਮੰਡਲ ਵਿਚ ਅਪਣੀ ਜੋਤ ਰਾਹੀਂ ਪ੍ਰਕਾਸ਼ ਕੀਤਾ ਹੈ।

ਜਹ ਕਹ ਤਹ ਭਰਪੂਰੁ, ਸਬਦੁ ਦੀਪਕਿ ਦੀਪਾਯਉ ॥ (ਗੁਰੂ ਅਮਰ ਦਾਸ ਜੀ ਨੇ) ਸ਼ਬਦ ਰੂਪ ਦੀਪਕ ਪ੍ਰਕਾਸ਼ਿਆ (ਜਿਸ ਦੀ ਸਹਾਇਤਾ ਨਾਲ) ਜਿਥੇ ਕਿਥੇ ਉਥੇ ਸਭ ਜਗ੍ਹਾ (ਜਾਂ ਤਿੰਨਾਂ ਲੋਕਾਂ ਵਿਚ) ਵਿਆਪਕ ਹਰੀ ਨੂੰ ਹਾਜਰ ਨਾਜਰ ਦਿਖਾ ਦਿਤਾ; ਹਰੀ ਨੇ ਹਰ ਥਾਂ ਵਿਆਪਕ ਸ਼ਬਦ (ਨਾਮ) ਨੂੰ (ਗੁਰੂ ਅਮਰਦਾਸ ਰੂਪ) ਦੀਵੇ ਰਾਹੀ ਪ੍ਰਗਟਾਇਆ ਹੈ (ਦਰਪਣ; ਸ਼ਬਦਾਰਥ)।

ਜਿਹ ਸਿਖਹ ਸੰਗ੍ਰਹਿਓ, ਤਤੁ ਹਰਿ ਚਰਣ ਮਿਲਾਯਉ ॥ ਨਾਨਕ ਕੁਲਿ ਨਿੰਮਲੁ ਅਵਤਰ੍ਹਿਉ, ਅੰਗਦ ਲਹਣੇ ਸੰਗਿ ਹੁਅ ॥ ਜਿਨ੍ਹਾਂ ਸਿੱਖਾਂ ਨੇ ਇਸ ਸ਼ਬਦ (ਨਾਮ) ਨੂੰ ਚੰਗੀ ਤਰ੍ਹਾਂ ਗ੍ਰਹਿਣ ਕੀਤਾ, ਓਨ੍ਹਾਂ (ਸਿੱਖਾਂ) ਨੂੰ ਤੁਰੰਤ ਹੀ (ਗੁਰੂ ਅਮਰਦਾਸ ਜੀ ਨੇ) ਹਰੀ ਦੇ ਚਰਣਾਂ ਨਾਲ ਮਿਲਾ ਦਿਤਾ। ਬਾਬਾ ਲਹਿਣਾ ਜੋ ਗੁਰੂ ਅੰਗਦ ਦੇਵ (ਦੇ ਨਾਮ ਨਾਲ ਜਾਣੇ ਗਏ) ਨਾਲ ਮਿਲ ਕੇ ਗੁਰੂ ਅਮਰਦਾਸ ਜੀ ਦਾ ਅਵਤਾਰ ਗੁਰੂ ਨਾਨਕ ਦੇਵ ਜੀ ਦੀ ਨਿਰਮਲ (ਪਵਿਤ੍ਰ) ਵੰਸ਼ ਵਿਚ ਹੋਇਆ ਹੈ।

ਗੁਰ ਅਮਰਦਾਸ ਤਾਰਣ ਤਰਣ, ਜਨਮ ਜਨਮ ਪਾ ਸਰਣਿ ਤੁਅ ॥੨॥੧੬॥ ਹੇ ਗੁਰੂ ਅਮਰਦਾਸ ਜੀ! (ਤੁਸੀਂ ਸੰਸਾਰ ਸਾਗਰ ਤੋਂ) ਤਾਰਨ ਲਈ ਜਹਾਜ ਰੂਪ ਹੋ, (ਕੀਰਤ ਭੱਟ ਜੀ ਕਹਿੰਦੇ ਹਨ ਕਿ) ਮੈਂ ਜਨਮ ਜਨਮ ਤੋਂ ਤੇਰੇ ਚਰਣਾਂ ਦੀ ਸ਼ਰਣ ਵਿਚ ਹਾਂ; ਹਰੇਕ ਜਨਮ ਵਿਚ ਤੇਰੇ ਚਰਣਾਂ ਦੀ ਸ਼ਰਣ ਪਿਆ ਰਹਾਂ।੨।੧੬ ।

ਪਦਾਰਥ = ਕਲਾ ਧਾਰਿ–ਸੱਤਾ (ਸ਼ਕਤੀ) ਧਾਰ ਕੇ। ਪਰਵਰਿਯਉ–(ਪਰਵਰਿਅਉ ਪੜ੍ਹੋ) ਪ੍ਰਵਿਰਤ (ਰੂਪਾਂਤਰ) ਹੋਇਆ; ਦੂਜੀ ਸ਼ਕਲ ਵਿਚ ਹੋਇਆ। ਜਗ ਮਹਿ–ਜਗਤ ਵਿਚ। ਨਿਰੰਕਾਰਿ–ਨਿਰੰਕਾਰ ਨੇ। ਆਕਾਰੁ–ਆਕਾਰ ਧਾਰ ਕੇ। ਜੋਤਿ–ਨਿਰੰਕਾਰੀ ਜੋਤ ਦਾ ਚਾਨਣ। ਜਗ ਮੰਡਲਿ–ਜਗਤ ਮੰਡਲ ਵਿਚ। ਕਰਿਯਉ–(ਕਰਿਅਉ ਬੋਲੋ) ਕੀਤਾ। ਜਹ ਕਹ ਤਹ–ਜਿਥੇ ਕਿਥੇ ਉਥੇ ਭਾਵ ਹਰ ਜਗ੍ਹਾ; ਤਿੰਨਾਂ ਲੋਕਾਂ ਵਿਚ। ਭਰਪੂਰੁ–ਵਿਆਪਕ; ਹਾਜਰ ਨਾਜਰ। ਦੀਪਕਿ ਦੀਪਾਯਉ–(ਦੀਪਾਇਅਉ ਉਚਾਰੋ) ਦੀਵੇ ਰਾਹੀਂ ਪ੍ਰਕਾਸ਼ਿਆ। ਜਿਹ ਸਿਖਹ –ਜਿਨ੍ਹਾਂ ਸਿੱਖਾਂ ਨੇ। ਸੰਗ੍ਰਹਿਓ–ਭਲੀ ਪ੍ਰਕਾਰ ਗ੍ਰਹਿਣ ਕੀਤਾ। ਤਤੁ–ਤੁਰੰਤ। ਕੁਲਿ–ਵੰਸ਼ ਵਿਚ। ਨਿੰਮਲੁ–ਨਿਰਮਲ; ਪਵਿਤ੍ਰ। ਅਵਤਰ੍ਹਿਉ –(ਅਵਤਰਿਅਉ ਉਚਾਰੋ) ਅਵਤਾਰ ਹੋਇਆ। ਸੰਗਿ–ਨਾਲ; ਸਮੇਤ। ਹੁਅ–(ਹੋਆ ਪੜ੍ਹਨਾ ਅਸ਼ੁੱਧ ਹੈ) ਹੋ ਕੇ; ਮਿਲ ਕੇ। ਤਾਰਣ ਤਰਣ–ਤਾਰਣ ਲਈ ਜਹਾਜ। ਪਾ–ਪੈਰ (ਚਰਣ)। ਤੁਅ–(ਤੋਆ ਪੜ੍ਹਨਾ ਅਸ਼ੁੱਧ ਹੈ) ਤੇਰੇ।੨।੧੬।

ਵਿਆਖਿਆ = ਨਿਰੰਕਾਰ ਸਰਗੁਣ ਰੂਪ ਧਾਰ ਕੇ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਸਬਦ ਦੀਵੇ ਦੀ ਜੋਤ ਜਗਾ ਕੇ ਅਗਿਆਨਤਾ ਦਾ ਹਨ੍ਹੇਰਾ ਦੂਰ ਕੀਤਾ ਅਤੇ ਸਰਬ ਵਿਆਪਕ ਕਰਤਾਰ ਦਾ ਦਰਸਨ ਕਰਾ ਦਿਤਾ। ਗੁਰੂ ਅਮਰਦਾਸ ਜੀ ਦਾ ਅਵਤਾਰ ਗੁਰੂ ਨਾਨਕ ਦੇਵ ਜੀ ਦੀ ਪਵਿਤ੍ਰ ਨਾਦੀ ਕੁਲ ਵਿਚ ਹੀ ਹੋਇਆ। ਕਵੀਰਾਜ ਨੂੰ ਪਿਛਲੇ ਕਈ ਜਨਮਾਂ ਦਾ ਗਿਆਨ ਮਲੂਮ ਹੁੰਦਾ ਹੈ ਅਤੇ ਆਖਦਾ ਹੈ ਕਿ ਮੈਂ ਕਈ ਜਨਮਾਂ ਤੋਂ ਆਪ ਦੇ ਚਰਨਾਂ ਦੀ ਸਰਣ ਹਾਂ।

ਜਪੁ ਤਪੁ ਸਤੁ ਸੰਤੋਖੁ, ਪਿਖਿ ਦਰਸਨੁ ਗੁਰ ਸਿਖਹ ॥ ਸਰਣਿ ਪਰਹਿ ਤੇ ਉਬਰਹਿ, ਛੋਡਿ ਜਮਪੁਰ ਕੀ ਲਿਖਹ ॥ ਗੁਰੂ (ਅਮਰਦਾਸ ਜੀ) ਦਾ ਦਰਸ਼ਨ ਦੇਖ ਕੇ ਸਿਖਾਂ ਨੂੰ ਜਪ ਤਪ ਸਤ ਸੰਤੋਖ (ਆਦਿਕ ਸ਼ੁੱਭ ਗੁਣ) ਮਿਲ ਜਾਂਦੇ ਹਨ। (ਜੋ ਵੀ ਮਨੁੱਖ ਗੁਰੂ ਅਮਰਦਾਸ ਜੀ ਦੀ) ਸ਼ਰਣ ਪੈਂਦੇ ਹਨ, ਉਹ ਜਮਾਂ ਦੀ ਪੁਰੀ ਦੀ ਲਿਖਤ ਨੂੰ ਛਡ ਕੇ (ਭਵ ਸਾਗਰ) ਤੋਂ ਤਰ ਜਾਂਦੇ ਹਨ।

ਭਗਤਿ ਭਾਇ ਭਰਪੂਰੁ, ਰਿਦੈ ਉਚਰੈ ਕਰਤਾਰੈ ॥ ਗੁਰੁ ਗਉਹਰੁ ਦਰੀਆਉ, ਪਲਕ ਡੁਬੰਤ੍ਹ ਤਾਰੈ ॥ (ਗੁਰੂ ਅਮਰਦਾਸ ਦਾ) ਹਿਰਦਾ ਪ੍ਰੇਮਾ ਭਗਤੀ ਨਾਲ ਭਰਿਆ ਪਿਆ ਹੈ, (ਮੁਖੋਂ ਵੀ) ਕਰਤਾਰ ਦਾ ਨਾਮ ਉਚਾਰਦੇ ਹਨ। ਗੁਰੂ ਅਮਰਦਾਸ ਜੀ ਮੋਤੀਆਂ ਦਾ ਦਰਿਆ ਹਨ (ਮ. ਕੋ.) ਭਾਵ ਬਹੁਤ ਕੀਮਤੀ ਗੁਣਾਂ ਦੇ ਭੰਡਾਰ ਹਨ; ਮੋਤੀ ਵਾਂਗ ਸ਼ੁੱਧ ਹਨ ਤੇ ਦਰਿਆ ਦਿਲ (ਬਹੁਤ ਵੱਡੇ ਦਿਲ ਦੇ ਮਾਲਕ ਜਾਂ ਕ੍ਰਿਪਾਲੂ) ਹਨ, (ਸੰਸਾਰ ਰੂਪ ਸਮੁੰਦਰ ਵਿਚ) ਡੁਬਦੇ ਜੀਵਾਂ ਨੂੰ ਪਲ ਵਿਚ ਤਾਰ ਦੇਂਦੇ ਹਨ।

ਨਾਨਕ ਕੁਲਿ ਨਿੰਮਲੁ ਅਵਤਰ੍ਹਿਉ, ਗੁਣ ਕਰਤਾਰੈ ਉਚਰੈ ॥ ਗੁਰੁ ਅਮਰਦਾਸੁ ਜਿਨ੍ ਸੇਵਿਅਉ ,ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥੩॥੧੭॥ ਗੁਰੂ ਨਾਨਕ ਦੇਵ ਜੀ ਦੀ ਨਿਰਮਲ (ਨਾਦੀ) ਕੁਲ ਵਿਚ (ਗੁਰੂ ਅਮਰਦਾਸ ਜੀ ਦਾ) ਅਵਤਾਰ ਹੋਇਆ ਹੈ, (ਅਤੇ ਮੂਹੋਂ ਬਾਣੀ ਰਾਹੀ) ਕਰਤਾਰ ਦੇ ਗੁਣਾਂ ਨੂੰ ਓਚਾਰਦੇ ਹਨ। ਜਿਨ੍ਹਾਂ (ਪੁਰਖਾਂ) ਨੇ ਗੁਰੂ ਅਮਰਦਾਸ ਜੀ ਨੂੰ ਸੇਵਿਆ (ਪੂਜਿਆ) ਹੈ, ਉਨ੍ਹਾਂ ਦਾ ਦੁੱਖ ਗਰੀਬੀ ਆਦਿ ਸਭ ਦੂਰ ਹੋ ਜਾਂਦਾ ਹੈ (ਜਾਂ ਗੁਰੂ ਜੀ ਨੇ ਉਨ੍ਹਾਂ ਦੇ ਦੁੱਖ ਵੀ ਨਾਸ਼ ਕਰ ਦਿਤੇ ਅਤੇ ਗਰੀਬੀ ਵੀ ਦੂਰ ਕਰ ਦਿਤੀ); ਉਨ੍ਹਾਂ ਨੂੰ ਦੁਖ ਅਤੇ ਦਰਿਦ੍ਰ ਛਡ ਕੇ ਪਰੇ ਹੋ ਜਾਂਦਾ ਹੈ (ਮੇਰਾ ਵਿਚਾਰ)।੩।੧੭।

ਪਦਾਰਥ = ਪਿਖਿ–ਦੇਖ ਕੇ। ਸਿਖਹ–ਸਿੱਖਾਂ ਨੂੰ। ਪਰਹਿ–ਪੈਂਦੇ ਹਨ। ਤੇ–ਉਹ। ਉਬਰਹਿ–ਤਰ ਜਾਂਦੇ ਹਨ। ਲਿਖਹ–ਲਿਖਤ (ਕਰਮਾਂ ਦੇ

ਹਿਸਾਬ ਵਾਲੀ)। ਭਗਤਿ ਭਾਇ–ਪ੍ਰੇਮਾ ਭਗਤੀ। ਭਰਪੂਰੁ–ਭਰਿਆ ਹੈ। ਰਿਦੈ–ਹਿਰਦੇ ਵਿਚ। ਕਰਤਾਰੈ–ਕਰਤਾਰ ਦਾ। ਗਉਹਰੁ–ਮੋਤੀ; ਡੂੰਘਾ। ਦਰੀਆਉ–ਨਦੀ; ਸਮੁੰਦਰ। ਪਲਕ–ਪਲ ਵਿਚ। ਡੁਬੰਤ੍ਹ–(ਡੁਬੰਤਿਅਹ ਉਚਾਰੋ) ਡੁਬਦਿਆਂ ਨੂੰ। ਕੁਲਿ–ਵੰਸ਼ ਵਿਚ। ਨਿੰਮਲ–ਨਿਰਮਲ। ਅਵਤਰ੍ਹਿਉ–ਅਵਤਾਰ ਹੋਇਆ। ਜਿਨ੍–ਜਿਨ੍ਹਾਂ ਨੇ। ਸੇਵਿਅਉ–ਸੇਵਿਆ (ਪੂਜਿਆ) ਹੈ। ਦਰਿਦ੍ਰ–ਗਰੀਬੀ। ਪਰਹਰਿ ਪਰੈ–ਪਰੇ ਦੂਰ ਹੋ ਜਾਂਦਾ ਹੈ।੩।੧੭।

ਵਿਆਖਿਆ = ਗੁਰੂ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਤੇ ਗੁਰ ਸਿੱਖਾਂ ਨੂੰ ਜਪ ਤਪ ਸਤ ਅਤੇ ਸੰਤੋਖ ਆਦਿ ਦੈਵੀ ਗੁਣ ਮਿਲ ਜਾਂਦੇ ਹਨ। ਜਦ ਦਰਸ਼ਨ ਕਰੀਦਾ ਹੈ ਤਾਂ ਮਨ ਦੁਨੀਆਂ ਦੇ ਫੁਰਨਿਆ ਵਿਚੋਂ ਨਿਕਲ ਕੇ ਸੁਤੇ ਹੀ ਵਾਹਿਗੁਰੂ ਨੂੰ ਯਾਦ ਕਰਦਾ ਹੈ। ਮਨ ਵਿਚ ਗੁਰੂ ਅਤੇ ਵਾਹਿਗੁਰੂ ਵਾਰੇ ਖਿਆਲ ਉਪਜਦੇ ਹਨ, ਮਨ ਵਿਚ ਯਾਦ ਦੇ ਫੁਰਨੇ ਫੁਰਨ ਨਾਲ ਕੰਠ ਵਿਚ ਨਾਮ ਦਾ ਜਾਪ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਮਨ ਵਿਚ ਇਕ ਰਸ ਭਰਦਾ ਹੈ, ਜਿਸਦਾ ਰਸ ਲੈਣ ਲਈ ਜੀਭ ਉਚਾ ਜਪਦੀ ਹੈ। ਮਨ ਨੂੰ ਇਕਾਗਰ ਕਰਕੇ ਵਾਹਿਗੁਰੂ ਨਾਲ ਜੋੜਨਾ ਸਾਂਤਕੀ ਤਪ ਹੈ। ਇੰਦ੍ਰੀਆਂ ਨੂੰ ਮਾੜੇ ਪਾਸੇ ਜਾਣ ਤੋਂ ਰੋਕ ਕੇ ਗੁਰੂ ਦੀ ਸੇਵਾ ਵਿਚ ਲਗਾਉਣਾ ਰਾਜਸੀ ਤਪ ਹੈ। ਹਠ ਨਾਲ ਘਾਲ ਕਰਨੀ ਤਾਮਸੀ ਤਪ ਹੈ। ਗੁਰੂ ਦੇ ਦਰਸ਼ਨਾਂ ਤੋਂ ਤਿੰਨੇ ਤਪਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਸਤ ਦਾ ਅਰਥ ਨੇਕੀ, ਸੱਚ ਬੋਲਣਾ, ਸ਼ਾਂਤ ਸੁਭਾਵ, ਸਦਾਚਾਰੀ ਆਦਿ ਗੁਣ ਗੁਰੂ ਦੇ ਦਰਸ਼ਨਾਂ ਤੋਂ ਮਿਲ ਜਾਂਦੇ ਹਨ। ਜੋ ਕੁਛ ਪ੍ਰਾਲਬਧ ਅਨੁਸਾਰ ਮਿਲੇ, ਉਸ ਪਰ ਪ੍ਰਸੰਨ ਅਤੇ ਸੰਤੁਸਟ ਰਹਿਣਾ ਅਤੇ ਸੋਚਣਾ ਕਿ ਵਾਹਿਗੁਰੂ ਨੇ ਮੈਨੂੰ ਮੇਰੀ ਯੋਗਤਾ ਤੋਂ ਵੀ ਵੱਧ ਦਿਤਾ, ਇਹ ਸੰਤੋਖ ਹੈ। ਗੁਰੂ ਦੇ ਦਰਸ਼ਨਾਂ ਤੋਂ ਬਿਨਾ ਹੋਰ ਸਭ ਇਛਾਵਾਂ ਮਿਟ ਜਾਣੀਆਂ ਵੀ ਸੰਤੋਖ ਹੈ। ਸਤਿਗੁਰੂ ਦੇ ਦਰਸਨਾਂ ਦਾ ਫਲ ਮਹਾਨ ਤਾਂ ਹੈ ਹੀ, ਪਰ ਗੁਰੂ ਦੇ ਤੱਤ ਵੇਤਾ ਗੁਰਸਿੱਖਾਂ ਦੇ ਦੀਦਾਰ ਕਰਨ ਨਾਲ ਵੀ ਜਪ ਤਪ ਸਤ ਸੰਤੋਖ ਆਦਿ ਗੁਣ ਪ੍ਰਾਪਤ ਹੁੰਦੇ ਹਨ। ਗਹਿਰ ਗੰਭੀਰ ਗੁਰੂ ਸੰਸਾਰ ਸਾਗਰ ਵਿਚ ਡੁਬਦਿਆਂ ਨੂੰ ਛਿਨ ਵਿਚ ਪਾਰ ਕਰ ਦੇਂਦਾ ਹੈ। ਕੀਤੇ ਕਰਮਾਂ ਦੇ ਹਿਸਾਬ ਦੀ ਧਰਮਰਾਜ ਦੀ ਲਿਖਤ, ਗੁਰ ਸ਼ਰਣ ਆਏ ਗੁਰਸਿਖਾਂ ਨੂੰ ਛਡ ਦੇਂਦੀ ਹੈ {ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ, ਤਿਨ੍ ਕਾ ਲੇਖਾ ਨਿਬੜਿਆ ੪੩੫}। ਜੋ ਗੁਰੂ ਅਮਰਦਾਸ ਜੀ ਦੀ ਸੇਵਾ ਕਰਦੇ ਹਨ, ਦੁਖ ਦਲਿਦ੍ਰ ਉਨ੍ਹਾਂ ਨੂੰ ਛਡ ਕੇ ਪਰੇ ਹੋ ਜਾਂਦੇ ਹਨ, ਐਸੇ ਗੁਰ ਸਿੱਖ ਸਦਾ ਅਨੰਦ ਮਈ ਜੀਵਨ ਬਤੀਤ ਕਰਦੇ ਹਨ।੩।੧੭।

ਚਿਤਿ ਚਿਤਵਉ ਅਰਦਾਸਿ ਕਹਉ, ਪਰੁ ਕਹਿ ਭਿ ਨ ਸਕਉ ॥ (ਹੇ ਗੁਰੂ ਅਮਰਦਾਸ ਜੀ!) ਮੈਂ ਚਿਤ ਵਿਚ ਚਿਤਵਦਾ (ਵਿਚਾਰਦਾ) ਹਾਂ ਕਿ (ਆਪ ਦੇ ਚਰਨਾਂ ਵਿਚ) ਬੇਨਤੀ ਕਹਾਂ, ਪਰ ਆਖ ਵੀ ਨਹੀ ਸਕਦਾ (ਕਿਉਂਕਿ ਤੁਹਾਡਾ ਤੇਜ ਪ੍ਰਤਾਪ ਦੇਖ ਕੇ ਕਹਿਣ ਦੀ ਹਿੰਮਤ ਨਹੀ ਪੈਂਦੀ, ਤੁਸੀਂ ਅੰਤਰਜਾਮੀ ਹੋ, ਦਿਲ ਦੀ ਗਲ ਜਾਣਦੇ ਹੋ)।

ਸਰਬ ਚਿੰਤ ਤੁਝੁ ਪਾਸਿ, ਸਾਧ ਸੰਗਤਿ ਹਉ ਤਕਉ ॥ ਸਾਡੀ ਸਾਰੀ ਚਿੰਤਾ ਆਪ ਜੀ ਕੋਲ ਹੈ (ਤੁਸੀਂ ਅੰਦਰ ਦੀ ਜਾਣਦੇ ਹੋ, ਸਾਰੀਆਂ ਵਿਚਾਰਾਂ ਛਡ ਕੇ ਤੇਰੀ) ਸਾਧ ਸੰਗਤ ਦਾ ਮੈਂ ਆਸਰਾ ਤਕਦਾ ਹਾਂ; (ਆਪ ਜੀ ਪਾਸੋਂ) ਮੈ ਸਾਧ ਸੰਗਤ ਦੇ ਦਰਸ਼ਨਾਂ ਦੀ ਜਾਚਨਾ ਕਰਦਾ ਹਾਂ (ਫ. ਸ.; ਭਾ: ਵੀਰ ਸਿੰਘ)।

ਤੇਰੈ ਹੁਕਮਿ ਪਵੈ ਨੀਸਾਣੁ, ਤਉ ਕਰਉ ਸਾਹਿਬ ਕੀ ਸੇਵਾ ॥ (ਹੇ ਗੁਰੂ ਅਮਰਦਾਸ ਜੀ!) ਤੇਰੇ ਹੁਕਮ ਨਾਲ (ਮੇਰੇ ਮੱਥੇ ਤੇ ਪ੍ਰਵਾਨਗੀ ਦਾ) ਨੀਸ਼ਾਨ ਪੈ ਜਾਵੇ, ਤਾਂ ਹੇ ਮਾਲਕ (ਸਾਹਿਬ) ਮੈਂ ਵੀ ਆਪ ਜੀ ਦੀ ਸੇਵਾਂ ਕਰਾਂ।

ਜਬ ਗੁਰੁ ਦੇਖੈ ਸੁਭ ਦਿਸਟਿ, ਨਾਮੁ ਕਰਤਾ ਮੁਖਿ ਮੇਵਾ ॥ ਜਦ ਗੁਰੂ ਅਮਰਦਾਸ ਜੀ ਮੇਹਰ ਦੀ ਨਜਰ ਨਾਲ ਦੇਖਦੇ ਹਨ, ਤਾਂ ਕਰਤਾਰ ਦਾ ਨਾਮ ਰੂਪ ਮੇਵਾ ਮੇਰੇ ਮੂੰਹ ਵਿਚ ਖਾਣ ਨੂੰ ਮਿਲਦਾ ਹੈ {ਕੂਜਾ ਮੇਵਾ ਮੈ ਸਭ ਕਿਛੁ ਚਾਖਿਆ, ਇਕੁ ਅੰਮ੍ਰਿਤੁ ਨਾਮੁ ਤੁਮਾਰਾ ੧੫੫}; ਮੂੰਹ ਵਿਚ ਨਾਮ ਮੇਵੇ ਵਾਂਗ ਸੁਆਦ ਲਗਦਾ ਹੈ (ਅਨੰਦ ਨਾਲ ਮੂੰਹ ਰਾਹੀਂ ਜਪਣ ਨੂੰ ਮਿਲਦਾ ਹੈ)।

ਅਗਮ ਅਲਖ ਕਾਰਣ ਪੁਰਖ, ਜੋ ਫੁਰਮਾਵਹਿ ਸੋ ਕਹਉ ॥ ਗੁਰ ਅਮਰਦਾਸ ਕਾਰਣ ਕਰਣ, ਜਿਵ ਤੂ ਰਖਹਿ ਤਿਵ ਰਹਉ ॥੪॥੧੯॥ ਹੇ ਮਨ ਬਾਣੀ ਅਤੇ ਬੁੱਧੀ ਤੋਂ ਪਰੇ ਬੇਅੰਤ, ਕਰਤਾ ਪੁਰਖ ਰੂਪ ਗੁਰੂ ਅਮਰਦਾਸ ਜੀ! ਜਿਵੇਂ ਤੁਸੀਂ ਫੁਰਮਾਉਂਦੇ ਹੋ, ਓਹੀ ਮੈ ਆਖਦਾ ਹਾਂ। ਸਾਰੇ ਕਾਰਨਾਂ ਦੇ ਕਰਨ ਵਾਲੇ ਹੇ ਸਤਿਗੁਰੂ ਅਮਰਦਾਸ ਜੀ! ਜਿਵੇਂ ਆਪ ਮੈਨੂੰ ਰੱਖਦੇ ਹੋ, ਮੈਂ ਤਿਵੇਂ ਹੀ ਰਹਿੰਦਾ ਹਾਂ (ਆਪ ਜੀ ਦੀ ਰਜ਼ਾ ਵਿਚ ਰਹਿੰਦਾ ਹਾਂ)।੪।੧੯।

ਪਦਾਰਥ = ਚਿਤਿ–ਚਿਤ ਵਿਚ। ਚਿਤਵਉ–ਸੋਚਦਾ (ਚਿਤਵਦਾ) ਹਾਂ। ਕਹਉ–ਮੈਂ ਆਖਾਂ। ਪਰੁ–ਪ੍ਰੰਤੂ; ਲੇਕਿਨ। ਸਰਬ ਚਿੰਤ–ਸਾਰੀ ਚਿੰਤਾ। ਹਉ–ਮੈਂ। ਤਕਉ–ਤੱਕਦਾ; ਦੇਖਦਾ ਹਾਂ। ਹੁਕਮਿ–ਹੁਕਮ ਨਾਲ। ਨੀਸਾਣੁ–ਲੇਖ; ਚਿਨ੍ਹ। ਤਉ–ਤਾਂ। ਕਰਉ–ਮੈਂ ਕਰਾਂ। ਸਾਹਿਬ ਕੀ –ਮਾਲਕ (ਗੁਰੂ ਅਮਰ ਦਾਸ ਜੀ) ਦੀ। ਜਬ–ਜਦੋਂ। ਸੁਭ ਦਿਸਟਿ–ਮਿਹਰ ਦੀ ਨਜਰ ਨਾਲ। ਕਰਤਾ–ਕਰਤਾਰ ਦਾ। ਮੁਖਿ–ਮੂੰਹ ਵਿਚ। ਮੇਵਾ–ਮਿੱਠਾ ਫਲ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਲਖ–(ਅਲੱਖ ਪੜ੍ਹੋ)–ਮਨ ਤੇ ਬੁੱਧੀ ਕਰਕੇ ਨਾ ਜਾਣੇ ਜਾਣ ਵਾਲਾ ਪ੍ਰਭੂ। ਕਾਰਣ ਪੁਰਖ–ਕਰਤਾ ਪੁਰਖ। ਫੁਰਮਾਵਹਿ–ਹੁਕਮ ਕਰਦੇ ਹੋ। ਸੋ–ਉਹ। ਕਾਰਣ ਕਰਣ–ਰਚਨਹਾਰ; ਸੰਸਾਰ ਕਾਰਜ ਦੇ ਕਰਨ ਵਾਲਾ। ਜਿਵ–ਜਿਵੇਂ। ਤਿਵ–ਤਿਵੇਂ (ਉਸੇ ਤਰ੍ਹਾਂ)। ਰਹਉ–ਮੈਂ ਰਹਿੰਦਾ ਹਾਂ।੪।੧੯।

ਵਿਆਖਿਆ = ਗੁਰੂ ਅਮਰਦਾਸ ਜੀ ਦੇ ਜਾਹੋ ਜਲਾਲ ਨੂੰ ਦੇਖ ਕੇ ਕੀਰਤ ਭੱਟ ਦਾ ਅਰਦਾਸ ਕਰਨ ਨੂੰ ਹੀਆ ਨਹੀ ਪੈ ਰਿਹਾ।ਗੁਰੂ ਜੀ ਅੰਤਰਜਾਮੀ ਹਨ, ਚਿਤ ਦੀਆਂ ਮੰਗਾਂ ਸਭ ਜਾਣਦੇ ਹਨ, ਆਪੇ ਹੀ ਸਭ ਬਖਸ਼ਿਸਾਂ ਕਰਦੇ ਰਹਿੰਦੇ ਹਨ।ਮੰਗ ਕੇ ਸ਼ਰਮਿੰਦਾ ਕਿਉ ਹੋਵਾਂ? ਫਿਰ ਲੋਕਾਂ ਵਲ ਦੇਖ ਕੇ ਕਿ ਲੋਕ ਬਿਨਾ ਰੋਕ ਟੋਕ ਅਰਦਾਸਾਂ ਕਰੀ ਜਾਂਦੇ ਹਨ, ਹੌਸਲਾ ਬੱਝਦਾ ਹੈ ਕਿ ਅਰਦਾਸ ਕਰ ਹੀ ਦੇਵਾਂ।ਮੰਗ ਇਹ ਮੰਗਦੇ ਹਨ ਕਿ ਸਾਧ ਸੰਗਤ ਦੇ ਦਰਸ਼ਨ ਅਤੇ ਸੇਵਾ ਕਰਨ ਨੂੰ ਮਿਲੇ।ਗੁਰੂ ਜੀ ਦੀ ਕ੍ਰਿਪਾ ਦ੍ਰਿਸਟੀ ਹਾਸਲ ਕਰਕੇ ਮੇਵੇ ਵਾਂਗ ਮਿੱਠਾ ਨਾਮ ਪ੍ਰਾਪਤ ਹੋਵੇ।ਰਜ਼ਾ ਵਿਚ ਰਹਾਂ ਅਤੇ ਬੋਲਾਂ, ਜਿਵੇਂ ਗੁਰੂ ਨੂੰ ਭਾਵੇ ਉਸੇ ਤਰ੍ਹਾਂ ਵਰਤਾਂ।੪।੧੮।

ਅੱਗੇ ਭਿੱਖੇ ਭੱਟ ਕਵੀ ਜੀ ਦੇ ਉਚਾਰੇ ਸਵੱਯੇ ਸ਼ੁਰੂ ਹੁੰਦੇ ਹਨ ਅਤੇ ਅੰਕ ਵੀ ਬਦਲ ਜਾਂਦਾ ਹੈ।

ਭਿਖੇ ਕੇ ॥ ਗੁਰੁ ਗਿਆਨੁ ਅਰੁ ਧਿਆਨੁ, ਤਤ ਸਿਉ ਤਤੁ ਮਿਲਾਵੈ ॥ (ਭਿਖਾ ਕਵੀ ਆਖਦਾ ਹੈ ਕਿ) ਗੁਰੂ ਅਮਰਦਾਸ ਜੀ ਗਿਆਨ ਰੂਪ ਹਨ ਅਤੇ ਧਿਆਨ ਰੂਪ ਹਨ ਅਤੇ (ਗੁਰੂ ਜੀ ਨੇ ਅਪਣਾ) ਆਤਮ ਤੱਤ ਪ੍ਰਮਾਤਮ ਤੱਤ ਨਾਲ ਮਿਲਾ ਲਿਆ ਹੈ; ਗੁਰੂ (ਹਰੀ ਦਾ) ਗਿਆਨ ਅਤੇ ਧਿਆਨ ਦੇ ਕੇ (ਸਿਖਾਂ ਦੇ) ਆਤਮ ਤੱਤ ਨੂੰ ਪ੍ਰਮਾਤਮ ਤੱਤ ਨਾਲ ਮਿਲਾ ਦੇਂਦੇ ਹਨ।

ਸਚਿ ਸਚੁ ਜਾਣੀਐ, ਇਕ ਚਿਤਹਿ ਲਿਵ ਲਾਵੈ ॥ (ਗੁਰੂ ਅਮਰਦਾਸ ਜੀ) ਇਕਾਗਰ ਚਿਤ ਹੋ ਕੇ ਹਰੀ ਵਿਚ ਬ੍ਰਿਤੀ ਜੋੜਦੇ ਹਨ, ਸੱਚੇ ਸਰੂਪ ਹਰੀ ਵਿਚ ਜੁੜਨ ਕਰਕੇ (ਗੁਰੂ ਅਮਰਦਾਸ ਜੀ ਨੂੰ) ਸੱਚੇ ਹਰੀ ਦਾ ਰੂਪ ਜਾਣਨਾ ਚਾਹੀਦਾ ਹੈ; ਗੁਰੂ ਅਮਰਦਾਸ ਜੀ ਸੱਚੇ ਨਾਮ ਵਿਚ ਜੁੜ ਕੇ ਸੱਚੇ ਹਰੀ ਨੂੰ ਜਾਣਦੇ ਹਨ।

ਕਾਮ ਕ੍ਰੋਧ ਵਸਿ ਕਰੈ, ਪਵਣੁ ਉਡੰਤ ਨ ਧਾਵੈ ॥ ਨਿਰੰਕਾਰ ਕੈ ਵਸੈ ਦੇਸਿ, ਹੁਕਮੁ ਬੁਝਿ ਬੀਚਾਰੁ ਪਾਵੈ ॥ (ਗੁਰੂ ਅਮਰਦਾਸ ਜੀ) ਕਾਮ ਕ੍ਰੋਧ ਨੂੰ ਕਾਬੂ ਕਰ ਲੈਂਦੇ ਹਨ, (ਉਨ੍ਹਾਂ ਦਾ) ਪੌਣ ਵਾਂਗ ਉਡਦਾ ਚੰਚਲ ਮਨ (ਆਲੇ ਦੁਆਲੇ) ਨਹੀ ਦੌੜਦਾ।(ਗੁਰੂ ਅਮਰਦਾਸ ਜੀ ਪ੍ਰਭੂ ਦੇ) ਹੁਕਮ ਨੂੰ ਸਮਝ ਕੇ (ਆਤਮ) ਬਿਚਾਰ ਪ੍ਰਾਪਤ ਕਰਦੇ ਹਨ ਅਤੇ ਨਿਰੰਕਾਰ ਦੇ ਦੇਸ (ਨਿਜ ਸਰੂਪ) ਵਿਚ ਵਸਦੇ ਹਨ।

ਕਲਿ ਮਾਹਿ ਰੂਪੁ ਕਰਤਾ ਪੁਰਖੁ, ਸੋ ਜਾਣੈ ਜਿਨਿ ਕਿਛੁ ਕੀਅਉ ॥ ਗੁਰੁ ਮਿਲ੍ਯਿਉ ਸੋਇ ਭਿਖਾ ਕਹੈ, ਸਹਜ ਰੰਗਿ ਦਰਸਨੁ ਦੀਅਉ ॥ ੧॥੧੯॥ ਕਲਜੁਗ ਵਿਚ ਗੁਰੂ ਅਮਰਦਾਸ ਜੀ ਕਰਤਾ ਪੁਰਖ ਦਾ ਹੀ ਰੂਪ ਹਨ (ਪਰ ਇਸ ਕੌਤਕ ਨੂੰ) ਓਹ ਕਰਤਾਰ ਹੀ ਜਾਣਦਾ ਹੈ, ਜਿਸ ਨੇ ਇਹ ਸਾਰਾ ਕੁਛ (ਗੁਰੂ ਜੀ ਨੂੰ ਸੰਸਾਰ ਵਿਚ ਭੇਜਣ ਦਾ ਕੌਤਕ) ਕੀਤਾ ਹੈ {ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ ੯੪੦}; (ਪਰ) ਇਸ ਬਾਤ ਨੂੰ ਉਹ ਹੀ ਪੁਰਖ ਜਾਣਦਾ ਹੈ, ਜਿਸ ਨੇ ਪੂਰਬਲੇ ਜਨਮ ਵਿਚ ਕੁਛ ਭਜਨ ਕੀਤਾ ਹੈ। ਭਿੱਖਾ ਜੀ ਆਖਦੇ ਹਨ, ਮੈਨੂੰ ਉਹ ਗੁਰੂ ਅਮਰਦਾਸ ਜੀ ਮਿਲੇ ਹਨ, ਜਿਨ੍ਹਾਂ ਨੇ ਮੈਨੂੰ ਦਰਸ਼ਨ ਦਿਤੇ ਤੇ ਸਹਿਜ ਅਵਸਥਾ ਦਾ ਰੰਗ ਬਖਸ਼ ਦਿਤਾ ਜਾਂ ਸਹਿਜ ਅਵਸਥਾ ਦੇ ਰੰਗ ਵਿਚ ਦਰਸ਼ਨ ਦਿਤੇ ਹਨ।(ਇਸ ਤਰ੍ਹਾਂ ਦੇ ਅਰਥ ਦਰਪਣ ਅਤੇ ਨਿਰਣੈ ਨੇ ਕੀਤੇ ਹਨ)।

ਦੂਜਾ ਅਰਥ = (ਭੱਟ ਭਿੱਖਾ ਨਾਲ ਦੇ ਭੱਟਾਂ ਨੂੰ ਕਹਿੰਦਾ ਹੈ ਕਿ) ਗੁਰੂ ਅਮਰਦਾਸ ਜੀ ਗਿਆਨ ਅਤੇ ਧਿਆਨ ਬਖਸ਼ ਕੇ (ਸਿੱਖ ਦੇ) ਆਤਮ ਤੱਤ ਨੂੰ ਪ੍ਰਮਾਤਮ ਤੱਤ ਨਾਲ ਮਿਲਾ ਦੇਂਦੇ ਹਨ।(ਜੋ ਗੁਰ ਸਿੱਖ ਗੁਰੂ ਅਮਰਦਾਸ ਜੀ ਦੇ ਚਰਨਾਂ ਵਿਚ) ਇਕਾਗਰ ਚਿਤ ਹੋ ਕੇ ਬ੍ਰਿਤੀ ਲਾਉਂਦਾ ਹੈ, ਉਹ ਸੱਚ ਸਰੂਪ ਪ੍ਰਭੂ ਨੂੰ ਸੱਚ ਕਰਕੇ ਜਾਣ ਲੈਂਦਾ ਹੈ।ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਵਸ ਵਿਚ ਕਰ ਲੈਂਦਾ ਹੈ (ਫਿਰ ਉਸ ਦਾ) ਪੌਣ ਵਾਂਗ ਉਡਦਾ ਚੰਚਲ ਮਨ (ਇਧਰ ਉਧਰ) ਨਹੀਂ ਦੌੜਦਾ।(ਜੋ ਗੁਰ ਸਿੱਖ ਗੁਰੂ ਜੀ ਦੇ) ਹੁਕਮ ਨੂੰ ਸਮਝ ਕੇ ਆਤਮ ਵਿਚਾਰ ਪ੍ਰਾਪਤ ਕਰਦਾ ਹੈ, ਉਹ ਨਿਰੰਕਾਰ ਦੇ ਦੇਸ਼ ਵਿਚ ਜਾ ਵਸਦਾ ਹੈ।ਕਲਜੁਗ ਵਿਚ ਗੁਰੂ ਅਮਰਦਾਸ ਜੀ ਕਰਤਾਰ ਰੂਪ ਹਨ, (ਪਰ ਇਸ ਬਾਤ ਨੂੰ) ਉਹ ਮਨੁੱਖ ਜਾਣਦਾ ਹੈ, ਜਿਸ ਨੇ ਪੂਰਬਲੇ ਜਨਮ ਵਿਚ ਕੁਛ ਪੁੰਨ ਕਰਮ (ਜਾਂ ਭਜਨ ਸਿਮਰਨ) ਕੀਤਾ ਹੈ ।ਭੱਟ ਭਿੱਖਾ ਕਹਿੰਦਾ ਹੈ ਕਿ (ਹੇ ਭੱਟ ਭਰਾਵੋ! ਮੈਨੂੰ) ਉਹ ਪ੍ਰਭੂ ਗੁਰੂ ਅਮਰਦਾਸ ਰੂਪ ਹੋ ਕੇ ਮਿਲਿਆ ਹੈ, (ਜਦ ਮੈਨੂੰ ਗੁਰੂ ਅਮਰ ਦਾਸ ਜੀ ਨੇ) ਦਰਸ਼ਨ ਦਿਤੇ, (ਤਾਂ ਉਨ੍ਹਾਂ ਨੇ ਮੈਨੂੰ) ਇਲਾਹੀ ਰੰਗ ਵਿਚ ਰੰਗ ਦਿਤਾ।੧।੧੯।

ਫ. ਸ ਤੇ ਸੰ. ਸ. ਦੇ ਵੀ ਅਰਥ ਇਸੇ ਤਰ੍ਹਾਂ ਦੇ ਕੀਤੇ ਹੋਏ ਹਨ

ਪਦਾਰਥ = ਭਿਖੇ ਕੇ-ਭਿਖੇ ਭੱਟ ਦੇ ਉਚਾਰੇ ਸਵੱਯੇ।ਅਰੁ-ਅਤੇ।ਤਤ ਸਿਉ ਤਤੁ-ਆਤਮ ਤੱਤ ਨਾਲ ਪ੍ਰਮਾਤਮ ਤੱਤ।ਸਚਿ-ਸੱਚ ਸਰੂਪ ਹਰੀ ਵਿਚ।ਸਚੁ-ਸੱਚੇ ਹਰੀ ਦਾ ਰੂਪ।ਜਾਣੀਐ-ਜਾਣਨਾ ਚਾਹੀਦਾ ਹੈ।ਇਕ ਚਿਤਹਿ-ਇਕਾਗਰ ਚਿਤ ਹੋ ਕੇ।ਲਿਵ ਲਾਵੈ-ਬਿਰਤੀ ਜੋੜਦਾ ਹੈ।ਵਸਿ ਕਰੈ-ਕਾਬੂ ਕਰਦਾ ਹੈ।ਪਵਣੁ ਉਡੰਤ-ਪੌਣ ਵਾਂਗ ਉਡਦਾ (ਭਟਕਦਾ) ਚੰਚਲ ਮਨ।ਨ ਧਾਵੈ-ਦੌੜਦਾ ਨਹੀ। ਕੈ ਦੇਸਿ-ਦੇ ਦੇਸ਼ ਵਿਚ।ਬੁਝਿ-ਸਮਝ ਕੇ।ਕਲਿ ਮਾਹਿ-ਕਲਜੁਗ ਵਿਚ।ਸੋ-ਉਹ।ਜਿਨ-ਜਿਸ ਨੇ।ਕੀਅਉ-ਕੀਤਾ ਹੈ।ਸੋਇ-ਉਹ ।ਸਹਜ ਰੰਗਿ-ਸਹਿਜ ਅਵਸਥਾ ਦੇ ਰੰਗ ਵਿਚ ਰੰਗ ਦਿਤਾ।ਦੀਅਉ-ਦਿਤਾ ਹੈ।੧।੧੯।

ਵਿਆਖਿਆ = ਗੁਰੂ ਅਮਰ ਦਾਸ ਜੀ ਗਿਆਨ ਤੇ ਧਿਆਨ ਦੇ ਦਾਤੇ ਹਨ, ਜਿਸ ਦਾਤ ਦੁਆਰਾ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ।ਕਰਤਾਰ ਸੱਚ ਹੈ, ਪਰ ਅਸੀਂ ਅਪਣੇ ਨਿਸਚੇ ਵਿਚ ਸੱਚ ਨਹੀ ਜਾਣਦੇ, ਗੁਰੂ ਜੀ ਦੀ ਮੇਹਰ ਨਾਲ ਸੱਚ ਨੂੰ ਸੱਚ ਕਰਕੇ ਜਾਣੀਦਾ ਹੈ।ਵਾਸ਼ਨਾਵਾਂ ਤੇ ਜੇ ਕਾਬੂ ਪਾ ਲਿਆ ਜਾਵੇ ਤਾਂ ਮਨ ਟਿਕ ਜਾਂਦਾ ਹੈ, ਜੋ ਹਵਾ ਦੇ ਤੇਜ ਵੇਗ ਵਾਂਗ ਦੌੜਦਾ ਰਹਿੰਦਾ ਹੈ।ਗੁਰੂ ਜੀ ਨੇ ਇਲਾਹੀ ਰੰਗ ਵਿਚ ਭਿਖਾ ਜੀ ਨੂੰ ਦਰਸ਼ਨ ਦਿਤੇ, ਜੋ ਮਹਾਂ ਪੁਰਖਾਂ ਵਿਚ ਸੁਤੇ ਹੀ ਸਿੱਖ ਉਪਰ ਮਿਹਰਵਾਨ ਹੋ ਕੇ ਦਰਸਨ ਦੇਣ

ਵੇਲੇ ਹੁੰਦਾ ਹੈ। ਗੁਰੂ ਜੀ ਨੇ ਭੱਟ ਭਿੱਖਾ ਜੀ ਨੂੰ ਦਰਸ਼ਨ ਦੇ ਕੇ ਅਨੰਦ ਦੀ ਉਹ ਦਸ਼ਾ ਬਖਸ਼ੀ, ਜੋ ਸਹਜੇ ਹੀ (ਸੁਤੇ ਸਿੱਧ) ਹਰ ਸਮੇਂ ਨਿਰੰਤਰ ਜਾਰੀ ਰਹਿੰਦੀ ਹੈ।੧।੧੯।

ਰਹਿਓ ਸੰਤ ਹਉ ਟੋਲਿ, ਸਾਧ ਬਹੁਤੇਰੇ ਡਿਠੇ ॥ ਸੰਨਿਆਸੀ ਤਪਸੀਅਹ, ਮੁਖਹੁ ਏ ਪੰਡਿਤ ਮਿਠੇ ॥ (ਹੇ ਗੁਰੂ ਅਮਰਦਾਸ ਜੀ! ਚੰਗੇ) ਸੰਤਾਂ ਨੂੰ ਮੈਂ ਲੱਭਦਾ ਰਿਹਾ ਹਾਂ; ਲਭਦਾ ਰਹਿ (ਥੱਕ) ਗਿਆ ਹਾਂ, ਸਾਧੂ ਵੀ ਬਥੇਰੇ ਦੇਖ ਲਏ ਹਨ। ਸੰਨਿਆਸੀ (ਸਾਧੂ), ਤਪੱਸਵੀ ਤੇ ਮੂਹੋਂ ਮਿੱਠੇ (ਵੇਦਾਂ ਦੇ ਪ੍ਰਵਚਨ ਸੁਣਾਉਣ ਵਾਲੇ) ਇਹ ਪੰਡਤ (ਵੀ ਦੇਖੇ ਹਨ, ਇਹ ਸਾਰੇ ਦੈਵੀ ਗੁਣਾਂ ਤੋਂ ਖਾਲੀ ਹਨ)।

ਬਰਸੁ ਏਕੁ ਹਉ ਫਿਰਿਓ, ਕਿਨੈ ਨਹੁ ਪਰਚਉ ਲਾਯਉ ॥ (ਪੂਰਨ ਮਹਾਂ ਪੁਰਖਾਂ ਦੀ ਭਾਲ ਵਿਚ) ਮੈਂ ਇਕ ਸਾਲ ਫਿਰਦਾ ਰਿਹਾ ਹਾਂ, ਪਰ ਕਿਸੇ ਨੇ ਵੀ ਮੇਰਾ ਪ੍ਰੇਮ ਕਰਤਾਰ ਨਾਲ ਨਹੀ ਲਾਇਆ (ਸਾਰੇ ਭੇਖਾਧਾਰੀ ਬਗਲ ਮੇਂ ਛੁਰੀ ਮੂੰਹ ਮੇਂ ਰਾਮ ਵਾਲੇ ਹੀ ਸਨ)।

ਅੰਗ ੧੩੯੬ = ਕਹਤਿਅਹ ਕਹਤੀ ਸੁਣੀ, ਰਹਤ ਕੋ ਖੁਸੀ ਨ ਆਯਉ ॥ ਹਰਿ ਨਾਮੁ ਛੋਡਿ ਦੂਜੈ ਲਗੇ, ਤਿਨ੍ ਕੇ ਗੁਣ ਹਉ ਕਿਆ ਕਹਉ ॥ ਕਹਿਣ ਵਾਲਿਆਂ ਦੀਆਂ ਕਹਾਵਤਾਂ (ਮੂਹੋਂ ਆਖੀਆਂ ਗੱਲਾਂ; ਕਥਾ ਕਹਾਣੀਆਂ) ਤਾਂ ਸੁਣੀਆ ਹਨ (ਪਰ ਕਿਸੇ ਦੀ) ਰਹਿਣੀ ਨੂੰ ਦੇਖ ਕੇ (ਮੇਰਾ ਮਨ) ਖੁਸ਼ੀ ਵਿਚ ਨਹੀ ਆਇਆ (ਅੰਦਰੂਨੀ ਜੀਵਨ ਦੇਖ ਕੇ ਪਸੰਦ ਨਹੀ ਆਏ)। ਕਰਤਾਰ ਦੇ ਨਾਮ ਨੂੰ ਛਡ ਕੇ ਜਿਹੜੇ ਦੂਜੇ ਪਾਸੇ (ਮਾਇਆ ਦੇ ਪਿਆਰ; ਦੇਵੀ ਦੇਵਤਿਆਂ ਦੀ ਪੂਜਾ ਵਿਚ) ਲੱਗੇ ਹੋਏ ਹਨ, ਉਨ੍ਹਾਂ ਦੇ ਗੁਣ ਮੈਂ ਕੀ ਆਖਾਂ? (ਉਨ੍ਹਾਂ ਵਿਚ ਵਿਦਿਆ ਤਪ ਆਦਿ ਗੁਣ ਤਾਂ ਹੈ ਸਨ, ਪਰ ਨਾਮ ਹੀਣ ਹੋਣ ਕਰਕੇ ਇਹ ਗੁਣ ਹੰਕਾਰ ਨਾਲ ਮਿਲ ਕੇ ਔਗੁਣ ਬਣ ਗਏ)।

ਗੁਰੁ ਦਯਿ ਮਿਲਾਯਉ ਭਿਖਿਆ, ਜਿਵ ਤੂ ਰਖਹਿ ਤਿਵ ਰਹਉ ॥੨॥੨੦॥ ਭਿੱਖਾ ਆਖਦਾ ਹੈ, ਕਰਤਾਰ ਨੇ ਮੈਨੂੰ ਗੁਰੂ (ਅਮਰਦਾਸ ਜੀ) ਮਿਲਾ ਦਿਤੇ ਹਨ (ਅਤੇ ਹੇ ਗੁਰੂ ਅਮਰਦਾਸ ਜੀ! ਹੁਣ) ਤੁਸੀਂ ਜਿਵੇਂ ਮੈਨੂੰ ਰਖੋਗੇ, ਮੈਂ ਉਸੇ ਤਰ੍ਹਾਂ ਰਹਾਂਗਾ; ਜਿਵੇਂ ਤੁਸੀਂ ਮੈਨੂੰ ਰਖੋਂ, ਮੈਂ ਤਿਵੇਂ ਰਹਾਂ; (ਭਿੱਖਾ ਅਪਣੇ ਆਪ ਨੂੰ ਕਹਿੰਦਾ ਹੈ) ਹੇ ਭਿੱਖਾ! ਜਿਵੇਂ ਹੁਣ ਗੁਰੂ ਜੀ ਤੈਨੂੰ ਰਖਣ ਉਵੇਂ ਰਹਿ।੨।੨੦ ।

ਪਦਾਰਥ = ਰਹਿਓ–ਰਹਿ ਗਿਆ (ਥੱਕ ਗਿਆ); ਰਿਹਾ ਹਾਂ। ਹਉ–ਮੈਂ। ਟੋਲਿ–ਟੋਲਦਾ (ਲੱਭਦਾ)। ਬਹੁਤੇਰੇ–ਬਥੇਰੇ (ਬਹੁਤ)। ਡਿਠੇ–ਦੇਖੇ ਹਨ। ਤਪਸੀਅਹ–ਤਪੱਸਵੀ ਸਾਧੂ। ਮੁਖਹੁ–ਮੂੰਹੋਂ। ਏ–ਇਹ। ਬਰਸੁ–ਸਾਲ। ਕਿਨੈ–ਕਿਸੇ ਨੇ। ਨਹੁ–ਨਹੀ। ਪਰਚਉ–ਪ੍ਰੇਮ; ਤਸੱਲੀ; ਕੋਈ ਸਿੱਧੀ ਕਰਾਮਾਤ ਕਰਕੇ ਪਰਤੀਤ ਕਰਾ ਦੇਣ ਨੂੰ ਪਰਚਾ ਲਾਉਣਾ ਕਹਿੰਦੇ ਹਨ (ਸ਼ਬਦਾਰਥ) ਭਾਵ ਕਿਸੇ ਮਹਾਂ ਪੁਰਖ ਦੀ ਸਿਖਿਆ ਤੋਂ ਜੀਵਨ ਚ ਬਦਲਾਓ ਆਉਣਾ; ਕਰਾਮਾਤੀ ਚਮਤਕਾਰ (ਕਿਸੇ ਨੇ ਹੈਰਾਨ ਕਰਨ ਵਾਲੀ ਤਬਦੀਲੀ ਨਹੀਂ ਲਿਆਂਦੀ)। ।ਕਹਤਿਅਹ–ਕਹਿਣ ਵਾਲਿਆਂ ਦੀਆਂ। ਕਹਤੀ–ਕਹਿਣੀਆਂ (ਮੂਹੋਂ ਆਖੀਆਂ ਗਿਆਨ ਦੀਆਂ ਗੱਲਾਂ ਜਾਂ ਕਥਾ ਕਹਾਣੀਆਂ)। ਰਹਤ ਕੋ –ਰਹਿਣੀ (ਅੰਦਰੂਨੀ ਜੀਵਨ) ਨੂੰ। ਖੁਸੀ–ਪਸੰਦ; ਖੁਸ਼ੀ। ਦੂਜੈ–ਦ੍ਵੈਤ ਭਾਵ ਵਿਚ। ਤਿਨ੍ ਕੇ–ਉਨ੍ਹਾਂ ਦੇ। ਗੁਣ–ਔਗੁਣ; ਸੁਭਾਵ; ਆਦਤਾਂ ।ਦਯਿ–ਕਰਤਾਰ ਨੇ। ਭਿਖਿਆ–ਭਿੱਖਾ ਭੱਟ। ਜਿਵ–ਜਿਵੇਂ। ਤਿਵ–ਉਸੇ ਤਰ੍ਹਾਂ। ਰਹਉ–ਮੈਂ ਰਹਾਂਗਾ।੨।੨੦।

ਵਿਆਖਿਆ = ਸਾਧੂਆਂ ਦੇ ਬਾਹਰੀ ਭੇਖ ਨੂੰ ਦੇਖ ਕੇ ਕਈ ਭੁਲੇਖਾ ਖਾ ਜਾਂਦੇ ਹਨ। ਭਿਖਾ ਜੀ ਨੇ ਰੱਬ ਦੀ ਖੋਜ ਲਈ ਕਈ ਸਾਧੂਆਂ ਦੇ ਦੀਦਾਰ ਕੀਤੇ, ਕਈਆਂ ਤੋਂ ਗਿਆਨ ਦੀਆਂ ਗੱਲਾਂ ਸੁਣੀਆਂ ਪਰ ਤਸੱਲੀ ਨਾ ਹੋਈ। ਕਿਉਂਕਿ ਐਸੇ ਸਾਧੂ ਪ੍ਰਮਾਰਥ ਦੇ ਰਾਹ ਦੀ ਬਜਾਏ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਸਨ। ਸਭ ਤੋਂ ਨਿਰਾਸ ਹੋ ਕੇ ਹਰੀ ਅੱਗੇ ਅਰਦਾਸ ਕੀਤੀ ਕਿ ਕੋਈ ਪੂਰਾ ਗੁਰੂ ਮਿਲਾਵੋ। ਹਰੀ ਨੇ ਅਰਦਾਸ ਪ੍ਰਵਾਨ ਕੀਤੀ ਅਤੇ ਪ੍ਰੇਰ ਕੇ ਗੁਰੂ ਅਮਰਦਾਸ ਜੀ ਸ਼ਰਣ ਵਿਚ ਭੇਜਿਆ। ਗੁਰੂ ਜੀ ਅੱਗੇ ਆਪਾ ਸਮਰਪਣ ਕਰਦੇ ਹੋਏ ਬਿਨੈ ਕਰਦੇ ਹਨ ਕਿ ਹੁਣ ਜਿਵੇਂ ਮਰਜੀ ਰੱਖੋ, ਅਪਣਾ ਬਣਾ ਕੇ ਅਪਣੀ ਸੇਵਾ ਕਰਾਵੋ। ਗੁਰਬਾਣੀ ਵਿਚ ਸੱਚੇ ਸੁੱਚੇ ਜੀਵਨ ਵਾਲੇ ਸਾਧੂਆਂ ਦੀ ਪਹਿਚਾਨ ਦਸੀ ਹੈ। ਜਿਹੜਾ ਸੰਤ ਸਾਧੂ ਲੋਕਾਂ ਨੂੰ ਗੁਰੂ ਗ੍ਰੰਥ, ਗੁਰੂ ਪੰਥ ਅਤੇ ਕਰਤਾਰ ਨਾਲ ਜੋੜਦਾ ਹੈ, ਉਹ ਪ੍ਰਮਾਣੀਕ ਹੈ, ਜੋ ਗੁਰਮੱਤ ਗੁਰਬਾਣੀ ਤੋਂ ਵਖਰਾ ਰਸਤਾ ਚਲਾ ਕੇ ਅਪਣਾ ਤੋਰੀ ਫੁਲਕਾ ਚਲਾਉਂਦਾ ਹੈ, ਉਸਦੀ ਪੰਥ ਵਿਚ ਕੋਈ ਵੁੱਕਤ ਨਹੀ।

ਅਗਲਾ ਸਵੱਈਆ ਭੱਟ ਸਲ੍ਹ ਜੀ ਦਾ ਉਚਾਰਿਆ ਹੋਇਆ ਹੈ। ਇਸ ਲਈ ਅੰਕ ਬਦਲ ਗਿਆ ਹੈ।

ਪਹਿਰਿ ਸਮਾਧਿ ਸਨਾਹੁ, ਗਿਆਨਿ ਹੈ ਆਸਣਿ ਚੜਿਅਉ ॥ ਧ੍ਰੰਮ ਧਨਖੁ ਕਰ ਗਹਿਓ, ਭਗਤ ਸੀਲਹ ਸਰਿ ਲੜਿਓ ॥ (ਹੇ ਗੁਰੂ ਅਮਰਦਾਸ ਜੀ!) ਆਪ ਸਮਾਧੀ (ਇਕਾਗਰ ਬ੍ਰਿਤੀ) ਦੀ ਸੰਜੋ ਪਹਿਨ ਕੇ ਗਿਆਨ ਰੂਪ ਘੋੜੇ ਦੀ ਪਿਠ ਦੇ ਆਸਣ (ਕਾਠੀ) ਤੇ ਚੜ੍ਹੇ ਹੋਏ (ਸਵਾਰ) ਹੋ। (ਆਪ ਜੀ ਨੇ) ਧਰਮ ਦੀ ਕਮਾਨ (ਮਨ ਰੂਪ) ਹੱਥਾਂ ਵਿਚ ਫੜੀ ਹੈ ਅਤੇ ਭਗਤਾਂ ਵਾਲੇ ਸਾਊ ਸੁਭਾਵ ਜਾਂ ਭਗਤਾਂ ਦੀ ਫੌਜ ਅਤੇ ਸ਼ਾਂਤ ਸੁਭਾਵ) ਦੇ ਤੀਰ ਲੈ ਕੇ (ਕਾਮਾਦਿਕ ਵੈਰੀਆਂ ਨਾਲ) ਲੜੇ ਹੋ।

ਭੈ ਨਿਰਭਉ ਹਰਿ ਅਟਲੁ ਮਨਿ, ਸਬਦਿ ਗੁਰ ਨੇਜਾ ਗਡਿਓ ॥ (ਗੁਰੂ ਅਮਰਦਾਸ ਜੀ ਨੇ ਵੈਰੀਆਂ ਦੇ) ਭੈ ਤੋਂ ਨਿਰਭੈ ਕਰਨ ਵਾਲਾ ਹਰੀ ਦਾ ਨਾਮ ਦ੍ਰਿੜਤਾ ਨਾਲ ਮਨ ਵਿਚ ਧਾਰਿਆ ਹੈ, ਗੁਰੂ ਦੇ ਸ਼ਬਦ ਕਰਕੇ ਨੇਜਾ (ਮੈਦਾਨ ਵਿਚ) ਗੱਡਿਆ ਹੈ; ਵੈਰੀਆਂ ਦੇ ਭੈ ਤੋਂ ਨਿਰਭੈ ਕਰਨ ਵਾਲਾ ਹਰੀ ਦਾ ਨਾਮ (ਅਟਲ–ਅਟਾਲ) ਕਿਲਾ ਹੈ (ਮ. ਕੋ.)।

ਕਾਮ ਕ੍ਰੋਧ ਲੋਭ ਮੋਹ ਅਪਤੁ ,ਪੰਚ ਦੂਤ ਬਿਖੰਡਿਓ ॥ (ਇਸ ਜੰਗ ਵਿਚ ਗੁਰੂ ਜੀ ਨੇ) ਕਾਮ ਕ੍ਰੋਧ ਲੋਭ ਮੋਹ ਅਤੇ ਅਪਣੱਤ (ਆਪਾ ਭਾਵ ; ਹੰਕਾਰ, ਇਨ੍ਹਾਂ) ਪੰਜ ਦੂਤਾਂ ਨੂੰ ਵਿਸ਼ੇਸ ਕਰਕੇ ਨਾਸ਼ ਕੀਤਾ ਹੈ।

ਭਲਉ ਭੂਹਾਲੁ ਤੇਜੋ ਤਨਾ, ਨ੍ਰਿਪਤਿ ਨਾਥੁ ਨਾਨਕ ਬਰਿ ॥ ਹੇ ਭੱਲਿਆਂ ਦੀ ਕੁਲ ਦੇ ਰਾਜੇ (ਸ੍ਰੋਮਣੀ ਅਤੇ) ਤੇਜ ਭਾਨ ਜੀ ਦੇ ਪੁਤ੍ਰ (ਗੁਰੂ ਅਮਰਦਾਸ ਜੀ)! ਆਪ ਜੀ ਗੁਰੂ ਨਾਨਕ ਦੇਵ ਜੀ ਦੇ ਬਰ ਨਾਲ ਰਾਜਿਆਂ ਦੇ ਰਾਜੇ ਬਣੇ ਹੋ; ਭੱਲੇ ਕੁੱਲ ਦੇ ਤੇਜ ਭਾਨ ਜੀ ਦੇ ਪੁਤ੍ਰ ਗੁਰੂ ਅਮਰਦਾਸ ਜੀ ਪਾਤਸ਼ਾਹ ਹਨ, ਪਾਤਸ਼ਾਹਾਂ ਦੇ ਮਾਲਕ ਗੁਰੂ ਨਾਨਕ ਦੇਵ ਜੀ ਦੇ ਵਰ ਨਾਲ (ਪਾਤਸ਼ਾਹ ਬਣੇ ਹਨ) {ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ ਦੈ ੯੬੬}।

ਗੁਰ ਅਮਰਦਾਸ ਸਚੁ ਸਲ੍ਯ ਭਣਿ, ਤੈ ਦਲੁ ਜਿਤਉ ਇਵ ਜੁਧੁ ਕਰਿ ॥੧॥੨੧॥ (ਭੱਟ) ਸਲ੍ਯ ਜੀ ਸੱਚ (ਬਚਨ) ਕਹਿੰਦੇ ਹਨ ਕਿ ਹੇ ਗੁਰੂ ਅਮਰਦਾਸ ਜੀ! ਤੁਸੀਂ ਇਸ ਤਰ੍ਹਾਂ ਜੁੱਧ ਕਰਕੇ (ਕਾਮਾਦਿਕ ਵੈਰੀਆਂ) ਦੀ ਫੌਜ ਨੂੰ ਜਿਤਿਆ ਹੈ।੧।੨੧।

ਪਦਾਰਥ = ਪਹਿਰਿ-ਪਹਿਨ ਕੇ।ਸਮਾਧਿ-ਇਕਾਗਰ ਬ੍ਰਿਤੀ (ਧਿਆਨ ਵਿਚ ਜੁੜਨਾ)।ਸਨਾਹੁ-ਸੰਜੋ (ਲੋਹੇ ਦੀਆਂ ਜੰਜੀਰਾਂ ਦਾ ਬਣਿਆ ਕੁੜਤਾ ਜੋ ਸ਼ਸਤ੍ਰ ਆਦਿ ਦੇ ਘਾਓ ਤੋਂ ਬਚਾਉਂਦਾ ਹੈ)।ਹੈ-ਘੋੜਾ।ਆਸਣਿ-(ਘੋੜੇ ਦੀ ਪਿੱਠ ਉਤੇ) ਆਸਣ; ਕਾਠੀ।ਧ੍ਰੰਮ ਧਨਖੁ-ਧਰਮ ਦੀ ਕਮਾਨ।ਕਰ-ਹੱਥ।ਗਹਿਓ-ਫੜੀ ਹੈ।ਭਗਤ ਸੀਲਹ-ਭਗਤਾਂ ਵਰਗੇ ਸ਼ਾਂਤ ਸੁਭਾਵ ਰੂਪ; ਭਗਤਾਂ ਦੀ ਫੌਜ ਅਤੇ ਸਾਊ ਸੁਭਾਵ।ਸਰਿ-ਤੀਰ ਲੈ ਕੇ।ਭੈ ਨਿਰਭਉ-ਦੁਸ਼ਮਣਾਂ ਦੇ ਭੈ ਤੋਂ ਨਿਰਭੈ ਕਰਨ ਵਾਲਾ।ਅਟਲੁ ਮਨਿ-ਦ੍ਰਿੜਤਾ ਨਾਲ ਮਨ ਵਿਚ ਧਾਰਿਆ ਹੈ (ਮ. ਕੋ. ਨੇ ਅਟਲੁ-ਅਟਾਲ ਦਾ ਅਰਥ ਕਿਲਾ ਕੀਤਾ ਹੈ); ਆਮ ਵਿਦਵਾਨਾਂ ਨੇ ਅਟਲੱ ਦਾ ਸਬੰਧ ਨੇਜਾ ਨਾਲ ਕਰਕੇ ਅਰਥ ਕੀਤਾ ਹੈਃ- ਪੱਕਾ ਝੰਡਾ ਗੱਡ ਦਿਤਾ; ਜੁੱਧ ਵਿਚ ਨਾ ਹਿਲਣ ਵਾਲਾ ਨੇਜਾ (ਝੰਡਾ) ਗੱਡਿਆ ਹੈ)।ਅਪਤੁ-(ਅਪੱਤ ਨਹੀ ਪੜ੍ਹਨਾ) ਅਪਣੱਤ; ਆਪਾ ਭਾਵ; ਹੰਕਾਰ।ਪੰਜ ਦੂਤ-ਕਾਮ ਕ੍ਰੋਧ ਲੋਭ ਮੋਹ ਅਤੇ ਹੰਕਾਰ।ਬਿਖੰਡਿਓ-ਵਿਸ਼ੇਸ਼ ਕਰਕੇ ਨਾਸ਼ ਕੀਤਾ; ਬੁਰੀ ਤਰ੍ਹਾਂ ਟੁਕੜੇ ਟੁਕੜੇ ਕਰ ਦਿਤੇ।ਭਲਉ-ਭੱਲਾ ਖਾਨਦਾਨ।ਭੂਹਾਲੁ-ਰਾਜਾ।ਤੇਜੋ ਤਨਾ-ਤੇਜ ਭਾਨ ਦੇ ਪੁਤ੍ਰ (ਗੁਰੂ ਅਮਰਦਾਸ ਜੀ)।ਨ੍ਰਿਪਤਿ ਨਾਥ-ਰਾਜਿਆਂ ਦੇ ਸੁਆਮੀ (ਰਾਜੇ)।ਬਰਿ-ਬਰ ਨਾਲ।ਸਲ੍ਯ-ਸਲ੍ਯ ਭੱਟ।ਭਣਿ-ਕਹਿੰਦਾ ਹੈ।ਤੈ-ਤੈਂ (ਤੁਸੀਂ)।ਦਲੁ-ਫੌਜ।ਜਿਤਉ-ਜਿੱਤਿਆ ਹੈ।ਇਵ-ਇਸ ਤਰ੍ਹਾਂ।੧।੨੧।

ਵਿਆਖਿਆ = ਇਕ ਰਾਜੇ ਵੱਲੋਂ ਕੀਤੇ ਜਾਂਦੇ ਜੁੱਧ ਦੇ ਰੂਪਕ ਦੁਆਰਾ ਸੱਲ੍ਯ ਜੀ ਗੁਰੂ ਅਮਰ ਦਾਸ ਜੀ ਦਾ ਜਸ ਕਰਦੇ ਹਨ।ਰਾਜਿਆਂ ਦੇ ਰਾਜੇ ਗੁਰੂ ਨਾਨਕ ਦੇਵ ਜੀ ਦਾ ਰਾਜ ਆਪ ਜੀ ਨੂੰ ਮਿਲਿਆ।ਜੁਧ ਵਿਚ ਜਿਸ ਸਮਾਨ ਅਤੇ ਹਥਿਆਰਾਂ ਦੀ ਲੋੜ ਪੈਂਦੀ ਹੈ, ਉਸਦਾ ਕਵੀ ਜੀ ਨੇ ਬੜੇ ਸੁੰਦਰ ਢੰਗ ਨਾਲ ਵਰਨਣ ਕੀਤਾ ਹੈ।ਇਸ ਜੁੱਧ ਵਿਚ ਆਸੁਰੀ ਸੰਪਦਾ ਆਦਿ ਉਤੇ ਗੁਰੂ ਜੀ ਨੇ ਸ਼ਾਨਦਾਰ ਜਿਤ ਹਾਸਲ ਕੀਤੀ ਹੈ।ਜਦ ਚਿੱਤ ਨਾਮ ਵਿਚ ਜੁੜਦਾ ਹੈ ਤਾਂ ਵਿਕਾਰ ਰੂਪ ਵੈਰੀਆਂ ਦਾ ਹਮਲਾ ਸਫਲ ਨਹੀ ਹੁੰਦਾ।ਗਿਆਨ ਰੂਪ ਘੋੜੇ ਤੇ ਸਵਾਰ ਹੋ ਕੇ ਅਗਿਆਨਤਾ ਦਾ ਸਫਰ ਮੁਕਾ ਕੇ ਅਪਣੇ ਅਸਲੀ ਮੁਕਾਮ ਤੇ ਪਹੁੰਚ ਜਾਂਦਾ ਹੈ।ਜੁੱਧ ਵਿਚ ਖੜਾ ਸੂਰਮਾ ਦੁਸ਼ਮਣਾਂ ਤੋਂ ਡਰ ਜਾਵੇ ਤਾਂ ਉਹ ਹੌਸਲਾ ਹਾਰ ਜਾਂਦਾ ਹੈ ਤੇ ਜਿਤ ਨਹੀ ਸਕਦਾ।ਪਰ ਗੁਰੂ ਜੀ ਵੈਰੀਆਂ ਦੇ ਡਰ ਤੋਂ ਰਹਿਤ ਹਨ, ਕਿਉਂਕਿ ਆਪ ਦੇ ਮਨ ਵਿਚ ਨਿਰਭਉ ਕਰਤਾਰ ਵਸਦਾ ਹੈ {ਨਿਰਭਉ ਜਪੈ ਸਗਲ ਭਉ ਮਿਟੈ ੨੯੩; ਬਿਚਰਤੇ ਨਿਰਭਯੰ ਸਤ੍ਰੁ ਸੈਨਾ, ਧਾਯੰਤੇ ਗੋਪਾਲ ਕੀਰਤਨਹ ੧੩੫੬} ਆਪ ਜੀ ਨੇ ਮਨ ਰੂਪ ਮੈਦਾਨ ਵਿਚ ਗੁਰ ਸ਼ਬਦ ਦਾ ਅਹਿੱਲ ਨੇਜਾ ਗੱਡਿਆ ਹੈ, ਜਿਸ ਦੇ ਪ੍ਰਤਾਪ ਨਾਲ ਪੰਜਾਂ ਦੁਸ਼ਮਣਾਂ ਦਾ ਨਾਸ਼ ਕਰ ਦਿਤਾ ਭਾਵ ਐਸੀ ਹਾਰ ਦਿਤੀ ਕਿ ਮੁੜ ਲੜਨ ਯੋਗ ਨਹੀਂ ਰਹੇ ਅਤੇ ਜਿਤ ਪਾ ਕੇ ਆਤਮ ਰਾਜ ਦੇ ਸੱਚੇ ਪਾਤਸ਼ਾਹ ਸਦਾ ਹੀ ਅਨੰਦ ਸਹਿਤ ਬਿਰਾਜ ਰਹੇ ਹਨ।੧।੨੧। ਅਗਲਾ ਸਵੱਯਾ ਭਲ੍ਯ ਭੱਟ ਦਾ ਹੈ।ਇਸ ਲਈ ਅੰਕ ਬਦਲ ਗਿਆ।

ਘਨਹਰ ਬੂੰਦ ਬਸੁਅ ਰੋਮਾਵਲਿ, ਕੁਸਮ ਬਸੰਤ ਗਨੰਤ ਨ ਆਵੈ ॥ ਰਵਿ ਸਸਿ ਕਿਰਣਿ ਉਦਰੁ ਸਾਗਰ ਕੋ, ਗੰਗ ਤਰੰਗ ਅੰਤੁ ਕੋ ਪਾਵੈ ॥ (ਜਿਵੇਂ) ਬੱਦਲ ਦੀਆਂ ਕਿਣੀਆਂ, ਧਰਤੀ ਦੀ ਬਨਸਪਤੀ ਅਤੇ ਬਸੰਤ ਦੇ (ਬਹੁਤ ਤਰ੍ਹਾਂ ਦੇ) ਫੁੱਲਾਂ ਨੂੰ ਗਿਣਦਿਆਂ ਅੰਤ ਨਹੀਂ ਆਉਂਦਾ।ਸੂਰਜ ਅਤੇ ਚੰਦ ਦੀਆਂ ਕਿਰਣਾਂ ਦਾ, ਸਮੁੰਦਰ ਦੇ ਪੇਟ ਦਾ ਅਤੇ ਗੰਗਾ ਦੀਆਂ ਲਹਿਰਾਂ ਦਾ ਅੰਤ ਕੌਣ ਪਾ ਸਕਦਾ ਹੈ?

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ, ਕਬਿ ਜਨ ਭਲ੍ਯ ਉਨਹ ਜੋ ਗਾਵੈ ॥ ਸ਼ਿਵ ਜੀ ਦੇ ਧਿਆਨ ਅਤੇ ਸੱਤਗੁਰੂ ਦੇ ਗਿਆਨ (ਦਾ ਅੰਤ ਨਹੀ); ਸ਼ਿਵ ਜੀ ਵਾਂਙ ਧਿਆਨ ਲਾ ਕੇ ਅਤੇ ਸੱਤਗੁਰਾਂ ਦੇ (ਬਖਸ਼ੇ) ਗਿਆਨ ਨਾਲ, ਹੇ ਭਲ੍ਯ ਕਵੀ ਉਨ੍ਹਾਂ (ਉਪਰ ਦੱਸੇ ਬਦੱਲ ਦੀਆਂ ਕਣੀਆਂ, ਧਰਤੀ ਤੇ ਉਗੀ ਬਨਸਪਤੀ, ਬਸੰਤ ਰੁੱਤ ਦੇ ਭਾਂਤ ਭਾਂਤ ਦੇ ਫੱਲਾਂ, ਸੂਰਜ ਚੰਦ ਦੀਆਂ ਕਿਰਣਾਂ, ਸਾਗਰ ਦਾ ਪਾਣੀ, ਗੰਗਾ ਦੀਆਂ ਤਰੰਗਾਂ ਆਦਿ ਨੂੰ ਬੇਸ਼ੱਕ) ਜੇ ਕੋਈ ਦੱਸ ਸਕੇ (ਤਾਂ ਸ਼ਾਇਦ ਦੱਸ ਸਕੇ)।

ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥ ਭੱਲਿਆਂ ਦੀ ਕੁਲ ਵਿਚ ਪ੍ਰਗਟੇ ਹੇ ਗੁਰੂ ਅਮਰਦਾਸ ਜੀ! (ਪਰ) ਆਪ ਜੀ ਦੇ ਗੁਣ ਬੇਅੰਤ ਹਨ (ਗਿਣੇ ਨਹੀਂ ਜਾ ਸਕਦੇ, ਇਸ ਲਈ) ਆਪ ਜੀ ਦੀ ਉਪਮਾ ਆਪ ਜੀ ਨੂੰ ਹੀ ਬਣ ਆਉਂਦੀ (ਫਬਦੀ) ਹੈ (ਹੋਰ ਕਿਸੇ ਨਾਲ ਆਪ ਜੀ ਨੂੰ ਉਮਪਾ ਦਿਤੀ ਨਹੀ ਜਾ ਸਕਦੀ ਕਿਉਂਕਿ ਆਪ ਜੀ ਵਰਗਾ ਹੋਰ ਕੋਈ ਹੈ ਹੀ ਨਹੀਂ।੧।੨੨। ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ।(ਰਵਿਦਾਸ ਜੀ, ਅੰਗ ੮੫੮)।

ਪਦਾਰਥ = ਘਨਹਰ-ਬੱਦਲ।ਬੂੰਦ-ਕਿਣੀਆਂ; ਬੂੰਦਾਂ।ਬਸੁਅ-(ਬਸੂਆ ਨਹੀਂ ਬੋਲਣਾ) ਬਸੁਧਾ, ਧਰਤੀ; ਬਰਸਾਤ; ਵਰਸਣਾ। ਰੋਮਾਵਲਿ-ਰੋਮਾਂ ਦੀਆਂ ਲੜੀਆਂ ਭਾਵ ਬਨਸਪਤੀ।ਕੁਸਮ ਬਸੰਤ-ਬਸੰਤ ਰੁੱਤ ਦੇ ਫੁੱਲਾਂ ਦੀ।ਗਨੰਤ-ਗਿਣਤੀ ਕਰਦਿਆਂ।ਰਵਿ-ਸੂਰਜ

।ਸਸਿ–ਚੰਦ।ਉਦਰੁ ਸਾਗਰ ਕੋ–ਸਮੁੰਦਰ ਦੇ ਪੇਟ ਦਾ।ਕੋ–ਕੌਣ; ਕੋਈ।ਰੁਦ੍ਰ–ਸ਼ਿਵ ਜੀ।ਕਬਿ ਜਨ–ਕਵੀ।ਭਲ੍ਯ–ਭੱਟ ਦਾ ਨਾਮ। ਉਨਹ–ਉਨ੍ਹਾਂ ਨੂੰ (ਉਪਰ ਕਥਨ ਕੀਤੇ ਹੋਇਆਂ ਨੂੰ)।ਗਾਵੈ–ਗਾ (ਦੱਸ) ਸਕੇ।ਭਲੇ–(ਭੱਲੇ ਬੋਲੋ) ਗੁਰੂ ਅਮਰਦਾਸ ਜੀ ਦਾ ਖਾਨਦਾਨੀ ਨਾਮ।ਤੋਹਿ–ਤੈਨੂੰ ਹੀ।ਬਨਿ ਆਵੈ–ਬਣ ਆਉਂਦੀ (ਫਬਦੀ) ਹੈ।੧।੨੨।

ਭੱਟ ਕਲ ਸਹਾਰ ਦੇ ੯, ਜਾਲਪ ਦੇ ੫, ਕੀਰਤ ਦੇ ੪, ਭਿਖੇ ਦੇ ੨, ਸੱਲ੍ਹ ਦਾ ੧, ਭੱਲ੍ਹ ਦਾ ੧ = ਕੁੱਲ ਜੋੜ ੨੨ ਸਵੱਯੇ ਸ੍ਰੀ ਗੁਰੂ ਅਮਰਦਾਸ ਜੀ ਦੀ ਉਸਤਤ ਵਿਚ ਭੱਟਾਂ ਨੇ ਉਚਾਰੇ ਹੋਏ ਹਨ।ਹੁਣ ਤਕ ਸਾਰੇ ਸਵੱਈਆਂ ਦੀ ਗਿਣਤੀ ॥

ਸ੍ਰੀ ਮੁਖਬਾਕ੍ਯ ਮਹਲਾ ੫ ਦੇ ਸਵਯੇ ੯+੧੧ = ੨੦ ਅਤੇ ਮਹਲੇ ਪਹਿਲੇ ਕੇ ੧੦, ਮਹਲੇ ਦੂਜੇ ਕੇ ੧੦, ਮਹਲੇ ਤੀਜੇ ਕੇ ੨੨ (ਸਾਰੇ ਸਵਯਾਂ ਦੀ ਹੁਣ ਤਕ ਕੁਲ ਗਿਣਤੀ ੬੨ ਹੈ।

ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥ ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥ ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥ (੩੧੩)

ਹੇ ਗੁਰੂ ਪਾਤਸ਼ਾਹ! ਭੱਟ ਕਵੀਆਂ ਨੇ ਬਹੁਤ ਪਿਆਰ ਸ਼ਰਧਾ ਸਹਿਤ ਆਪ ਜੀ ਦੀ ਉਸਤਤੀ ਕੀਤੀ ਹੈ।ਭੱਟਾਂ ਦੇ ਉਚਾਰੇ ਹੋਏ ਸਵੱਈਆਂ ਦੇ ਅਰਥ ਭਾਵ ਤੁਹਾਡੀ ਬਖਸੀ ਤੁੱਛ ਜਿਹੀ ਬੁੱਧੀ ਅਨੁਸਾਰ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।ਮੇਰੇ ਸ਼ਹਿਨਸ਼ਾਹ, ਹੇ ਗੁਰੂਆਂ ਦੇ ਗੁਰੂ ਪਾਤਸ਼ਾਹ! ਤੂੰ ਸਮਰੱਥ ਹੈਂ, ਮੇਰੀ ਬੁੱਧੀ ਬਹੁਤ ਥੋੜੀ ਹੈ। ਅਰਥ ਭਾਵ ਲਿਖਦਿਆਂ ਬਹੁਤ ਹੀ ਭੁੱਲਾਂ ਹੋਈਆਂ ਹੋਣਗੀਆਂ, ਦਾਸ ਨੂੰ ਅਪਣੇ ਚਰਨਾਂ ਦੀ ਧੂੜ ਦੇ ਨਿੱਕੇ ਜਿਹੇ ਕਿਣਕੇ ਦੀ ਨਿਆਈਂ ਸਮਝ ਕੇ ਮੁਆਫ ਕਰ ਦੇਣਾ ਜੀ।ਜੋ ਅਰਥ ਭਾਵ ਅਜੇ ਲਿਖਣੇ ਰਹਿੰਦੇ ਹਨ, ਉਨ੍ਹਾਂ ਨੂੰ ਸੰਪੂਰਨ ਕਰਨ ਦੀ ਬੁੱਧੀ ਤੇ ਬਲ ਬਖਸ਼ਣਾ ਜੀ।ਆਪ ਦਾ ਕੋਟਾਨ ਕੋਟ ਧੰਨਵਾਦ।

ਭੁੱਲ ਚੁੱਕ ਲਈ ਖਿਮਾ ਦਾ ਜਾਚਕਃ– ਦਾਸਨਿਦਾਸ ਹਰਜਿੰਦਰ ਸਿੰਘ ਗਿਆਨੀ

(8 DEC.2008) 11.45 P.M.